INTERNATIONAL MAGAZINE

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

*Monthly Issue "Atam Marg"*

ਜੂਨ (June) 2014

# ਆਤਮ ਮਾਰਗ



ਧਨ ਧਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ

# ਆਤਮ ਮਾਰਗ

ਸਾਲ ਵੀਹਵਾਂ, ਮਹੀਨਾ ਜੂਨ, 2014

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਬਾਨੀ

ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ



| | |
|---|---|
| ਚੇਅਰਮੈਨ | ਐਡੀਟਰ-ਇਨ-ਚੀਫ |
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਮੁੱਖ ਐਡੀਟਰ |
| ਭਾਈ ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |
| | ਫੋਨ ਨੰ: - 9779816909 |



Postal Address for any Enquiry, Money Order, Cheque and drafts :

**VISHAV GURMAT ROOHANI MISSION CHARITABLE TRUST**

**Gurdwara Ishar Parkash, Ratwara Sahib**

(Near Chandigarh) P.o. Mullanpur Garibdas, Teh. Kharar, Distt. S.A.S Nagar (Mohali) - 140901, Pb. India



Exemption U/S 80-G vide Cir. No. 7/2010 [F.No. 197/21/2010-ITA-II]

Registration Under Foreign Contribution (Regulation) Act 1976 R.No.115320023


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

**SUBSCRIPTION FOREIGN (ਵਿਦੇਸ਼)**

| ਸਾਲਾਨਾ | ਜੀਵਨ ਕਾਲ |
|---|---|
| $ 50/- | $ 500/- |


**Please visit us on internet at**

Email : atammarg1@yahoo.co.in,
http:# www.ratwarasahib.org
http:# www.babalakhbirsinghbalongi.org

**ਵਿਸ਼ੇਸ਼ ਸੰਪਰਕ ਨੰਬਰ**

98146-12900, 94172-14382, 94172-14381,

96461-01996, 98889-10777,

9417214384, 9417214383



ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ - ਐਸ. ਏ. ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਮੈਗਜ਼ੀਨ ਨਾ ਪਹੁੰਚਣ ਸੰਬੰਧੀ ਪੁੱਛਗਿੱਛ

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜੀਨ ਨਹੀਂ ਪਹੁੰਚਦਾ ਤਾਂ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 6.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 9417214391, 9592009106, 9417214379

Email : atammarg1@yahoo.co.in

ਅਮਰੀਕਾ - ਬਾਬਾ ਸਤਨਾਮ ਸਿੰਘ ਅਟਵਾਲ
ਫੋਨ ਅਤੇ ਫੈਕਸ : 001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂੰ, ਵੈਨਕੂਵਰ
ਫੋਨ : 001-604-433-0408
ਭਾਈ ਪਰਮਜੀਤ ਸਿੰਘ ਸੰਧੂ - ਮੋਬਾਇਲ 001-7788389135
ਭਾਈ ਤਰਸੇਮ ਸਿੰਘ ਬੈਂਸ - ਮੋਬਾਇਲ 001-604-862-9525
ਫੋਨ : 001-604-288-5000

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
ਫੋਨ : 0044-121-200-2818 ਫੈਕਸ : 0044-121-200-2879,
ਭਾਈ ਅਰਵਿੰਦਰ ਸਿੰਘ (ਰਾਜ) ਮੋਬਾਇਲ : 0044-7968734058

ਆਸਟਰੇਲੀਆ : ਬੀਬੀ ਜਸਪ੍ਰੀਤ ਕੌਰ : ਮੋਬਾਇਲ - 0061-406619858
ਭਾਈ ਗੁਰਿੰਦਰ ਸਿੰਘ : ਮੋਬਾਇਲ - 0061-469927233

## ਸੰਸਥਾ ਦੇ ਅਦਾਰੇ - ਸੰਪਰਕ ਨੰਬਰ

* ਆਤਮ ਮਾਰਗ ਮੈਗਜ਼ੀਨ (ਪੰਜਾਬੀ, ਹਿੰਦੀ, ਅੰਗ੍ਰੇਜ਼ੀ)
9417214391, 9417214379. 9814612900

* ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE) - 0160-2255003

* ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB) ਇੰਗਲਿਸ਼ ਮਾਧਿਅਮ- 95920-55581

* ਸੰਤ ਵਰਿਆਮ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ
9814801860

* ਮਾਤਾ ਰਣਜੀਤ ਕੌਰ ਕਾਲਜ ਆਫ ਨਰਸਿੰਗ -
94172-14382

* ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐੱਡ)
94172-14382

* ਸੰਤ ਵਰਿਆਮ ਸਿੰਘ ਅਕਾਲ ਬਿਰਧ ਆਸ਼ਰਮ (ਫਰੀ)
98146-12900, 98157-28220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009

ਸ੍ਰੀ ਅਖੰਡਪਾਠ ਸਾਹਿਬ ਸੇਵਾ- 94172-14386

ਆਡੀਓ-ਵੀਡੀਓ ਲਾਇਬ੍ਰੇਰੀ - 98728-14385, 98555-28517,94172-14385

# ਤੱਤਕਰਾ


| | | |
|---|---|---|
| 1. | ਸੰਪਾਦਕੀ | 4 |
| | *ਡਾ. ਜਗਜੀਤ ਸਿੰਘ* | |
| 2. | ਬਾਰਹਮਾਹਾ | 5 |
| | *ਡਾ. ਜਗਜੀਤ ਸਿੰਘ* | |
| 3. | ਜਪ੍ਉ ਜਿਨ੍ ਅਰਜੁਨ ਦੇਵ ਗੁਰੂ ........॥ | 11 |
| | *ਸੰਤ ਵਰਿਆਮ ਸਿੰਘ ਜੀ* | |
| 4. | ਮਤੁ ਦੇਖਿ ਭੂਲਾ ਵੀਸਰੈ..........॥ | 21 |
| | *ਸੰਤ ਵਰਿਆਮ ਸਿੰਘ ਜੀ* | |
| 5. | ਗੁਰੂ ਅਰਜਨ ਦੇਵ ਜੀ - ਜਾਮੇ ਸ਼ਹਾਦਤ | 25 |
| | *ਡਾ. ਭਾਈ ਵੀਰ ਸਿੰਘ ਜੀ* | |
| 6. | ਸੰਤ ਬਚਨ | 42 |
| | *ਸੰਤ ਵਰਿਆਮ ਸਿੰਘ ਜੀ* | |
| 7. | ਮੀਰੀ ਪੀਰੀ ਆਦਰਸ਼ | 49 |
| | *ਡਾ. ਜਗਜੀਤ ਸਿੰਘ* | |
| 8. | ਸਟੀਕ (ਸ੍ਰੀ ਜਪੁਜੀ ਸਾਹਿਬ) | 51 |
| | *ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ* | |
| 9. | ਚੌਥੇ ਰਤਨ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ | 56 |
| | *ਗਿਆਨੀ ਮੇਹਰ ਸਿੰਘ ਜੀ* | |
| 10. | ਬਾਲਮ ਸਾਖੀਆਂ ਸ੍ਰੀ ਗੁਰੂ ਨਾਨਕ ਦੇਵ ਜੀ | 60 |
| | *ਡਾ. ਭਾਈ ਵੀਰ ਸਿੰਘ ਜੀ* | |
| 11. | ਉਤਸ਼ਾਹ ਭਰਪੂਰ ਸਹਿਜ ਮਾਰਗ-ਭਾਗ 2 | 62 |
| | *ਡਾ. ਸਵਾਮੀ ਰਾਮ ਜੀ* | |

# ਸੰਪਾਦਕੀ

ਜੂਨ ਦਾ ਮਹੀਨਾ, ਵਿਸ਼ੇਸ਼ ਤੌਰ ਤੇ, ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਸਮਰਪਣ ਹੈ। ਪੰਚਮ ਪਾਤਸ਼ਾਹ ਦੀ ਸ਼ਹਾਦਤ ਨੇ ਸਿੱਖ ਲਹਿਰ ਨੂੰ ਇਕ ਨਵਾਂ ਮੋੜ ਦਿਤਾ। ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੇ ਭਲੇ ਲਈ ਨਿਰਮਲ ਪੰਥ ਚਲਾਇਆ। ਰੱਬ ਦੀ ਬੰਦਗੀ, ਨਾਮ-ਸਿਮਰਨ, ਸੇਵਾ, ਮਨੁੱਖੀ ਭਾਈਚਾਰੇ ਦੀ ਬਰਾਬਰੀ, ਨਿਆਂ, ਦਇਆ, ਪਰਉਪਕਾਰ, ਦਸਾਂ ਨਹੁੰਆਂ ਦੀ ਘਾਲ ਅਤੇ ਵੰਡ ਛਕਣਾ ਜਿਸ ਦੇ ਮੁੱਢਲੇ ਅਸੂਲ ਸਨ। ਨਿਰਭਉ ਨਿਰਵੈਰ ਪ੍ਰਮਾਤਮਾ ਦੀ ਬੰਦਗੀ ਵਿਚ ਜੋੜ ਕੇ ਨਿਰਭਉ ਨਿਰਵੈਰ ਸਮਾਜ ਦੀ ਸਥਾਪਨਾ ਕੀਤੀ ਜੋ ਹਰ ਤਰ੍ਹਾਂ ਦੇ ਰਸਮੀ, ਬੇਲੋੜੇ ਰੀਤੀ ਰਿਵਾਜਾਂ, ਭਰਮਾਂ, ਵਹਿਮਾਂ ਤੋਂ ਮੁਕਤ ਸੀ। ਧਰਮ ਦਾ ਪਾਖੰਡ ਜਾਲ ਤੋੜਿਆ, ਅਖੌਤੀ ਧਾਰਮਿਕ ਆਗੂਆਂ ਦੀ ਅਸਲੀਅਤ ਦੱਸ ਕੇ ਲੋਕਾਂ ਨੂੰ ਉਨ੍ਹਾਂ ਦੇ ਭੈ ਜਾਲ ਤੋਂ ਮੁਕਤ ਕੀਤਾ। ਕਾਜ਼ੀ, ਬ੍ਰਾਹਮਣ ਅਤੇ ਯੋਗੀ ਤਿੰਨੇ ਹੀ ਵੱਖ-ਵੱਖ ਧਰਮਾਂ ਦੇ ਕਰਮ-ਕਾਂਡੀ ਪਾਖੰਡੀ ਆਗੂ ਸਨ ਜੋ ਬਰਬਾਦੀ ਦਾ ਮੂਲ ਕਾਰਨ ਸਨ। ਗੁਰੂ ਜੀ ਦਾ ਫੁਰਮਾਨ ਹੈ -

*ਕਾਦੀ ਕੂੜੁ ਬੋਲਿ ਮਲੁ ਖਾਇ॥*
*ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥*
*ਤੀਨੇ ਓਜਾੜੇ ਕਾ ਬੰਧੁ॥* *ਅੰਗ - ੬੬੨*

ਗੁਰੂ ਮਹਾਰਾਜ ਨੇ ਲੋਕਾਂ ਵਿਚੋਂ ਛੂਤ-ਛਾਤ, ਜਾਤ-ਪਾਤ, ਊਚ-ਨੀਚ, ਅਮੀਰੀ ਗਰੀਬੀ ਦੀਆਂ ਵੰਡਾਂ ਦੂਰ ਕਰਕੇ ਇਕ ਸੰਗਤ ਅਤੇ ਇਕ ਪੰਗਤ ਕਾਇਮ ਕਰਕੇ ਮਨੁੱਖੀ ਭਾਈਚਾਰੇ ਨੂੰ ਪਿਆਰ ਅਤੇ ਸੁਹਿਰਦਤਾ ਦੇ ਘੇਰੇ ਵਿਚ ਲਿਆਂਦਾ। ਰਾਜਸੀ ਖੇਤਰ ਵਿਚ ਜ਼ੁਲਮ ਕਰਨ ਵਾਲੇ ਰਾਜਿਆਂ ਨੂੰ ਸ਼ੀਂਹ (ਸ਼ੇਰ) ਅਤੇ ਅਹਿਲਕਾਰਾਂ (ਮੁਕੱਦਮ) ਨੂੰ ਕੁੱਤੇ ਕਹਿ ਕੇ ਉਨ੍ਹਾਂ ਦੇ ਨੀਵੇਂ ਕਿਰਦਾਰ ਨੂੰ ਲੋਕਾਂ ਸਾਮ੍ਹਣੇ ਲਿਆਂਦਾ। ਇਸ ਤਰ੍ਹਾਂ ਦੁਖੀ, ਨਿਮਾਣੀ, ਨਿਤਾਣੀ ਲੋਕਾਈ ਨੂੰ ਨਵਾਂ ਸਾਹਸ, ਨਵਾਂ ਬਲ, ਨਵਾਂ ਜੀਵਨ ਮਿਲਿਆ ਅਤੇ ਆਮ ਲੋਕ ਗੁਰੂ ਘਰ ਨਾਲ ਜੁੜਨੇ ਸ਼ੁਰੂ ਹੋ ਗਏ। ਇਹ ਸਿਲਸਿਲਾ ਗੁਰੂ ਅਰਜਨ ਦੇਵ, ਪੰਚਮ ਪਾਤਸ਼ਾਹ ਤਕ ਨਿਰਵਿਘਨ ਚਲਦਾ ਰਿਹਾ। ਕਰਤਾਰਪੁਰ ਸਾਹਿਬ, ਗੋਇੰਦਵਾਲ ਸਾਹਿਬ, ਰਾਮਦਾਸ ਚੱਕ (ਅੰਮ੍ਰਿਤਸਰ), ਤਰਨਤਾਰਨ ਸਾਹਿਬ, ਕਈਂ ਅਸਥਾਨ ਸਿੱਖੀ ਦਾ ਕੇਂਦਰ ਬਣਦੇ ਗਏ। ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਸਿੱਖੀ ਵਿਚਾਰਧਾਰਾ ਦਾ ਧੁਰਾ ਕਾਇਮ ਕਰ ਦਿਤਾ। ਸੱਚ ਦਾ ਇਹ ਆਲਮ ਤੰਗ ਨਜ਼ਰੀਏ ਵਾਲੇ ਹਾਕਮਾਂ ਨੂੰ ਚੰਗਾ ਨਾ ਲੱਗਿਆ ਅਤੇ ਇਹੋ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਬਣਿਆ।

ਸ਼ਹੀਦੀ ਦਾ ਇਹ ਮਹਾਨ ਸਾਕਾ 30 ਮਈ 1606 ਨੂੰ ਵਾਪਰਿਆ। ਰਾਵੀ ਦਰਿਆ ਦੇ ਨੇੜੇ ਲਾਹੌਰ ਦੇ ਕਿਲ੍ਹੇ ਵਿਚ ਆਪ ਜੀ ਨੂੰ ਕੁਝ ਦਿਨ ਨਜ਼ਰਬੰਦ ਰੱਖਣ ਉਪਰੰਤ ਕਈਂ ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਇਹ ਸਥਾਨ ਹੁਣ ਗੁਰਦਵਾਰਾ ਡੇਰਾ ਸਾਹਿਬ ਨਾਮ ਨਾਲ ਪ੍ਰਸਿੱਧ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਜ਼ਿੰਮੇਵਾਰ ਕੁਝ ਪਰੰਪਰਾਈ ਇਤਿਹਾਸਕਾਰਾਂ ਅਨੁਸਾਰ ਇਕ ਖੱਤਰੀ ਸਰਕਾਰੀ ਅਹਿਲਕਾਰ ਚੰਦੂ ਸੀ ਜਿਸ ਦੀ ਧੀ ਦਾ ਰਿਸ਼ਤਾ ਗੁਰੂ ਹਰਿ ਗੋਬਿੰਦ ਸਾਹਿਬ ਨਾਲ ਹੋਣਾ ਨੀਯਤ ਹੋਇਆ ਸੀ ਪਰ ਉਸ ਦੇ ਗੁਰੂ ਘਰ ਪ੍ਰਤੀ ਨਿਰਾਦਰੀ ਦੇ ਸ਼ਬਦ ਸੁਣ ਕੇ ਸਿੱਖ ਸੰਗਤ ਦੇ ਕਹਿਣ ਤੇ ਗੁਰੂ ਜੀ ਨੇ ਇਹ ਰਿਸ਼ਤਾ ਮੋੜ ਦਿਤਾ ਸੀ। ਬਦਲੇ ਦੀ ਭਾਵਨਾ ਵਜੋਂ ਉਸ ਨੇ ਛੜਯੰਤਰ ਰਚਿਆ, ਗੁਰੂ ਜੀ ਨੂੰ ਕੈਦ ਕਰਵਾਇਆ ਅਤੇ ਸ਼ਹੀਦ ਕਰ ਦਿਤਾ। ਸ਼ਹੀਦੀ ਦਾ ਨਿਰਾ ਇਹੀ ਕਾਰਨ ਕਿਸੇ ਤਰ੍ਹਾਂ ਵੀ ਮੰਨਣਯੋਗ ਨਹੀਂ ਲਗਦਾ। ਇਹ ਤਾਂ ਸੰਭਵ ਹੈ ਕਿ ਜਦੋਂ ਗੁਰੂ ਜੀ ਨੂੰ ਸ਼ਾਹੀ ਫੁਰਮਾਨ ਅਨੁਸਾਰ ਨਜ਼ਰਬੰਦ ਕੀਤਾ ਗਿਆ ਤਾਂ ਚੰਦੂ ਨੇ ਆਪਣੀ ਨਿਜੀ ਈਰਖਾ-ਵਸ ਗੁਰੂ ਜੀ ਨੂੰ ਤਸੀਹੇ ਦੇਣ ਵਿਚ ਦੋਖੀਆਂ ਦੀ ਸਹਾਇਤਾ ਕੀਤੀ ਹੋਵੇ ਪਰ ਸ਼ਹੀਦੀ ਦਾ ਅਸਲ ਕਾਰਨ ਬਾਦਸ਼ਾਹ ਜਹਾਂਗੀਰ ਖੁਦ ਸੀ ਅਤੇ ਉਸ ਦੇ ਸਲਾਹਕਾਰ ਸ਼ੇਖ ਅਹਿਮਦ ਸਰਹੰਦੀ ਮੁਜਾਦਿਦ-ਅਲਫ-ਸਾਨੀ ਆਦਿ ਸਨ। ਜਦ ਤੋਂ ਜਹਾਂਗੀਰ ਨੇ 1605 ਈ: ਵਿਚ ਦਿੱਲੀ ਦਾ ਤਖਤ ਸੰਭਾਲਿਆ, ਉਸ ਨੇ ਗੈਰ-ਮੁਸਲਮਾਨਾਂ ਪ੍ਰਤੀ ਸਖਤ ਨੀਤੀ ਅਪਣਾਈ। ਇਸ ਦਾ ਇਕ ਕਾਰਨ ਇਹ ਸੀ ਕਿ ਉਹ ਹਕੂਮਤ ਚਲਾਉਣ ਲਈ ਸ਼ਰਅਈ ਕੱਟੜਵਾਦੀਆਂ ਦੀ ਸਹਾਇਤਾ ਦਾ ਮੁਹਤਾਜ ਸੀ। ਵਿਸ਼ੇਸ਼ ਕਰਕੇ ਨਕਸ਼ਬੰਦੀ ਫਿਰਕੇ ਦਾ ਸ਼ੇਖ ਅਹਿਮਦ ਸਰਹੰਦੀ ਉਸ ਦਾ ਮੁੱਖ ਸਲਾਹਕਾਰ ਸੀ। ਜਹਾਂਗੀਰ ਦੀ ਇਸ ਕੱਟੜ ਨੀਤੀ ਦਾ ਸ਼ਿਕਾਰ ਸਭ ਤੋਂ ਪਹਿਲਾ ਗੁਰੂ-ਘਰ ਬਣਿਆ ਜਿਸ ਸਬੰਧੀ ਉਸ ਨੂੰ ਝੂਠੇ ਸੱਚੇ ਕਈ ਕਿੱਸੇ ਸੁਣਾਏ ਗਏ ਜਿਵੇਂ ਕਿ ਉਹ ਤੁਜ਼ਕੇ-ਜਹਾਂਗੀਰੀ ਵਿਚ ਲਿਖਦਾ ਹੈ ਕਿ ਬਹੁਤ ਸਾਰੇ ਭੋਲੇ ਹਿੰਦੂ ਅਤੇ ਕੁਝ ਮੂਰਖ ਮੁਸਲਮਾਨ ਵੀ ਉਸ (ਗੁਰੂ ਅਰਜਨ ਦੇਵ ਜੀ) ਦੇ ਸ਼ਿਸ਼ ਬਣੇ ਹੋਏ ਹਨ। ਉਹ ਲਿਖਦਾ ਹੈ ਕਿ ਬੜੇ ਸਮੇਂ ਤੋਂ ਇਹ ਖਿਆਲ ਮੇਰੇ ਅੰਦਰ ਚਲ ਰਿਹਾ ਸੀ ਕਿ ਗੁਰੂ ਨਾਨਕ ਦੇਵ ਤੋਂ ਚਲੀ ਆ ਰਹੀ ਇਹ ਝੂਠ ਦੀ ਦੁਕਾਨ ਜਾਂ ਤਾਂ ਬੰਦ ਕਰ ਦਿਤੀ ਜਾਵੇ ਜਾਂ ਫਿਰ ਇਸ (ਗੁਰੂ ਜੀ) ਨੂੰ ਇਸਲਾਮ ਦੇ ਘੇਰੇ ਵਿਚ ਲੈ ਆਂਦਾ ਜਾਵੇ।

ਜਹਾਂਗੀਰ ਦੇ ਤਖਤ ਤੇ ਬੈਠਣ ਤੋਂ ਥੋੜ੍ਹੇ ਸਮੇਂ ਪਿਛੋਂ ਹੀ ਉਸ ਦੇ ਲੜਕੇ ਖੁਸਰੋ ਨੇ ਬਗਾਵਤ ਕਰ ਦਿਤੀ ਅਤੇ ਲਾਹੌਰ ਜਾਂਦਿਆਂ ਉਹ ਕੁਝ ਸਮਾਂ ਗੋਇੰਦਵਾਲ ਸਾਹਿਬ ਰੁਕਿਆ ਅਤੇ ਗੁਰੂ ਮਹਾਰਾਜ ਦੇ ਦਰਸ਼ਨ ਕੀਤੇ ਅਤੇ ਮਹਿਮਾ ਪ੍ਰਕਾਸ਼ ਅਨੁਸਾਰ ਉਸ ਨੇ ਲੰਗਰ ਵਿਚੋਂ ਭੋਜਨ ਛਕਿਆ ਅਤੇ ਅਗਲੇ ਦਿਨ ਲਾਹੌਰ ਵਲ ਤੁਰ ਗਿਆ। ਜਦੋਂ ਵਿਦਰੋਹ ਖਤਮ ਹੋ ਗਿਆ ਅਤੇ ਖੁਸਰੋ ਫੜ ਲਿਆ ਗਿਆ ਤਾਂ ਜਹਾਂਗੀਰ ਨੇ ਉਨ੍ਹਾਂ ਸਭ ਲੋਕਾਂ ਨੂੰ ਕਰੜੀਆਂ ਸਜ਼ਾਵਾਂ ਦਿਤੀਆਂ ਜਿਨ੍ਹਾਂ ਨੇ ਖੁਸਰੋ ਦੀ ਸਹਾਇਤਾ ਕੀਤੀ ਸੀ। ਸੰਕੀਰਣ ਦ੍ਰਿਸ਼ਟੀ ਵਾਲੇ ਕੱਟੜਵਾਦੀਆਂ ਲਈ ਇਹ ਉਚਿਤ ਮੌਕਾ ਸੀ। ਗੁਰੂ ਜੀ ਬਾਰੇ ਐਸੀ ਸ਼ਿਕਾਇਤ ਕੀਤੀ ਗਈ ਅਤੇ ਜਹਾਂਗੀਰ ਦੇ ਹੁਕਮ ਨਾਲ ਗੁਰੂ ਜੀ ਤੇ ਭਾਰੀ ਜੁਰਮਾਨਾ ਕੀਤਾ ਗਿਆ, ਜਿਸਨੂੰ ਉਚਿਤ ਨਾ ਸਮਝਦਿਆਂ ਗੁਰੂ ਜੀ ਨੇ ਦੇਣ ਤੋਂ ਇਨਕਾਰ ਕਰ ਦਿਤਾ। ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਕਿਲੇ ਵਿਚ ਬੰਦ ਕਰ ਦਿਤਾ ਗਿਆ ਅਤੇ 'ਯਾਸਾ' ਕਾਨੂੰਨ

ਅਨੁਸਾਰ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਉਨ੍ਹਾਂ ਨੂੰ ਦੁਖ ਦੇਣ ਲਈ ਤੱਤੀ ਤਵੀ ਤੇ ਬੈਠਣ ਦੇ ਆਦੇਸ਼ ਦਿਤੇ ਗਏ, ਗਰਮ ਸੜਦਾ ਰੇਤਾ ਸੀਸ ਤੇ ਪਾਇਆ ਗਿਆ ਅਤੇ ਗਰਮ ਉਬਲਦੇ ਪਾਣੀ ਵਿਚ ਬਿਠਾਇਆ ਗਿਆ। ਗੁਰੂ ਜੀ ਦਾ ਮਿੱਤਰ ਹਜ਼ਰਤ ਮੀਆਂ ਮੀਰ ਉਨ੍ਹਾਂ ਨੂੰ ਮਿਲਣ ਆਇਆ ਅਤੇ ਇਹ ਸਭ ਵੇਖ ਕੇ ਬਹੁਤ ਦੁਖੀ ਹੋਇਆ। ਉਸ ਨੇ ਕੁਝ ਕਰਨ ਦੀ ਆਗਿਆ ਮੰਗੀ ਪਰ ਗੁਰੂ ਜੀ ਨੇ ਭਾਣੇ ਵਿਚ ਰਹਿਣ ਦਾ ਆਦੇਸ਼ ਦਿਤਾ।

ਗੁਰੂ ਜੀ ਨੂੰ ਵਾਪਰਨ ਵਾਲੇ ਸਾਰੇ ਸਾਕੇ ਦਾ ਪਹਿਲਾਂ ਤੋਂ ਗਿਆਨ ਸੀ। ਉਨ੍ਹਾਂ ਨੇ ਸਿੱਖ ਲਹਿਰ ਨੂੰ ਇਕ ਨਵਾਂ ਮੋੜ ਦੇਣਾ ਸੀ। ਜਿਸ ਲਈ ਭਾਣੇ ਵਿਚ ਰਹਿਣ ਅਤੇ ਜ਼ੁਲਮ ਅਤੇ ਬੇ-ਇਨਸਾਫੀ ਵਿਰੁੱਧ ਡੱਟ ਜਾਣ ਦੀ ਮਿਸਾਲ ਕਾਇਮ ਕਰਨੀ ਜ਼ਰੂਰੀ ਸੀ। ਜਦੋਂ ਅੰਦਰ ਨਾਮ ਰੂਪੀ ਪ੍ਰਮਾਤਮਾ ਸ਼ਕਤੀ ਹੋਵੇ, ਤਾਂ ਸਰੀਰਕ ਦੁੱਖ ਮਨੁੱਖ ਦਾ ਕੁਝ ਨਹੀਂ ਵਿਗਾੜ ਸਕਦੇ। ਸੱਚ ਲਈ ਸ਼ਹੀਦ ਹੋਣ ਦਾ ਸਬਕ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਰਾਹੀਂ ਦਿਤਾ। ਐਸਾ ਉਨ੍ਹਾਂ ਦੇ ਅਨੁਭਵ ਵਿਚ ਸੀ। ਏਸੇ ਲਈ ਹਰਿਗੋਬਿੰਦ ਜੀ ਨੂੰ ਬਚਪਨ ਤੋਂ ਹੀ ਸ਼ਸਤਰ ਵਿਦਿਆ, ਘੋੜ ਸਵਾਰੀ, ਨੇਜ਼ੇਬਾਜ਼ੀ ਵਿਚ ਨਿਪੁੰਨ ਕੀਤਾ ਸੀ ਅਤੇ ਉਨ੍ਹਾਂ ਨੇ ਗੁਰੂ ਜੀ ਦੇ ਆਦਰਸ਼ ਦੀ ਪੂਰਤੀ ਹਿਤ ਹੀ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ, ਅਕਾਲ ਤਖਤ ਦੀ ਰਚਨਾ ਕੀਤੀ ਅਤੇ ਸਿੱਖ ਸੰਗਤ ਨੂੰ ਸ਼ਸਤਰਧਾਰੀ ਹੋਣ ਦੇ ਆਦੇਸ਼ ਦਿਤੇ। ਇਸ ਤਰ੍ਹਾਂ ਸਿੱਖ ਕੌਮ ਜ਼ਬਰ ਜ਼ੁਲਮ ਦਾ ਮੁਕਾਬਲਾ ਕਰਨ ਲਈ ਤਿਆਰ ਹੋਣ ਲੱਗੀ। ਏਸ ਆਦਰਸ਼ ਦੀ ਪੂਰਤੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਰਾਹੀਂ ਪੂਰੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦਾ ਸੰਤ-ਸਿਪਾਹੀ ਦਾ ਸਰੂਪ ਮੀਰੀ ਪੀਰੀ ਦੇ ਸਿਧਾਂਤ ਨੂੰ ਹੀ ਅਮਲ ਵਿਚ ਲਿਆਂਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਸ੍ਰੇਸ਼ਠ ਦੇਣ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ ਜੋ ਸਿੱਖ ਸੰਗਤਾਂ ਦੀ ਭਗਤੀ ਭਾਵਨਾ ਦਾ ਕੇਂਦਰ ਸਿੱਧ ਹੋਈ। 6000 ਸ਼ਬਦਾਂ ਦੇ ਇਸ ਸੰਗ੍ਰਹਿ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਤੋਂ ਛੁਟ, ਪੰਦਰਾਂ ਵੱਖ-ਵੱਖ ਮੱਤ ਮਤਾਂਤਰਾਂ ਦੇ ਭਗਤਾਂ ਅਤੇ ਮੁਸਲਿਮ ਸੂਫੀ ਫਕੀਰ ਬਾਬਾ ਫਰੀਦ ਦੀ ਬਾਣੀ ਸ਼ਾਮਲ ਕੀਤੀ ਗਈ। (ਬਾਅਦ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਵੀ ਸੰਮਿਲਤ ਕੀਤੀ ਗਈ) ਇਹ ਸਰਬ ਸਾਂਝੀਵਾਲਤਾ ਅਤੇ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਸੀ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਮੱਧਕਾਲੀਨ ਭਾਰਤੀ ਧਾਰਮਿਕ ਸਾਹਿਤ ਦੇ ਪ੍ਰਮੁੱਖ ਗਿਆਤਾ ਸਨ ਅਤੇ ਵੱਖ-ਵੱਖ ਸੰਸਕ੍ਰਿਤੀਆਂ, ਲੋਕ ਧਾਰਾਵਾਂ, ਪਰੰਪਰਾਵਾਂ ਅਤੇ ਵੱਖ-ਵੱਖ ਭਾਸ਼ਾਵਾਂ ਦਾ ਵੀ ਪੂਰਾ ਗਿਆਨ ਰਖਦੇ ਸਨ। 16 ਅਗਸਤ 1604 ਨੂੰ ਬੜੀ ਸ਼ਾਨ ਸ਼ੌਕਤ ਨਾਲ ਗੁਰਦਵਾਰਾ ਰਾਮਸਰ ਤੋਂ ਦਰਬਾਰ ਸਾਹਿਬ ਵਿਖੇ ਸਜੀ ਹੋਈ ਪਾਲਕੀ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਜਾਇਆ ਗਿਆ ਅਤੇ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ ਅਤੇ ਗੁਰੂ ਮਹਾਰਾਜ ਆਪ ਚੌਰ ਕਰਦੇ ਰਹੇ। ਪ੍ਰਕਾਸ਼ ਕਰਨ ਤੇ ਪਹਿਲਾ ਹੁਕਮਨਾਮਾ ਇਹ ਬਖਸ਼ਿਸ਼ ਹੋਇਆ -

*ਸੂਹੀ ਮਹਲਾ ੫*
*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲੁ ਸੁਹਾਵਾ*
*ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥...........*
*ਪੂਰਨ ਪੁਰਖ ਅਚੁਤ ਅਬਿਨਾਸੀ*
*ਜਸੁ ਵੇਦ ਪੁਰਾਣੀ ਗਾਇਆ॥*
*ਅਪਨਾ ਬਿਰਦੁ ਰਖਿਆ ਪਰਮੇਸਰਿ*
*ਨਾਨਕ ਨਾਮੁ ਧਿਆਇਆ॥* *ਅੰਗ - ੭੮੩*

ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂਆਂ, ਹਿੰਦੂ ਭਗਤਾਂ ਅਤੇ ਮੁਸਲਮਾਨ ਫਕੀਰਾਂ ਦੀ ਬਾਣੀ ਸੰਮਿਲਤ ਹੋਣੀ ਪਰੰਪਰਾਈ ਲੋਕਾਂ ਲਈ ਇਕ ਅਜੀਬ ਘਟਨਾ ਸੀ।

ਗੁਰੂ ਮਹਾਰਾਜ ਹਰ ਸਮੇਂ ਰੱਬੀ ਮਿਹਰ ਅਤੇ ਰੱਬੀ ਪਿਆਰ ਵਿਚ ਮਖਮੂਰ ਰਹਿੰਦੇ ਸਨ। ਇਹ ਗੱਲ ਉਨ੍ਹਾਂ ਦੀ ਬਾਣੀ ਤੋਂ ਭਲੀਭਾਂਤ ਪ੍ਰਗਟ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਲੱਗਭੱਗ ਤੀਜਾ ਭਾਗ, 2000 ਸ਼ਬਦ ਆਪ ਜੀ ਦੀ ਰਚਨਾ ਹਨ ਜਿਨ੍ਹਾਂ ਵਿਚ ਪ੍ਰਭੂ ਪਿਆਰ ਦੀਆਂ ਤਰੰਗਾਂ, ਪ੍ਰਭੂ ਮਿਲਾਪ ਦੇ ਅਨੂਠੇ ਅਨੁਭਵ, ਪ੍ਰਭੂ ਦਰਸ਼ਨ ਦੀ ਵਿਆਕੁਲਤਾ, ਗੁਰੂ ਅਤੇ ਸਿੱਖ ਦਾ ਪਰਸਪਰ ਪਿਆਰ ਛਲਕਾਂ ਮਾਰਦਾ ਹੈ। ਇਹ ਬਾਣੀ ਸਰਬ ਮਨੁੱਖਤਾ ਨੂੰ ਪ੍ਰਭੂ ਪਿਆਰ ਨਾਲ ਜੋੜਦੀ ਹੈ ਅਤੇ ਸਨੇਹ ਭਰੇ ਨਵੇਂ ਮਨੁੱਖੀ ਭਾਈਚਾਰੇ ਦਾ ਸੰਕਲਪ ਪੇਸ਼ ਕਰਦੀ ਹੈ ਜਿਸ ਵਿਚ ਕੋਈ ਉਚ ਨੀਚ, ਜਾਤ ਪਾਤ, ਅਮੀਰੀ ਗਰੀਬੀ, ਰੰਗ ਰੂਪ ਦਾ ਭੇਦ ਨਹੀਂ ਜੋ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ' ਦੀ ਭਾਵਨਾ ਦ੍ਰਿੜ੍ਹ ਕਰਵਾਉਂਦੀ ਹੈ। ਆਪ ਜੀ ਦੀ ਸੁ-ਪ੍ਰਸਿੱਧ ਰਚਨਾ ਸੁਖਮਨੀ ਸਾਹਿਬ ਨੂੰ ਸੰਸਾਰ ਦੀਆਂ ਅਨੇਕ ਬੋਲੀਆਂ ਵਿਚ ਤਰਜਮਾਇਆ ਗਿਆ ਹੈ ਅਤੇ ਇਸਨੂੰ ਸੰਸਾਰ ਦੀ ਸਰਵੋਤਮ ਸ੍ਰੇਸ਼ਠ ਬਾਣੀ ਮੰਨਿਆ ਗਿਆ ਹੈ।

ਜਿੰਨੀ ਮਹਾਨ ਅਤੇ ਸੱਚੀ ਸੁੱਚੀ ਕਿਸੇ ਦੀ ਸਖਸ਼ੀਅਤ ਹੁੰਦੀ ਹੈ, ਓਨਾਂ ਵਧੇਰੇ ਹੀ ਉਸ ਸਖਸ਼ੀਅਤ ਦੀ ਕੁਰਬਾਨੀ ਦਾ ਲੋਕ ਮਨਾਂ ਤੇ ਪ੍ਰਤੀਕਰਮ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਆਪ ਪ੍ਰਮਾਤਮ ਸਰੂਪ ਸਨ, ਆਪ ਜੀ ਸੇਵਾ, ਸਿਮਰਨ, ਸਹਿਨਸ਼ੀਲਤਾ ਅਤੇ ਰੱਬੀ ਭਾਣੇ ਦੀ ਮੂਰਤ ਸਨ, ਆਪ ਜੀ ਨੇ ਸਰਬ ਮਨੁੱਖਤਾ ਨੂੰ ਸੱਚਾ ਜੀਵਨ ਜੀਉਣ ਦਾ ਮਾਰਗ ਦੱਸਿਆ ਅਤੇ ਆਪਣੀ ਸ਼ਹੀਦੀ ਰਾਹੀਂ ਸੱਚ ਲਈ ਸ਼ਹੀਦ ਹੋਣ ਦੇ ਪੂਰਨੇ ਪਾਏ। ਭਾਈ ਗੁਰਦਾਸ ਜੀ ਆਪ ਜੀ ਦੀ ਸਖਸ਼ੀਅਤ ਨੂੰ ਨਿਮਨ ਪਉੜੀ ਵਿਚ ਬਿਆਨ ਕਰਦੇ ਹਨ -

*ਰਹਿਦੇ ਗੁਰ ਦਰੀਆਉ ਵਿਚਿ*
*ਮੀਨ ਕੁਲੀਨ ਹੇਤੁ ਨਿਰਬਾਣੀ।*
*ਦਰਸਨੁ ਦੇਖਿ ਪਤੰਗ ਜਿਉ*
*ਜੋਤੀ ਅੰਦਰਿ ਜੋਤਿ ਸਮਾਣੀ।*
*ਸਬਦੁ ਸੁਰਤਿ ਲਿਵ ਮਿਰਗ ਜਿਉ*
*ਭੀੜ ਪਈ ਚਿਤਿ ਅਵਰੁ ਨ ਆਣੀ।*
*ਚਰਣ ਕਵਲ ਮਿਲਿ ਭਵਰ ਜਿਉ*
*ਭੀੜ ਪਈ ਚਿਤਿ ਅਵਰੁ ਨ ਆਣੀ।*

*ਚਰਣ ਕਵਲ ਮਿਲਿ ਭਵਰ ਜਿਉ*
*ਸੁਖ ਸੰਪਟ ਵਿਚਿ ਰੈਣਿ ਵਿਹਾਣੀ।*
*ਗੁਰ ਉਪਦੇਸ ਨ ਵਿਸਰੈ*
*ਬਾਬੀਹੇ ਜਿਉ ਆਖ ਵਖਾਣੀ।*
*ਗੁਰਮੁਖਿ ਸੁਖ ਫਲੁ ਪਿਰਮ ਰਸੁ*
*ਸਹਜ ਸਮਾਧਿ ਸਾਧ ਸੰਗਿ ਜਾਣੀ।*
*ਗੁਰ ਅਰਜਨ ਵਿਟਹੁ ਕੁਰਬਾਣੀ।*

*ਭਾਈ ਗੁਰਦਾਸ ਜੀ, ਵਾਰ ੨੪/੨੩*

ਭੱਟਾਂ ਨੇ ਗੁਰੂ ਮਹਾਰਾਜ ਦੀ ਸਖਸ਼ੀਅਤ ਨੂੰ ਬਾਖੂਬੀ ਪਛਾਣਿਆ ਅਤੇ ਆਪਣੇ ਅਨੁਭਵ ਸਵੱਈਏ ਮਹਲਾ ਪੰਜਵਾਂ ਵਿਚ ਲਿਖੇ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਪ੍ਰਵਾਨ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿਤਾ।

ਮਥਰਾ ਭੱਟ ਅਨੁਸਾਰ ਜਗਤ ਦੇ ਇਸ ਘੋਰ ਹਨ੍ਹੇਰੇ ਵਿਚ ਗੁਰੂ ਅਰਜਨ ਤੋਂ ਬਿਨਾਂ ਕੋਈ ਹੋਰ ਰਾਖਾ ਨਹੀਂ ਹੈ, ਉਨ੍ਹਾਂ ਨੂੰ ਹਰੀ ਨੇ ਆਪ ਅਵਤਾਰ ਰੂਪ ਬਣਾ ਕੇ ਭੇਜਿਆ ਹੈ। ਜਿਨ੍ਹਾਂ ਨੇ ਗੁਰੂ ਜੀ ਤੋਂ ਨਾਮ-ਅੰਮ੍ਰਿਤ ਪੀਤਾ ਹੈ ਉਨ੍ਹਾਂ ਦੇ ਕ੍ਰੋੜਾਂ ਦੁਖ ਦੂਰ ਹੋ ਗਏ ਹਨ -

*ਜਗ ਅਉਰੁ ਨ ਜਾਹਿ ਮਹਾ ਤਮ*
*ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥*
*ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ*
*ਜਿਨ੍ਹ ਅੰਮ੍ਰਿਤ ਨਾਮੁ ਪੀਅਉ ॥* *ਅੰਗ - ੧੪੦੯*

ਅਖੀਰ ਇਹ ਫੈਸਲਾ ਦਿਤਾ ਹੈ ਕਿ ਗੁਰੂ ਅਰਜਨ ਹੀ ਜੋਤਿ ਰੂਪ ਹੋ ਕੇ ਧਰਤੀ ਆਕਾਸ਼ ਤੇ ਨੌਂ ਖੰਡਾਂ ਵਿਚ ਵਿਆਪ ਰਹੇ ਹਨ। ਗੁਰੂ ਅਰਜਨ ਸਾਖਿਆਤ ਅਕਾਲਪੁਰਖ ਹਨ, ਕੋਈ ਫਰਕ ਨਹੀਂ ਹੈ -

*ਧਰਨਿ ਗਗਨ ਨਵ ਖੰਡ ਮਹਿ*
*ਜੋਤਿ ਸ੍ਵਰੂਪੀ ਰਹਿਓ ਭਰਿ ॥*
*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥*

*ਅੰਗ - ੧੪੦੯*

ਗੁਰੂ ਅਰਜਨ ਦੇਵ ਜੀ ਨੇ ਗੁਰਸਿੱਖਾਂ ਨੂੰ ਸਹਜਮਈ ਸੰਤੁਲਤ ਜੀਵਨ ਜੀਉਣ ਦੀ ਜੁਗਤਿ ਸਿਖਾਈ। ਬਾਣੀ ਸੁਖਮਨੀ ਵਿਚ ਆਪ ਜੀ ਦਾ ਫੁਰਮਾਨ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ - ੨੭੫*

'ਜੀਵਨ-ਮੁਕਤਿ' ਦੀ ਪ੍ਰਾਪਤੀ ਦਾ ਸਾਧਨ 'ਗੁਰੂ ਦੀ ਅਰਾਧਣਾ' ਅਤੇ ਗੁਰੂ ਤੋਂ ਪ੍ਰਾਪਤ ਨਾਮ ਦੀ ਸਾਧਨਾ ਦਸਿਆ ਹੈ-

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*

*ਅੰਗ - ੫੧੭*

ਆਪ ਜੀ ਨੇ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ ਕਿ ਨਾਮ-ਸਿਮਰਨ ਸਾਧਨਾ ਨਾਲ ਰੋਗਾਂ ਦਾ ਘਾਣ (ਸਾਰੇ ਜਟੱਲ ਰੋਗ) ਨਾਸ਼ ਹੋ ਜਾਂਦੇ ਹਨ ਤੇ ਹਿਰਦੇ ਵਿਚ ਸੁਖਾਂ ਦਾ ਨਿਵਾਸ ਹੋ ਜਾਂਦਾ ਹੈ-

*ਹੋਵੈ ਸੁਖੁ ਘਣਾ ਦਯਿ ਧਿਆਇਐ ॥*
*ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ ॥* *ਅੰਗ - ੫੨੦*

ਨਾਮ-ਬੀਜ ਦੀ ਪ੍ਰਫੁਲਤਾ ਲਈ ਭਗਤਾਂ ਦੇ ਦਰਸ਼ਨ ਕਰਨੇ ਅਤੇ ਸਾਧ ਸੰਗਤ ਵਿਚ ਮਿਲ ਕੇ ਸਿਫਤ ਸਾਲਾਹ ਦੀ ਬਾਣੀ ਪੜ੍ਹਨੀ-ਸੁਣਨੀ, ਨਾਮ-ਸਿਮਰਨ ਵਿਚ ਜੁੜਨਾ ਅਤਿ ਜ਼ਰੂਰੀ ਤੇ ਲਾਭਦਾਇਕ ਸਿੱਧ ਹੁੰਦਾ ਹੈ ਪਰ ਭਗਤ-ਜਨਾਂ ਦੀ ਸੰਗਤ ਪ੍ਰਭੂ ਦੀ ਦਇਆਲਤਾ ਨਾਲ ਪ੍ਰਾਪਤ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥*
*ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ ॥*
*ਬੰਧਨ ਖੋਲਨਿ੍ ਸੰਤ ਦੂਤ ਸਭਿ ਜਾਹਿ ਛਪਿ ॥*
*ਤਿਸੁ ਸਿਉ ਲਾਇਨਿ੍ ਰੰਗੁ ਜਿਸ ਦੀ ਸਭ ਧਾਰੀਆ ॥*
*ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ ॥*
*ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ ॥*
*ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ ॥*

*ਅੰਗ - ੫੨੦*

ਗੁਰੂ ਜੀ ਦੀ ਆਗਿਆ ਦਾ ਪਾਲਨ ਕਰਦਿਆਂ, ਸੰਸਾਰ ਵਿਚ ਵਿਚਰਦਿਆਂ, ਜੀਵਨ-ਪਦ ਦੀ ਪ੍ਰਾਪਤੀ ਹੋ ਸਕਦੀ ਹੈ, ਐਸੀ ਗੁਰੂ ਜੀ ਦੀ ਬਖਸ਼ਿਸ਼ ਹੈ ਜਿਸ ਦੇ ਅਸੀਂ ਪਾਤਰ ਬਣ ਸਕਦੇ ਹਾਂ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥*

*ਅੰਗ - ੫੨੨*

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਰਤਵਾੜਾ ਸਾਹਿਬ ਗੁਰੂ ਮਹਾਰਾਜ ਜੀ ਦੇ ਇਨ੍ਹਾਂ ਆਦਰਸ਼ਾਂ ਅਤੇ ਆਦੇਸ਼ਾਂ ਦੀ ਪਾਲਨਾ ਅਤੇ ਪਾਸਾਰ ਹਿਤ ਹੀ ਹੋਂਦ ਵਿਚ ਆਇਆ। ਇਸ ਦੇ ਬਾਨੀ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਨੇ ਸਾਰਾ ਜੀਵਨ ਨਾਮ-ਬਾਣੀ ਦੇ ਅਭਿਆਸ ਅਤੇ ਪਾਸਾਰ ਹਿਤ ਅਰਪਨ ਕੀਤਾ। ਗੁਰੂ ਆਸ਼ੇ ਅਨੁਸਾਰ ਦੇਸ਼ ਪ੍ਰਦੇਸ ਸਭਨੀ ਥਾਂਈਂ ਮਨੁੱਖਤਾ ਨੂੰ ਸਤਿਸੰਗਾਂ ਰਾਹੀਂ ਰੂਹਾਨੀਅਤ ਨਾਲ ਜੋੜਿਆ ਅਤੇ ਗੁਰਮਤਿ ਤੋਂ ਸੇਧ ਲੈਂਦਿਆਂ ਪਾਖੰਡਵਾਦ ਤੇ ਕਰਮਕਾਂਡਾਂ ਤੋਂ ਮੁਕਤ ਕੀਤਾ। ਇਸ ਮਿਸ਼ਨ ਨੂੰ ਨਿਰੰਤਰ ਜਾਰੀ ਰਖਣ ਹਿਤ ਆਪਣੇ ਜੀਵਨ ਕਾਲ ਵਿਚ ਹੀ ਆਪਣੇ ਨਿਕਟਵਰਤੀ ਨਿਰਖੇ ਪਰਖੇ ਸੇਵਕ-ਸਾਥੀ ਬਾਬਾ ਲਖਬੀਰ ਸਿੰਘ ਜੀ ਨੂੰ ਨਾਮ-ਅਭਿਆਸ ਅਤੇ ਸੇਵਾ ਵਿਚ ਨਿਪੁੰਨ ਕੀਤਾ। ਗੁਰੂ ਦੀਆਂ ਬਖਸ਼ਿਸ਼ਾਂ ਪਾ ਕੇ ਸੰਤ

*(ਬਾਕੀ ਪੰਨਾ 10 'ਤੇ)*

# ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥
## (ਆਸਾੜ੍ਹ ਮਹੀਨੇ ਦੀ ਸੰਗਰਾਂਦ : 15 ਜੂਨ, ਦਿਨ ਐਤਵਾਰ)

*(ਡਾ.) ਜਗਜੀਤ ਸਿੰਘ*

ਗੁਰੂ ਗ੍ਰੰਥ ਸਾਹਿਬ ਵਿਚ ਦੋ 'ਬਾਰਹਮਾਹ' ਪ੍ਰਾਪਤ ਹਨ। ਪਹਿਲਾ ਬਾਰਹਮਾਹਾ ਤੁਖਾਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1107 ਤੇ ਸਸ਼ੋਭਿਤ ਹੈ। ਦੂਜਾ ਬਾਰਹਮਾਹ ਮਾਝ ਰਾਗ ਵਿਚ ਹੈ ਜੋ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 133 ਤੇ ਸਸ਼ੋਭਿਤ ਹੈ। ਗੁਰਦਵਾਰਾ ਸਾਹਿਬਾਨ ਵਿਚ ਮੁੱਖ ਤੌਰ ਤੇ ਗੁਰੂ ਅਰਜਨ ਦੇਵ ਜੀ ਦੇ ਮਾਝ ਰਾਗ ਵਿਚ ਉਚਾਰਨ ਕੀਤੇ ਬਾਰਹਮਾਹ ਦਾ ਪਾਠ ਹੀ ਸੁਣਾਇਆ ਜਾਂਦਾ ਹੈ ਅਤੇ ਸ਼ਬਦ ਵਿਚਾਰ (ਕਥਾ) ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਰਚਿਤ ਤੁਖਾਰੀ ਰਾਗ ਵਾਲਾ ਬਾਰਹਮਾਹਾ ਕਿਉਂ ਘੱਟ ਪੜ੍ਹਿਆ ਤੇ ਵੀਚਾਰਿਆ ਜਾਂਦਾ ਹੈ? ਇਸ ਦਾ ਇਕੋ ਕਾਰਨ ਇਹ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਦੀ ਸ਼ਬਦਾਵਲੀ ਕਾਫੀ ਕਠਨ ਹੈ ਅਤੇ ਜੀਵ-ਰੂਪੀ ਇਸਤ੍ਰੀ ਨੂੰ ਜੋ ਸਿਖਿਆ ਦਿਤੀ ਹੈ, ਉਸ ਨੂੰ ਕੁਦਰਤ ਦੇ ਅਦਭੁੱਤ ਨਜ਼ਾਰਿਆਂ ਦੇ ਅਲੰਕਾਰਾਂ ਵਿਚ ਬੰਨ੍ਹਿਆ ਹੈ। ਇਸ ਤਰ੍ਹਾਂ ਸਾਧਾਰਨ ਵਿਅਕਤੀ ਨੂੰ ਗੁਰੂ ਨਾਨਕ ਦੇਵ ਜੀ ਦੇ ਭਾਵ-ਅਰਥ ਸਮਝਣ ਵਿਚ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਦੇ ਟਾਕਰੇ ਗੁਰੂ ਅਰਜਨ ਦੇਵ ਜੀ ਦਾ ਬਾਰਹਮਾਹ ਬਹੁਤ ਹੀ ਸਾਧਾਰਨ, ਸਰਲ ਅਤੇ ਸਪਸ਼ਟ ਬੋਲੀ ਵਿਚ ਹੈ ਅਤੇ ਜੀਵ-ਰੂਪੀ ਇਸਤ੍ਰੀ ਨੂੰ ਸੰਬੋਧਨ ਕਰਕੇ ਆਮ ਭਾਸ਼ਾ ਵਿਚ ਉਪਦੇਸ਼ ਦਿਤਾ ਹੈ। ਇਸ ਲਈ ਮਾਝ ਰਾਗ ਦਾ ਬਾਰਹਮਾਹਾ ਵਧੇਰੇ ਪ੍ਰਚਲਤ ਹੋ ਗਿਆ। ਉਪਦੇਸ਼ ਦੋਹਾਂ ਵਿਚ ਇਕੋ ਹੈ। ਸਾਰੀ ਬਾਣੀ ਦਾ ਉਪਦੇਸ਼ ਇਕੋ ਹੈ। ਪ੍ਰਭੂ ਵਿਛੋੜੇ ਤੋਂ ਦ੍ਵੈਤ ਭਾਵ ਪੈਦਾ ਹੁੰਦਾ ਹੈ ਜੋ ਦੁੱਖਾਂ ਦਾ ਕਾਰਨ ਹੈ। ਸਤਿਗੁਰੂ ਦੀ ਸ਼ਰਨ ਵਿਚ ਜਾਣ ਨਾਲ ਦ੍ਵੈਤ ਭਾਵ ਖਤਮ ਹੁੰਦਾ ਹੈ, ਮਿਲਾਪ ਦੀ ਤਾਂਘ ਪੈਦਾ ਹੁੰਦੀ ਹੈ ਅਤੇ ਸਿਮਰਨ ਦੀ ਜੁਗਤਿ ਮਿਲਦੀ ਹੈ। ਪ੍ਰਭੂ ਸਿਮਰਨ ਤੋਂ ਸਾਰੇ ਸੁਖ, ਸਾਂਤੀ, ਸਹਿਜ ਅਤੇ ਵਿਸਮਾਦ ਪੈਦਾ ਹੁੰਦਾ ਹੈ। ਪ੍ਰਭੂ ਪਿਆਰਿਆਂ ਦੀ ਸੰਗਤ ਵਿਚ ਨਾਮ ਦ੍ਰਿੜ੍ਹ ਹੁੰਦਾ ਹੈ ਅਤੇ ਅਵਸਥਾ ਭੇਦ ਦਾ ਗਿਆਨ ਮਿਲਦਾ ਹੈ।ਅਸੀਂ ਇਸ ਲਿਖਤ ਰਾਹੀਂ ਆਪ ਸਭ ਪ੍ਰੇਮੀਆਂ ਨੂੰ ਦੋਨੋਂ ਬਾਰਹਮਾਹਾ ਦੇ ਪਾਠ ਅਤੇ ਸਰਲ ਵਿਆਖਿਆ ਭੇਂਟ ਕਰਿਆ ਕਰਾਂਗੇ।

**ਬਾਰਹ ਮਾਹਾ ਮਾਝ ਮਹਲਾ ੫ ਘਰੁ ੪**

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥*
*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥*
*ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥*
*ਰੈਣ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥*
*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥*
*ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥*
*ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥*

*ਅੰਗ - ੧੩੪*

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥**
**ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥**
**ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥**

ਕਠਨ ਸ਼ਬਦਾਂ ਦੇ ਅਰਥ - ਨਾਹੁ - ਪਤੀ, ਖਸਮ; ਮਾਣਸ=ਮਨੁੱਖ, ਸੰਦੀ=ਦੀ, ਦੁਯੈ ਭਾਇ=(ਇਕ ਪ੍ਰਮੇਸ਼ਰ ਤੋਂ ਬਿਨਾਂ) ਕਿਸੇ ਦੂਜੇ ਨਾਲ ਪਿਆਰ, ਸੰਸਾਰ ਦੇ ਪਦਾਰਥਾਂ ਨਾਲ ਮੋਹ, ਵਿਗੁਚੀਐ=ਖੁਆਰ ਹੋਈਦਾ ਹੈ, ਜਮ ਕੀ ਫਾਸ=ਜਮਦੂਤਾਂ ਦੀ ਫਾਹੀ

ਵਿਆਖਿਆ - ਹਾੜ ਦਾ ਮਹੀਨਾ ਉਨ੍ਹਾਂ ਜੀਵ-ਇਸਤ੍ਰੀਆਂ ਨੂੰ ਤਪਸ਼ ਭਰਿਆ ਅਤੇ ਦੁਖਦਾਈ ਪ੍ਰਤੀਤ ਹੁੰਦਾ ਹੈ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਪਤੀ ਦਾ ਪਿਆਰ ਨਹੀਂ ਵਸਦਾ। ਹਾੜ ਦੀ ਤਪਸ਼ ਵਾਂਗ ਉਹ ਜੀਵ ਕਲਾ-ਕਲੇਸ਼, ਵੈਰ-ਵਿਰੋਧ, ਈਰਖਾ, ਨਿੰਦਿਆ, ਵਿਸ਼ੇ-ਵਿਕਾਰਾਂ ਦੀ ਅਗਨੀ ਵਿਚ ਤਪਦੇ ਦੁਖ ਭੋਗਦੇ ਰਹਿੰਦੇ ਹਨ ਜਿਹੜੇ ਜਗਤ ਦੇ ਸਹਾਰੇ ਪਰਮਾਤਮਾ (ਜਗਜੀਵਨ ਪੁਰਖੁ) ਦਾ ਆਸਰਾ ਛੱਡ ਕੇ ਦੁਨਿਆਵੀ ਮਨੁੱਖਾਂ (ਮਾਣਸ ਸੰਦੀ) ਦੀਆਂ ਆਸਾਂ ਬਣਾਈ ਰਖਦੇ ਹਨ। ਦੁਨਿਆਵੀ ਲੋਕਾਂ ਅਤੇ ਪਦਾਰਥਾਂ ਦਾ ਸਹਾਰਾ ਦ੍ਵੈਤ-ਭਾਵਨਾ ਹੈ ਜਿਸ ਨਾਲ ਸਾਰੀ ਜ਼ਿੰਦਗੀ ਵਿਗੋਚੇ ਵਿਚ, ਖੁਆਰੀ ਵਿਚ, ਦੁਖਾਂ ਵਿਚ ਬਤੀਤ ਹੁੰਦੀ ਹੈ ਅਤੇ ਅੰਤ ਜਮਾਂ ਦੀ ਫਾਹੀ ਗਲ ਪੈਂਦੀ ਹੈ। ਇਹ ਅਟੱਲ ਦੈਵੀ ਕਾਨੂੰਨ ਹੈ, ਰੱਬੀ ਹੁਕਮ ਹੈ। ਇਕ ਪ੍ਰਮਾਤਮਾ ਦਾ ਓਟ ਆਸਰਾ ਬੰਧਨਾਂ ਤੋਂ ਮੁਕਤ ਕਰਦਾ ਹੈ ਅਤੇ ਇਕ ਨੂੰ ਛੱਡ ਕੇ ਸੰਸਾਰਕ ਆਸਰੇ ਬੰਧਨਾਂ ਵਿਚ ਪਾਈ ਰਖਦੇ ਹਨ।

ਜੇਠ ਹਾੜ ਦੇ ਮਹੀਨਿਆਂ ਵਿਚ ਸੂਰਜ ਦੀ ਤਪਸ਼ ਸਿਖਰਾਂ ਤੇ ਹੁੰਦੀ ਹੈ। ਅਤਿ ਦੀ ਗਰਮੀ ਕਾਰਨ ਧਰਤੀ ਭੱਠ ਵਾਂਗ ਭਖਦੀ ਹੈ। ਜੀਵ ਜੰਤੂ ਪਸ਼ੂ ਪੰਛੀ ਸਭਨਾਂ ਲਈ ਗਰਮੀ ਨੂੰ ਸਹਾਰਨਾ ਬਹੁਤ ਕਠਨ ਹੋ ਜਾਂਦਾ ਹੈ। ਇਕ ਤਾਂ ਬਾਹਰ ਦੀ ਗਰਮੀ ਹੈ ਜੋ ਮਨੁੱਖ ਨੂੰ ਬੇਚੈਨ ਕਰ ਦਿੰਦੀ ਹੈ, ਇਕ ਅੰਦਰ ਦੀ ਗਰਮੀ ਹੈ, ਅੰਦਰ ਦੀ ਤਪਸ਼, ਵਿਕਾਰਾਂ ਦੀ ਤਪਸ਼, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਵੈਰ-ਵਿਰੋਧ ਦੀ ਤਪਸ਼ ਜੋ ਅੰਦਰ ਲੂਹ ਦਿੰਦੀ ਹੈ, ਖੁਸ਼ੀ, ਅਨੰਦ, ਖੇੜੇ ਨੂੰ ਵਿਲੂੰਦਰ ਦਿੰਦੀ ਹੈ, ਜੀਉੜਾ ਤਪਸ਼ ਨਾਲ ਬਿਹਬਲ ਹੋ ਉਠਦਾ ਹੈ -

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥*
*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥* *ਅੰਗ - ੬੬੧*

ਬਾਣੀ ਵਿਸਰੇਗੀ ਤਾਂ ਰੋਗ ਅਵੱਸ਼ ਲਗਣਗੇ, ਸਾਧਾਰਨ ਰੋਗ ਨਹੀਂ ਸਗੋਂ ਪੱਕੇ, ਦੀਰਘ ਰੋਗੀ ਵਾਂਗੂੰ ਮਨੁੱਖ ਵਿਰਲਾਪ ਕਰਦਾ ਹੈ (ਜਿਉਂ ਪਕਾ ਰੋਗੀ ਵਿਲਲਾਇ) ਇਹ ਗੁਰਬਾਣੀ ਦਾ ਨਿਰਣਾ ਹੈ, ਹਾੜ ਮਹੀਨੇ ਦੀ ਤਪਸ਼ ਉਸਨੂੰ ਹੀ ਸਾੜਦੀ ਹੈ (ਆਸਾੜੁ ਤਪੰਦਾ ਤਿਸ ਲਗੈ) ਜੋ ਨਾਮ-ਬਾਣੀ ਨਾਲੋਂ ਟੁੱਟ ਜਾਂਦਾ ਹੈ (ਹਰਿ ਨਾਹੁ ਨ ਜਿੰਨਾ ਪਾਸਿ) ਜਦੋਂ ਅਸੀਂ ਪ੍ਰਭੂ-ਨਾਮ ਰਾਹੀਂ ਆਪਣੇ ਅਸਲੇ ਨਾਲ ਜੁੜ ਜਾਂਦੇ ਹਾਂ ਤਾਂ ਬਾਹਰ ਦੀ ਜੇਠ-ਹਾੜ ਦੀ ਗਰਮੀ ਸਾਡਾ ਕੁਝ ਨਹੀਂ ਵਿਗਾੜ ਸਕਦੀ ਸਗੋਂ ਅੰਦਰ ਪ੍ਰਭੂ ਪਿਆਰ ਦੀ ਸੀਤਲਤਾ, ਸ਼ਾਂਤੀ, ਸਹਿਜ ਅਨੰਦ ਆ ਵਸਦੇ ਹਨ-

*ਛਾਤੀ ਸੀਤਲ ਮਨੁ ਤਨੁ ਠੰਢਾ ॥ ਜਨਮ ਮਰਣ ਕੀ ਮਿਟਵੀ ਡੰਝਾ ॥ ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ ਅਮਿਉ ਧਾਰਿ ਦ੍ਰਿਸਟੰਗਨਾ ॥*

*ਅੰਗ - ੧੦੮੦*

ਪ੍ਰਭੂ-ਨਾਮ ਨਾਲ ਜੁੜਿਆਂ ਸਦਾ ਸੁਖ ਹੀ ਸੁਖ ਹੈ। ਉਠਦਿਆਂ, ਬਹਿੰਦਿਆਂ, ਸੌਂਦਿਆਂ, ਜਾਗਦਿਆਂ, ਗੁਣੀ-ਨਿਧਾਨ ਦੀ ਸਿਫਤਿ-ਸਾਲਾਹ ਨਾਲ ਸਦਾ-ਸਦਾ ਤਨ ਤੇ ਮਨ ਦੋਵੇਂ ਹੀ ਸੀਤਲ ਤੇ ਸੁਖੀ ਹੁੰਦੇ ਹਨ -

*ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ ॥*
*ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ ॥ ਅੰਗ- ੩੨੧*

ਜਿਹੜੇ ਮਨੁੱਖ ਸੁਖ-ਸਾਗਰ, ਸਾਰੇ ਜਗਤ ਨੂੰ ਪਾਲਣਹਾਰ ਪ੍ਰਮਾਤਮਾ ਨੂੰ ਭੁੱਲ ਕੇ ਦੁਨਿਆਵੀ ਲੋਕਾਂ ਦਾ ਆਸਰਾ ਲੱਭਦੇ ਹਨ, ਉਹ ਗਲਤ ਰਸਤੇ ਪੈ ਕੇ ਨਾਮੋਸ਼ੀ ਤੇ ਦੁਖਾਂ ਦੀ ਖਾਈ ਵਿਚ ਜਾ ਡਿਗਦੇ ਹਨ (ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ)। ਗੁਰਬਾਣੀ ਅਨੁਸਾਰ ਇਕ ਪ੍ਰਮਾਤਮਾ ਦੀ ਆਸ ਹੀ ਸਾਡੇ ਦੁਖ ਦਰਦ ਦੂਰ ਕਰਨ ਦੇ ਸਮਰੱਥ ਹੈ -

*ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥*

*ਅੰਗ - ੨੮੧*

ਮਨੁੱਖ ਤੋਂ ਆਸ ਰੱਖਣੀ ਨਮੋਸ਼ੀ ਦਾ ਕਾਰਨ ਬਣਦੀ ਹੈ, ਇਸ ਲਈ ਇਹ ਝੂਠੀ ਆਸ ਹੈ -

*ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥*
*ਦੇਵਨ ਕਉ ਏਕੈ ਭਗਵਾਨੁ ॥*
*ਜਿਸ ਕੈ ਦੀਐ ਰਹੈ ਅਘਾਇ ॥*
*ਬਹੁਰਿ ਨ ਤ੍ਰਿਸਨਾ ਲਾਗੈ ਆਇ ॥*
*ਮਾਰੈ ਰਾਖੈ ਏਕੋ ਆਪਿ ॥*
*ਮਾਨੁਖ ਕੈ ਕਿਛੁ ਨਾਹੀ ਹਾਥਿ ॥*
*ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥*
*ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥*
*ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥*
*ਨਾਨਕ ਬਿਘਨੁ ਨ ਲਾਗੈ ਕੋਇ ॥ ਅੰਗ - ੨੮੧*

ਜਿਥੇ ਜੀਵਾਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ ਉਥੇ ਦੁਖ ਦੇ ਭਾਵ ਖਤਮ ਹੋ ਜਾਂਦੇ ਹਨ -

*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥*

*ਅੰਗ - ੧੪੧੪*

ਸੋ ਪ੍ਰਮਾਤਮਾ ਨੂੰ ਭੁੱਲ ਕੇ ਦੂਜੇ ਭਾਵ ਵਿਚ ਵਿਚਰਨ ਨਾਲ ਵਿਗੋਚਾ ਹੀ ਵਿਗੋਚਾ ਹੈ, ਦੁਖ ਹੀ ਦੁਖ ਹੈ (ਦੁਯੈ ਭਾਇ ਵਿਗੁਚੀਐ)। ਪ੍ਰਭੂ ਪ੍ਰਮੇਸ਼ੂਰ ਨੂੰ ਆਪਣਾ ਇਸ਼ਟ, ਮਾਲਕ, ਪਤੀ, ਸਮਝਣ ਦੀ ਬਜਾਏ ਦੁਨਿਆਵੀ ਲੋਕਾਂ, ਪਦਾਰਥਾਂ ਨਾਲ ਮੋਹ ਪਾਲਣਾ 'ਦੂਜਾ ਭਾਉ' ਹੈ, ਜਿਸ ਵਿਚੋਂ ਕੇਵਲ ਅਸ਼ਾਂਤੀ ਅਤੇ ਦੁਖ ਹੀ ਮਿਲਦਾ ਹੈ। ਇਹ ਦੂਜਾ ਭਾਵ ਹੀ ਮਨੁੱਖ ਦਾ ਮੂਲ-ਦੁਖਾਂਤ ਹੈ ਜੋ ਪ੍ਰਮੇਸ਼ੂਰ ਨਾਲ ਮਿਲਣ ਨਹੀਂ ਦਿੰਦਾ -

*ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਕੇ ਚਰਣ ਵਿਸਾਰੇ ॥*
*ਜਗਜੀਵਨ ਦਾਤਾ ਜਨ ਸੇਵਕ ਤੇਰੇ ਤਿਨ ਕੇ ਤੈ ਦੂਖ ਨਿਵਾਰੇ ॥*

*ਅੰਗ - ੨੯੬*

'ਵੈਸਾਖਿ' ਦੇ ਮਹੀਨੇ ਵਿਚ ਵੀ ਗੁਰੂ ਮਹਾਰਾਜ ਨੇ ਐਸਾ ਫੁਰਮਾਨ ਬਖਸ਼ਿਸ਼ ਕੀਤਾ ਹੈ -

*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥*
*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ਅੰਗ - ੧੩੩*

**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥**
**ਰੈਣ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥**

ਸੰਸਾਰ ਰਚਨਾ ਦਾ ਇਹ ਅਟੁੱਟ ਨਿਯਮ ਹੈ ਕਿ ਮਨੁੱਖ ਕਰਮਾਂ ਰਾਹੀਂ ਜੈਸੀ ਖੇਤੀ ਬੀਜਦਾ ਹੈ, ਵੈਸਾ ਹੀ ਫਲ ਪ੍ਰਾਪਤ ਕਰਦਾ ਹੈ। ਚੰਗੇ ਕਰਮਾਂ ਦਾ ਚੰਗਾ ਫਲ, ਮੰਦੇ ਕਰਮਾਂ ਦਾ ਮੰਦਾ, ਐਸਾ ਦੈਵੀ ਤੇ ਦੁਨਿਆਵੀ ਕਾਨੂੰਨ ਹੈ। ਜਪੁਜੀ ਵਿਚ ਗੁਰੂ ਨਾਨਕ ਦੇਵ ਜੀ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ ਕਿ ਪੁੰਨ ਅਤੇ ਪਾਪ ਦੇ ਕਰਮ ਕੇਵਲ ਕਹਿਣ ਮਾਤਰ ਨਹੀਂ, ਮਨੁੱਖ ਜੋ ਪੁੰਨ ਪਾਪ ਵਾਲੇ ਕਰਮ ਕਰਦਾ ਹੈ ਉਸਦਾ ਭੁਗਤਾਨ ਏਥੇ ਵੀ ਹੁੰਦਾ ਹੈ ਅਤੇ ਜਨਮ ਜਨਮਾਂਤਰਾਂ ਤਕ ਹੁੰਦਾ ਰਹਿੰਦਾ ਹੈ -

*ਪੁੰਨੀ ਪਾਪੀ ਆਖਣੁ ਨਾਹਿ ॥*
*ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥*
*ਆਪੇ ਬੀਜਿ ਆਪੇ ਹੀ ਖਾਹੁ ॥*
*ਨਾਨਕ ਹੁਕਮੀ ਆਵਹੁ ਜਾਹੁ ॥ ਅੰਗ - ੪*

ਬਾਰਹਮਾਹਾ ਦੇ ਆਰੰਭ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਅਸੀਂ ਮਨੁੱਖ ਪੂਰਬਲੇ ਕਰਮਾਂ ਕਰਕੇ ਪ੍ਰਭੂ ਤੋਂ ਵਿਛੜੇ ਹੋਏ ਹਾਂ। ਪ੍ਰਮਾਤਮਾ ਦੀ ਖੋਜ ਵਿਚ ਥਾਂ-ਥਾਂ ਭਟਕ ਕੇ, ਥੱਕ ਹਾਰ ਕੇ, ਹੁਣ ਤੇਰੀ ਸ਼ਰਨ ਵਿਚ ਆਏ ਹਾਂ, ਸਾਨੂੰ ਆਪਣਾ ਮਿਲਾਪ ਬਖਸ਼ -

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥*

*ਅੰਗ - ੧੩੩*

ਇਸੇ ਤਰ੍ਹਾਂ 'ਭਾਦੁਇ' ਦੇ ਮਹੀਨੇ ਵਿਚ ਗੁਰੂ ਜੀ ਮੁੜ ਕਰਮ-ਪ੍ਰਤੀਕਰਮ ਦੇ ਦੈਵੀ ਹੁਕਮ ਨੂੰ ਸਾਡੀ ਦ੍ਰਿਸ਼ਟੀਗੋਚਰ ਕਰਦੇ ਹਨ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - ੧੩੩*

'ਕਤਿਕਿ' ਦੇ ਮਹੀਨੇ ਵਿਚ ਵੀ ਗੁਰੂ ਜੀ ਸਪਸ਼ਟ ਕਰਦੇ ਹਨ ਕਿ ਮਨੁੱਖ ਆਪਣੇ ਕੀਤੇ ਮਾੜੇ ਕਰਮਾਂ ਦੇ ਮਾੜੇ ਨਤੀਜੇ

ਭੋਗਣ ਸਮੇਂ ਦੂਜਿਆਂ ਨੂੰ ਦੋਸ਼ ਦੇਣਾ ਉਚਿਤ ਨਹੀਂ। ਪ੍ਰਮੇਸ਼੍ਵਰ ਨੂੰ ਭੁੱਲ ਕੇ ਵਿਸ਼ੇ-ਵਿਕਾਰਾਂ ਦੇ ਕਰਮਾ ਦਾ ਪ੍ਰਤੀ-ਕਰਮ ਭਿਆਨਕ ਰੋਗਾਂ ਵਿਚ ਹੁੰਦਾ ਹੈ, ਇਸ ਵਿਚ ਸਾਡੇ ਆਪਣੇ ਕਰਮਾਂ ਦਾ ਦੋਸ਼ ਹੈ, ਨਾ ਕਿ ਕਿਸੇ ਹੋਰ ਦਾ -

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ਅੰਗ - ੧੩੫*

ਮਨੁੱਖ ਅਨੇਕ ਪ੍ਰਕਾਰ ਦੇ ਮਨ ਚਾਹੇ ਕਰਮ ਕਰਦਾ ਹੈ, ਜੋ ਉਸ ਦੇ ਧੁਰ ਅੰਦਰ ਮਨ ਦੀ ਫੱਟੀ ਤੇ ਲਿਖੇ ਜਾਂਦੇ ਹਨ, ਜੋ ਉਸ ਦੇ ਸੰਸਕਾਰਾਂ ਦਾ ਹਿੱਸਾ ਬਣ ਜਾਂਦੇ ਹਨ। ਇਨ੍ਹਾਂ ਦਾ ਫਲ ਭੋਗਣ ਲਈ ਉਸਨੂੰ ਕਈ ਜਨਮਾਂ ਵਿਚ ਭਟਕਣਾ ਪੈਂਦਾ ਹੈ। ਇਸ ਲਈ ਮਾੜੇ ਕੰਮ ਦਾ ਮਾੜਾ ਨਤੀਜਾ ਭੋਗਣ ਸਮੇਂ ਦੂਜਿਆਂ ਤੇ ਦੋਸ਼ ਥਪਣਾ ਉਚਿਤ ਨਹੀਂ -

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ - ੪੩੩*

ਸਾਰਾ ਸੰਸਾਰ ਮਨ ਦੇ ਬਣੇ ਸੰਸਕਾਰਾਂ ਦੀ ਬਿਰਤੀ ਅਨੁਸਾਰ ਚੰਗੇ ਮਾੜੇ, ਨੇਕੀ ਬਦੀ, ਪੁੰਨ ਪਾਪ ਦੀ ਦ੍ਵੈਤ ਖੇਡ ਵਿਚ ਰੁਝਿਆ ਹੋਇਆ ਕਰਮ ਕਰਦਾ ਅਤੇ ਫਲ ਭੋਗਦਾ ਜੰਮਦਾ ਮਰਦਾ ਰਹਿੰਦਾ ਹੈ। ਇਹ ਆਵਾਗਉਣ ਦਾ ਚੱਕਰ ਅਨੰਤ ਕਾਲ ਚਲਦਾ ਰਹਿੰਦਾ ਹੈ। ਕੋਈ ਵਿਰਲਾ ਪ੍ਰਭੂ-ਭਗਤ ਹੀ ਕਰਮਾਂ ਦੇ ਇਸ ਦ੍ਵੈਤ-ਭਾਵ ਵਿਚੋਂ ਨਿਕਲ ਕੇ ਸਹਿਜ-ਅਵਸਥਾ ਨੂੰ ਪ੍ਰਾਪਤ ਹੁੰਦਾ ਹੈ-

*ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥*
*ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥ ਅੰਗ - ੫੧*

ਚੰਗੇ ਮਾੜੇ ਕਰਮਾਂ ਦੀ ਨਿਰੰਤਰ ਖੇਡ ਵਿਚ ਹੀ ਮਨੁੱਖ ਦੀ ਸਾਰੀ ਉਮਰਾ ਦੀ ਰਾਤ ਬੀਤ ਜਾਂਦੀ ਹੈ (ਰੈਣਿ ਵਿਹਾਣੀ)। ਅੰਤ ਸਮੇਂ ਜਦੋਂ ਮਨੁੱਖ ਬੀਤ ਚੁੱਕੇ ਜੀਵਨ ਵਲ ਝਾਤ ਮਾਰਦਾ ਹੈ ਤਾਂ ਨਿਕੰਮੇ ਤੇ ਗਲਤ ਕੰਮਾਂ ਵਿਚ ਬਰਬਾਦ ਕੀਤੇ ਜੀਵਨ ਦਾ ਉਸਨੂੰ ਬਹੁਤ ਅਫਸੋਸ ਤੇ ਪਛਤਾਵਾ ਲਗਦਾ ਹੈ (ਪਛੁਤਾਣੀ) ਉਹ ਸੰਸਾਰ ਤੋਂ ਉਦਾਸ ਤੇ ਨਿਰਾਸ ਹੋ ਕੇ ਟੁੱਟੇ ਹੋਏ ਦਿਲ ਨਾਲ ਵਿਦਾ ਹੁੰਦਾ ਹੈ (ਉਠਿ ਚਲੀ ਗਈ ਨਿਰਾਸ) ਪਰ ਜੀਵਨ ਬਾਜੀ ਹਾਰ ਕੇ ਪਛਤਾਵੇ ਦਾ ਕੀ ਲਾਭ? ਚੰਗੇ ਮਾੜੇ ਕਰਮਾਂ ਦੀ ਜੀਵਨ ਖੇਡ, ਇਸ ਦਾ ਲੇਖਾ ਜੋਖਾ, ਇਨ੍ਹਾਂ ਦਾ ਭੁਗਤਾਨ ਅਤੇ ਕੀਮਤੀ ਮਨੁੱਖਾ ਜਨਮ ਦੇ ਗਵਾਚ ਜਾਣ ਦਾ ਮਰਨ-ਉਪਰਾਂਤ ਕੀਤਾ ਅਫਸੋਸ ਤੇ ਇਸ ਦੀ ਨਿਰਾਰਥਕਤਾ ਦਾ ਗੁਰੂ ਨਾਨਕ ਦੇਵ ਜੀ ਨੇ ਆਸਾ ਜੀ ਦੀ ਵਾਰ ਦੀ ਨਿਮਨ ਪਉੜੀ ਵਿਚ ਬੜਾ ਸਾਰਥਕ ਨਕਸ਼ਾ ਖਿਚਿਆ ਹੈ -

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ*
*॥ ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪*

**ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥**
**ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥**

ਨਿਰਾਰਸਤਾ ਅਤੇ ਪਛੋਤਾਵੇ ਦਾ ਨਕਸ਼ਾ ਖਿੱਚ ਕੇ ਗੁਰੂ ਜੀ ਸਾਨੂੰ ਉਦਾਸੀ ਦੇ ਘੁੱਪ-ਹਨ੍ਹੇਰੇ ਵਿਚੋਂ ਕੱਢਣਾ ਚਾਹੁੰਦੇ ਹਨ। ਐਸਾ ਨਾ ਹੋਵੇ ਕਿ ਦੁਰਲੱਭ ਜੀਵਨ-ਕਾਲ ਸਮਾਪਤ ਹੋ ਜਾਣ ਤੇ ਅਸੀਂ ਪਛਤਾਵੇ ਵਿਚ ਦੁਖੀ ਹੋਈਏ। ਗੁਰੂ ਜੀ ਸਾਡੇ ਪੱਥ ਪਰਦਰਸ਼ਕ ਹੋ ਕੇ ਰਾਹ ਵਿਖਾਂਦੇ ਹਨ ਕਿ ਕਰਮਾਂ ਦੇ ਲੇਖੇ ਤੋਂ ਬਚਣ ਲਈ ਸਤਿਗੁਰੂ ਦੀ ਸ਼ਰਨ ਵਿਚ ਆਈਏ, ਸੰਤ ਮਹਾਂਪੁਰਸ਼ਾਂ, ਨਾਮ-ਅਭਿਆਸੀਆਂ ਦੀ ਸੰਗਤ ਕਰੀਏ। ਤਾਕਿ ਪ੍ਰਮੇਸ਼੍ਵਰ ਦੀ ਦਰਗਾਹ ਵਿਚ ਸੁਰਖਰੂ ਹੋ ਕੇ ਜਾਈਏ। ਸਾਧੂ ਸੰਤ ਸਮਰੱਥ ਗੁਰੂ ਤੋਂ ਪ੍ਰਾਪਤ ਕੀਤੇ ਸ਼ਬਦ ਨਾਲ ਜੋੜਦੇ ਹਨ, ਨਾਮ ਸਿਮਰਨ ਦਾ ਮਾਰਗ ਸਪਸ਼ਟ ਕਰਦੇ ਹਨ, ਨਾਮ-ਅਭਿਆਸ ਦੀ ਕਮਾਈ ਰਾਹੀਂ ਸਫਲ ਜੀਵਨ-ਜੀਉਣ ਦੀ ਜੁਗਤਿ ਦਸਦੇ ਹਨ। ਅਹੰਕਾਰ ਦੇ ਬਿਖਿਆ ਜੰਜਾਲ ਵਿਚੋਂ ਕੱਢਣ ਵਿਚ ਸਹਾਈ ਹੁੰਦੇ ਹਨ। ਇਸ ਤਰ੍ਹਾਂ ਮਨੁੱਖ ਨਾਮ-ਅਭਿਆਸ ਕਮਾਈ ਕਰਕੇ ਉਜਲਾ ਮੁਖ ਲੈ ਕੇ ਪ੍ਰਭੂ ਦੀ ਦਰਗਾਹ ਵਿਚ ਜਾਂਦਾ ਹੈ। ਐਸਾ ਮਾਰਗ ਗੁਰੂ ਮਹਾਰਾਜ ਸੁਖਮਨੀ ਸਾਹਿਬ ਵਿਚ ਦਰਸਾਂਦੇ ਫੁਰਮਾਨ ਕਰਦੇ ਹਨ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਕਰਮਾਂ ਦੇ ਫਲ ਅਤੇ ਜਾਲ ਜਾਂ ਆਵਾਗਉਣ ਦੇ ਬੰਧਨਾਂ ਤੋਂ ਸਿਰਫ ਉਨ੍ਹਾਂ ਨੂੰ ਹੀ ਖਲਾਸੀ ਮਿਲਦੀ ਹੈ ਜੋ ਨਾਮ-ਸਿਮਰਨ-ਸਾਧਨਾ ਪ੍ਰਭੂ ਪਿਆਰੇ ਨਾਮ-ਅਭਿਆਸੀ ਸੰਤਾਂ-ਸਾਧੂਆਂ ਦੀ ਸੰਗਤ ਵਿਚ ਕਰਦੇ ਹਨ -

*ਆਨਿ ਆਨਿ ਸਮਧਾ ਬਹੁ ਕੀਨੀ ਪਲੁ ਬੈਸੰਤਰ ਭਸਮ ਕਰੀਜੈ ॥*
*ਮਹਾ ਉਗ੍ਰ ਪਾਪ ਸਾਕਤ ਨਰ ਕੀਨੇ ਮਿਲਿ ਸਾਧੂ ਲੂਕੀ ਦੀਜੈ ॥*
*ਅੰਗ - ੧੩੨੪*

**ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥**
**ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥**

ਇਸ ਲਈ ਮਨੁੱਖ ਦੀ ਸਦਾ ਇਹ ਅਰਦਾਸ ਹੋਣੀ ਚਾਹੀਦੀ ਹੈ ਕਿ ਹੇ ਪ੍ਰਭੂ! ਤੇਰੇ ਬਿਨਾਂ ਮੇਰਾ ਹੋਰ ਕੋਈ ਆਸਰਾ ਸਹਾਰਾ ਨਹੀਂ। ਕ੍ਰਿਪਾ ਕਰਕੇ ਸਾਡੇ ਅੰਦਰ ਵੀ ਆਪਣੇ ਦਰਸ਼ਨਾਂ ਦੀ ਲੋਚਾ ਪੈਦਾ ਕਰ। ਉਸ ਮਨੁੱਖ ਨੂੰ ਹਾੜ ਦੀ ਤਪਸ਼ ਨਹੀਂ ਲਗਦੀ, ਸਗੋਂ ਹਾੜ ਦਾ ਗਰਮ ਮਹੀਨਾ ਵੀ ਸੁਖੀ ਤੇ ਸੁਹਾਵਣਾ ਲਗਣ ਲਗ ਜਾਂਦਾ ਹੈ। ਉਸਨੂੰ ਦੁਨੀਆਂ ਦੇ ਦੁਖ ਕਲੇਸ਼ ਵੀ ਨਹੀਂ ਪਹੁੰਦੇ। ਉਸ ਦਾ ਮਨ ਪ੍ਰਭੂ ਦੇ ਚਰਨਾਂ ਨਾਲ ਜੁੜ ਜਾਂਦਾ ਹੈ, ਉਹ ਪ੍ਰਭੂ ਦੇ ਨਾਮ-ਸਿਮਰਨ ਵਿਚ ਜੁੜ ਕੇ ਆਪਣੇ ਅਸਲੇ ਦੀ ਪਛਾਣ ਕਰ ਲੈਂਦਾ ਹੈ। ਉਸ ਦਾ ਇਕ ਮਹੀਨੇ ਦਾ ਹਾੜ ਨਹੀਂ ਸਗੋਂ

ਪੂਰੀ ਜ਼ਿੰਦਗੀ ਦਾ ਹਾੜ ਅਰਥਾਤ ਪੂਰਾ ਜੀਵਨ ਹੀ ਸੁਖੀ ਸੁਹਾਵਣਾ ਤੇ ਅਨੰਦਮਈ ਹੋ ਜਾਂਦਾ ਹੈ। ਗੁਰਬਾਣੀ ਰਾਹੀਂ ਜੀਵਨ ਦਾ ਮਨੋਰਥ ਜਾਣੀਏ, ਮਨੋਰਥ ਦੀ ਪ੍ਰਾਪਤੀ ਦਾ ਮਾਰਗ ਜਾਣੀਏ, ਸਾਧ ਸੰਗਤ ਵਿਚ ਮਿਲ ਕੇ ਨਾਮ-ਅਭਿਆਸ ਦੀ ਕਮਾਈ ਕਰੀਏ ਅਤੇ ਜੀਵਨ ਨੂੰ ਸੁਖੀ, ਸੁਹੇਲਾ ਅਤੇ ਸਫਲ ਕਰੀਏ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨*

## ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ

*ਆਸਾੜੁ ਭਲਾ ਸੂਰਜੁ ਗਗਨਿ ਤਪੈ ॥*
*ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥*
*ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥*
*ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥*
*ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥*
*ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥*
*ਅੰਗ - ੧੧੦੮*

**ਆਸਾੜੁ ਭਲਾ ਸੂਰਜੁ ਗਗਨਿ ਤਪੈ॥** ਹਾੜ ਦਾ ਮਹੀਨਾ ਵੀ ਸ਼ੁਭ ਹੈ, ਚੰਗਾ ਹੈ ਜਦੋਂ ਕਿ ਆਕਾਸ਼ ਵਿਚ ਸੂਰਜ ਜੋਰਾਂ ਨਾਲ ਤਪਦਾ ਹੈ। **ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥** ਸੂਰਜ ਦੀ ਤਪਸ਼ ਕਾਰਨ ਧਰਤੀ ਦੀ ਨਮੀ ਸੁਕਦੀ ਜਾਂਦੀ ਹੈ, ਇੰਜ ਧਰਤੀ ਦੁਖ ਸਹਿੰਦੀ ਹੈ, ਧਰਤੀ ਦੇ ਜੀਅ ਜੰਤ ਔਖੇ ਹੁੰਦੇ ਹਨ ਕਿਉਂਕਿ ਧਰਤੀ ਅੱਗ ਵਾਂਗ ਭਖਦੀ ਹੈ। **ਅਗਨਿ ਰਸੁ ਸੋਖੈ, ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥** ਸੂਰਜ ਦੀ ਅਗਨੀ ਪਾਣੀ ਨੂੰ, ਰਸਾਂ ਨੂੰ ਸੁਕਾ ਦਿੰਦੀ ਹੈ, ਹਰੇਕ ਪ੍ਰਾਣੀ ਦੀ ਜਿੰਦ ਕ੍ਰਾਹ-ਕ੍ਰਾਹ ਕੇ ਦੁਖੀ ਹੁੰਦੀ ਹੈ, ਫਿਰ ਵੀ ਸੂਰਜ ਆਪਣਾ ਕਰਤੱਵ ਨਹੀਂ ਛੱਡਦਾ, ਤਪਸ਼ ਜਾਰੀ ਰਹਿੰਦੀ ਹੈ। **ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥** ਸੂਰਜ ਦਾ ਰੱਥ ਨਿਰੰਤਰ ਚੱਕਰ ਲਾਉਂਦਾ ਰਹਿੰਦਾ ਹੈ, ਤਪਸ਼ ਤੋਂ ਬਚਣ ਲਈ ਇਸਤ੍ਰੀ ਛਾਂ ਭਾਲਦੀ ਹੈ (ਕਮਜ਼ੋਰ ਜੀਵ ਵਿਕਾਰਾਂ ਦੀ ਤਪਸ਼ ਤੋਂ ਬਚਣ ਲਈ ਗੁਰੂ ਦਾ ਆਸਰਾ ਭਾਲਦੇ ਹਨ)? ਤਪਸ਼ ਕਾਰਨ ਬੀਂਡਾ ਭੀ ਬਾਹਰ ਜੂਹ ਵਿਚ ਟੀਂ ਟੀਂ ਪਿਆ ਕਰਦਾ ਹੈ। ਗਰਮੀ ਤੋਂ ਰਾਹਤ ਲਈ ਤਰਲੇ ਲੈਂਦਾ ਹੈ। **ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥** ਜਿਹੜੀ ਜੀਵ ਇਸਤ੍ਰੀ ਸੰਸਾਰ ਯਾਤਰਾ ਸਮੇਂ ਮੰਦੇ ਕਰਮਾਂ ਦੀ ਪੰਡ ਸਿਰ ਤੇ ਬੰਨੀ ਫਿਰਦੀ ਹੈ, ਉਸਨੂੰ ਵਿਕਾਰਾਂ ਦੀ ਤਪਸ਼ ਦਾ ਦੁਖ ਅਵੱਸ਼ ਭੋਗਣਾ ਪੈਂਦਾ ਹੈ। ਪਰ ਜੋ ਜੀਵ ਇਸਤ੍ਰੀ ਸੱਚੇ ਪ੍ਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦੀ ਹੈ, ਉਸਨੂੰ ਅਵੱਸ਼ ਸੁਖ ਅਤੇ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ। **ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥** ਹੇ ਨਾਨਕ! ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਨੇ ਕ੍ਰਿਪਾ ਕਰਕੇ ਹਰੀ ਨਾਮ ਸਿਮਰਨ ਵਾਲਾ ਮਨ ਦਿਤਾ ਹੈ, ਪ੍ਰਭੂ ਪ੍ਰੀਤਮ ਨਾਲ ਉਸ ਦਾ ਸਦੀਵੀ ਸਾਥ ਬਣ ਜਾਂਦਾ ਹੈ, ਉਸਨੂੰ ਹਾੜ ਦੀ ਕਹਿਰ-ਤਪਸ਼, ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ।

**********

(ਪੰਨਾ 6 ਦੀ ਬਾਕੀ)

ਲਖਬੀਰ ਸਿੰਘ ਜੀ ਸਮੁੱਚੀ ਸੇਵਾ ਸੰਭਾਲ ਪਰੰਪਰਾ ਅਨੁਸਾਰ ਦੇਸ ਪ੍ਰਦੇਸ ਵਿਚ ਗੁਰੂ ਪਿਆਰੀਆਂ ਸੰਗਤਾਂ ਦੇ ਦੀਵਾਨ ਸਜਾ ਕੇ ਨਿਭਾ ਰਹੇ ਹਨ। ਸੇਵਾ-ਸਿਮਰਨ ਅਤੇ ਅੰਮ੍ਰਿਤ ਸੰਚਾਰ ਦੇ ਮਤਵਾਤਰ ਪਰਵਾਹ ਚਲ ਰਹੇ ਹਨ। ਰਤਵਾੜਾ ਸਾਹਿਬ ਵਿਖੇ ਇਸ ਸਮੇਂ ਨਵੀਆਂ ਉਸਾਰੀਆਂ ਹੋ ਰਹੀਆਂ ਹਨ। ਸਕੂਲਾਂ, ਕਾਲਜਾਂ ਵਿਚ ਨਿਰੰਤਰ ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਸਿਖਿਆ ਦਿਤੀ ਜਾ ਰਹੀ ਹੈ। 'ਆਤਮ-ਮਾਰਗ' ਮੈਗਜ਼ੀਨ ਚੜ੍ਹਦੀ ਕਲਾ ਵਿਚ ਨਿਰੰਤਰ ਆਪ ਜੀ ਪਾਸ ਪੁੱਜ ਰਿਹਾ ਹੈ। ਪਿਛਲੇ ਮਹੀਨੇ ਆਪ ਜੀ ਸੁਹਿਰਦ ਪ੍ਰੇਮੀਆਂ, ਪਾਠਕਾਂ ਨੂੰ ਇਹ ਬੇਨਤੀ ਕੀਤੀ ਗਈ ਸੀ ਕਿ ਆਪ ਜੀ ਵਿਚੋਂ ਕੁਝ ਪ੍ਰੇਮੀ ਮੁਖੀ ਹੋ ਕੇ ਘਟੋ ਘਟ ਦਸ ਮੈਂਬਰਾਂ ਦੀ ਮੈਂਬਰਸ਼ਿਪ, ਚੰਦਿਆਂ ਦੀ ਅਦਾਇਗੀ, ਰੀਨਿਊਲ ਅਤੇ ਪਹੁੰਚ ਦੀ ਜ਼ਿੰਮੇਵਾਰੀ ਦੀ ਸੇਵਾ ਸੰਭਾਲ ਕਰਨ ਤਾਕਿ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਅਤੇ ਸੰਤ ਬਾਬਾ ਲਖਬੀਰ ਸਿੰਘ ਜੀ ਦਾ ਸੁਪਨਾ ਸਾਕਾਰ ਹੋਵੇ। ਮਹਾਂਪੁਰਸ਼ ਕਿਹਾ ਕਰਦੇ ਸਨ, ਜਿਸ ਘਰ ਵਿਚ 'ਆਤਮ ਮਾਰਗ' ਪੜ੍ਹਿਆ ਅਤੇ ਵਿਚਾਰਿਆ ਜਾਵੇਗਾ, ਉਸ ਘਰ ਤੋਂ ਕਲਾ ਕਲੇਸ਼ ਅਤੇ ਦੁੱਖ-ਦਲਿੱਦਰ ਦੂਰ ਹੋ ਜਾਣਗੇ ਤੇ ਸੁਖ ਸ਼ਾਂਤੀ ਦਾ ਨਿਵਾਸ ਹੋਵੇਗਾ। ਗੁਰੂ ਮਹਾਰਾਜ ਜੀ ਦਾ ਆਦੇਸ਼ ਹੈ ਕਿ ਗੁਰਮੁਖ ਗੁਰਸਿਖ ਆਪ ਨਾਮ ਜਪਦੇ ਹਨ ਅਤੇ ਦੂਜਿਆਂ ਨੂੰ ਨਾਮ-ਸਿਮਰਨ ਲਈ ਪ੍ਰੇਰਿਤ ਕਰਦੇ ਹਨ। ਗੁਰੂ ਮਹਾਰਾਜ ਐਸੇ ਗੁਰਸਿਖ ਨੂੰ ਅਤਿਅੰਤ ਪਿਆਰ ਬਖਸ਼ਦੇ ਫੁਰਮਾਂਦੇ ਹਨ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੬*

ਆਤਮ ਮਾਰਗ ਦੀ ਭੇਟਾ 16 ਸਾਲ ਪਹਿਲਾਂ ਅਪ੍ਰੈਲ 1998 ਵਿਚ ਨੀਯਤ ਹੋਈ ਸੀ। ਹੁਣ ਤਕ ਕਾਗਜ਼, ਛਪਾਈ, ਟਰਾਂਸਪੋਰਟ ਆਦਿ ਦੀਆਂ ਕੀਮਤਾਂ ਵਿਚ ਕਈ ਗੁਣਾਂ ਵਾਧਾ ਹੋ ਗਿਆ ਹੈ। ਇਸ ਲਈ ਅਗਸਤ 2014 ਤੋਂ ਭੇਟਾ ਦੇ ਨਵੇਂ ਦਰ ਲਾਗੂ ਕਰਨ ਦੀ ਸਾਂਝੀ ਵੀਚਾਰ ਬਣੀ ਹੈ। ਵੇਰਵਾ ਆਖਰੀ ਪੰਨੇ ਤੇ ਦਿਤਾ ਗਿਆ ਹੈ। ਆਸ ਹੈ ਆਪ ਜੀ ਸੁਹਿਰਦਤਾ ਨਾਲ ਪੂਰਾ ਸਹਿਯੋਗ ਦੇਵੋਗੇ।

ਸਤਿਗੁਰੂ ਆਪ ਜੀ ਨੂੰ ਆਤਮ ਮਾਰਗ ਦੀ ਇਹ ਸੇਵਾ, ਪਰਉਪਕਾਰ ਕਰਨ ਦੀ ਹਿੰਮਤ ਅਤੇ ਖੁਸ਼ੀਆਂ ਬਖਸ਼ਣ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਣ ਆਤਮ ਮਾਰਗ ਦੇ ਇਸ ਅੰਕ ਵਿਚ ਮਹਾਂਪੁਰਸ਼ਾਂ ਦੇ ਵਿਸ਼ੇਸ਼ ਲੇਖ ਦਿਤੇ ਜਾ ਰਹੇ ਹਨ ਜਿਨ੍ਹਾਂ ਵਿਚ ਇਸ ਅਦੁੱਤੀ ਸ਼ਹਾਦਤ ਦੀ ਅਹਿਮੀਅਤ ਪਰਤੱਖ ਹੁੰਦੀ ਹੈ ਅਤੇ ਸੀਸ ਗੁਰੂ ਚਰਨਾਂ ਵਿਚ ਜਾ ਟਿਕਦਾ ਹੈ।

ਆਪ ਜੀ ਦੀ ਸੇਵਾ ਵਿਚ ਇਹ ਜਾਣਕਾਰੀ ਦੇਣੀ ਵੀ ਜ਼ਰੂਰੀ ਹੈ ਕਿ ਮਹਾਂਪੁਰਸ਼ਾਂ ਦਾ ਜਨਮ ਦਿਵਸ 17 ਜੂਨ ਨੂੰ ਪੂਰੇ ਪਿਆਰ ਤੇ ਸਤਿਕਾਰ ਨਾਲ ਰਤਵਾੜਾ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। 17 ਜੂਨ ਦੇ ਵਿਸ਼ੇਸ਼ ਸਮਾਗਮਾਂ ਵਿਚ ਆਪ ਜੀ ਨੇ ਵੱਧ ਚੜ੍ਹ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਹੈ। ਸਤਿਗੁਰੂ ਸਭਨਾਂ ਨੂੰ ਨਾਮ-ਦਾਨ ਅਤੇ ਚੜ੍ਹਦੀ ਕਲਾ ਬਖਸ਼ਸ਼ ਕਰਨ।

***(ਡਾ.) ਜਗਜੀਤ ਸਿੰਘ***
***ਮੁੱਖ-ਸੰਪਾਦਕ***

**********

# ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨਹੀ ਆਯਉ

(ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ, ਜੂਨ 1, 2014, ਦੇ ਸੰਦਰਭ ਵਿਚ ਮਹਾਂਪੁਰਸ਼ਾਂ ਦਾ ਵਿਸ਼ੇਸ਼ ਦੀਵਾਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

***ਸਤਿਨਾਮ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - ੨੫੬*

***ਧਾਰਨਾ - ਤੁਝ ਬਿਨ ਕਵਨ ਹਮਾਰਾ,***
***ਮੇਰੇ ਪ੍ਰੀਤਮ ਪ੍ਰਾਣ ਆਧਾਰਾ।***

*ਤੁਝ ਬਿਨੁ ਕਵਨੁ ਹਮਾਰਾ ॥*
*ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥ ੧ ॥ ਰਹਾਉ ॥*
*ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ ॥*
*ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ ॥ ੧ ॥*
*ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ ॥*
*ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ ॥ ੨ ॥*
*ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥*
*ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥ ੩ ॥*
*ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ ॥*
*ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ*
*ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥ ਅੰਗ - ੨੦੨*

***ਧਾਰਨਾ - ਕੋਈ ਕਿਸੇ ਦਾ ਕਿਸੈ ਦਾ ਹੈ ਕੋਈ,***
***ਮੇਰਾ ਤੂੰ ਹੈਂ ਏਕੋ ਮਾਲਕਾ।***

***ਸਗਲ ਦੁਆਰ ਕਉ ਛਾਡਿ ਕੈ***
***ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।।***
***ਦੋਹਰਾ***

ਗੁਰੂ ਮਹਾਰਾਜ ਗੁਰੂ ਅਰਜਨ ਪਾਤਸ਼ਾਹ ਜੀ ਦਾ ਪਾਵਨ ਸ਼ਹੀਦੀ ਦਿਹਾੜਾ ਜੋ ਕਿ ਸਾਰੇ ਸੰਸਾਰ ਭਰ ਵਿਚ ਮਨਾਇਆ ਜਾਏਗਾ। ਉਸ ਦੀ ਯਾਦ ਵਿਚ ਤੁਸੀਂ ਦੂਰ-ਦਰਾਜ਼ ਤੋਂ ਆ ਕੇ, ਕਾਰੋਬਾਰ ਛੱਡਦੇ ਹੋਏ, ਗੁਰੂ ਦੀ ਹਾਜ਼ਰੀ ਭਰ ਰਹੇ ਹੋਂ। ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਸਰਵਣ ਕਰਨਾ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ। ਕੰਨਾਂ ਦੇ ਨਾਲ ਪਾਵਨ ਬਾਣੀ ਤੇ ਵਿਚਾਰ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰੋ। ਫੇਰ ਹਿਰਦੇ 'ਚ ਧਾਰੋ। ਜਦੋਂ ਵਾਰੀ ਆਵੇ ਤਾਂ ਬਿਨਾਂ ਸੰਕੋਚ ਗੱਜ ਵਜ ਕੇ ਸਾਰੇ ਸ਼ਬਦ 'ਚ ਬੋਲੋ। ਜਦੋਂ ਅਸੀਂ ਇਸ ਤਰ੍ਹਾਂ ਕਰਾਂਗੇ ਕਿੰਨਾ ਫਲ ਹੋਏਗਾ? ਮਹਾਰਾਜ ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਹੋ ਸਕਦਾ ਹੈ ਕਿ ਕਿਸੇ ਦੇ ਮਨ ਵਿਚ ਇਹ ਕਿੰਤੂ ਹੋਵੇ ਕਿ ਐਨੀ ਕੁ ਗੱਲ ਦਾ, ਸ਼ਾਮਿਆਨੇ ਦੇ ਥੱਲੇ ਬੈਠੇ ਹਾਂ, ਇਕ ਸਾਧੂ ਹੈ ਤਪੀਆ ਪੁਰਸ਼ ਹੈ ਉਹ ਧੁੱਪੇ ਬੈਠਾ ਹੈ, ਜੇਠ ਹਾੜ ਦੀ ਧੁੱਪ ਦੇ ਅੰਦਰ, ਧੂਣੀਆਂ ਉਸਨੇ ਚਾਰ ਆਲੇ-ਦੁਆਲੇ ਲਾਈਆਂ ਹੋਈਆਂ ਨੇ, ਚਾਰੋਂ ਪਾਸਿਆਂ ਦੀ ਹਵਾ ਦੇ। ਲਹੂ ਸੁਕਾ ਰਿਹਾ ਹੈ। ਕੁਛ ਪਾਣੀ ਨਹੀਂ ਪੀ ਰਿਹਾ, ਸਵੇਰ ਦਾ ਬੈਠਾ ਹੈ, ਸ਼ਾਮ ਹੋ ਗਈ, ਮਹੀਨੇ ਲੰਘ ਗਏ। ਕੀ ਉਸ ਤੋਂ ਵੀ ਵੱਧ ਤਪ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਉਹ ਤਾਂ ਜਿਵੇਂ ਲੱਖ ਰੁਪਈਏ 'ਚੋਂ ਇਕ ਰੁਪਿਆ ਕਹਿ ਦੇਈਏ ਐਨਾ ਵੀ ਨਹੀਂ ਹੈ। ਇਸ ਤੋਂ ਵੀ ਘੱਟ ਹੈ, ਇਕ ਪੈਸੇ ਜਿੰਨਾ ਹੈ। ਇਹਦਾ ਫਲ ਕਿੰਨਾ ਹੈ? ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਜਿਹੜੇ ਸੁਣਦੇ ਨੇ ਪੂਰੀ ਵਿਧੀ ਦੇ ਨਾਲ, ਫੇਰ ਗਾਉਂਦੇ ਨੇ, ਕਈ ਕਰੋੜ ਜੱਗਾਂ ਦਾ ਫਲ ਸਹਿਜ ਸੁਭਾਅ ਪ੍ਰਾਪਤ ਹੁੰਦਾ ਹੈ। ਸੋ ਬਹੁਤ ਵੱਡੇ ਫਲ ਨੂੰ ਪ੍ਰਾਪਤ ਕਰਨ ਵਾਸਤੇ ਤੁਸੀਂ ਇਥੇ ਬੈਠੇ ਓਂ। ਜੋ ਵਿਚਾਰ ਹੁੰਦੀ ਹੈ ਧਿਆਨ ਨਾਲ ਸਰਵਣ ਕਰੋ।

ਗੁਰੂ ਅਰਜਨ ਸਾਹਿਬ ਮਹਾਰਾਜ ਜਿਨ੍ਹਾਂ ਦਾ ਨਾਮ ਲੈਣ ਦੇ ਨਾਲ ਹੀ ਜੰਮਣਾ ਮਰਨਾ ਕੱਟ ਜਾਇਆ ਕਰਦਾ ਹੈ, ਜਦੋਂ ਅਸੀਂ ਯਾਦ ਕਰਦੇ ਹਾਂ ਗੁਰੂ ਮਹਾਰਾਜ ਨੂੰ ਉਨ੍ਹਾਂ ਦੀ ਯਾਦ ਵਿਚ ਸਾਡੇ ਮਨ ਦੀ ਸੂਈ ਸਿੱਧੀ ਹੁੰਦੀ ਹੈ ਤਾਂ ਉਸ ਵੇਲੇ ਫਲ ਕਿੰਨਾ ਹੁੰਦਾ ਹੈ? ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿਚ ਆਉਂਦਾ ਹੈ ਕਿ ਜੰਮਣਾ ਮਰਣਾ ਖਤਮ ਹੋ ਜਾਂਦਾ ਹੈ।

ਜਿਸ ਨੇ ਵੀ ਗੁਰੂ ਅਰਜਨ ਸਾਹਿਬ ਜੀ ਦੀ ਯਾਦ ਹਿਰਦੇ 'ਚ ਬਿਠਾਈ ਤੇ ਜਿਸ ਨੇ ਇਹ ਕਹਿ ਦਿਤਾ ਧੰਨ ਗੁਰੂ ਅਰਜਨ ਸਾਹਿਬ-ਧੰਨ ਗੁਰੂ ਅਰਜਨ ਸਾਹਿਬ। ਕਹਿੰਦੇ, ਜਮਦੂਤਾਂ ਦੇ ਬਲ ਦੇ ਨਾਲ ਗਲ ਵਿਚ ਪਾਈ ਹੋਈ ਫਾਹੀ ਕਟ ਜਾਏਗੀ। ਓਸ ਗੁਰੂ ਦੀ ਯਾਦ ਵਿਚ ਜਿਹਨੂੰ ਸ਼ਹੀਦਾਂ ਦਾ ਸਿਰਤਾਜ ਕਹਿੰਦੇ ਨੇ ਅੱਜ ਤੁਸੀਂ ਦੂਰ-ਦਰਾਜ਼ ਤੋਂ ਆ ਕੇ ਇਕੱਠੇ ਹੋਏ ਓਂ। ਸੋ ਆਪਾਂ ਵਿਚਾਰ ਕਰਨੀ ਹੈ ਤੇ ਫੁਰਮਾਨ ਕਰਦੇ ਨੇ। ਭੱਟ ਸਾਰੇ ਭਾਰਤ ਵਰਸ਼ ਵਿਚ ਘੁੰਮਦੇ ਫਿਰਦੇ ਰਹੇ ਤੇ ਉਨ੍ਹਾਂ ਦੇ ਮਨ ਵਿਚ ਇਹ ਸੀ ਕਿ ਕੋਈ ਪੂਰਾ ਜੇ ਮਿਲ ਜਾਵੇ ਤਾਂ ਉਸ ਤੋਂ ਅਸੀਂ ਜੀਵਨ ਦੇ ਮਨੋਰਥ ਦਾ ਪਤਾ ਕਰੀਏ ਤੇ ਪਰਮ ਮਨੋਰਥ ਨੂੰ ਪ੍ਰਾਪਤ ਕਰੀਏ। ਉਹ ਬਹੁਤ ਘੁੰਮਦੇ ਰਹੇ ਲੇਕਿਨ ਕਿਤੇ ਨਾ ਮਿਲਿਆ। ਇਕ ਸਾਲ ਹੋ ਗਿਆ ਫਿਰਦਿਆਂ ਨੂੰ, ਲੇਕਿਨ ਕੋਈ ਮਿਲਿਆ ਨਾ ਐਸਾ ਜਿਹੜਾ ਤਸੱਲੀ ਕਰ ਸਕਦਾ ਹੋਵੇ। ਜਿਹੜਾ ਅੰਦਰਲੀ ਜੋਤੀ ਜਗਾ ਸਕਦਾ ਹੋਵੇ। ਜਿਹੜਾ ਅੰਦਰਲੇ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਅੰਗ - ੧੨੯੧*

ਇਸ ਥਾਂ ਦੇ ਉਤੇ ਪਹੁੰਚਾ ਦਿੰਦਾ। ਜਿਥੇ ਪੰਜੇ ਸ਼ਬਦਾਂ ਦਾ ਵਾਜਾ ਦਿਨ ਰਾਤ ਵਜਦਾ ਹੈ। ਜਿਥੇ ਕਰੋੜਾਂ ਸੂਰਜਾਂ ਦਾ ਪ੍ਰਕਾਸ਼

ਹਰ ਵਕਤ ਲਟ-ਲਟ ਕਰਦਾ ਹੈ, ਕੋਈ ਮਿਲਿਆ ਨਾ, ਵੱਡੇ-ਵੱਡੇ ਦੇਖੇ। ਕਹਿੰਦੇ ਕਹਾਉਂਦੇ ਦੇਖੇ, ਲੇਕਿਨ ਰਹਿਤ ਨਾ ਦੇਖੀ। ਪਰ ਹੁਣ ਕਹਿੰਦੇ, ਸਾਡੇ ਮੱਥੇ ਦੇ ਉਤੇ ਕੋਈ ਐਸਾ ਸ਼ੁੱਭ ਕਰਮ ਪ੍ਰਗਟ ਹੋ ਗਿਆ ਕਿ ਅਸੀਂ ਗੁਰੂ ਅਰਜਨ ਪਾਤਸ਼ਾਹ ਦੇ ਦਰਬਾਰ ਵਿਚ ਆ ਗਏ। ਜਿਨ੍ਹਾਂ ਚਿਰ ਨਹੀਂ ਪ੍ਰਗਟਿਆ ਸੀ ਓਨਾਂ ਚਿਰ ਅਸੀਂ ਭਰਮਦੇ ਫਿਰਦੇ ਸੀ -

*ਜਬ ਲਉ ਨਹੀ ਭਾਗ ਲਿਲਾਰ ਉਦੈ*
*ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥*
*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ*
*ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥* *ਅੰਗ - ੧੪੦੯*

ਕੋਈ ਨਹੀਂ ਸੀ ਮਿਲਿਆ।

*ਤਤੁ ਬਿਚਾਰੁ ਯਹੈ ਮਥੁਰਾ*
*ਜਗ ਤਾਰਨ ਕਉ ਅਵਤਾਰੁ ਬਨਾਯਉ ॥*
*ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥* *ਅੰਗ - ੧੪੦੯*

ਜਿਹਨੇ ਉਨ੍ਹਾਂ ਦਾ ਧਿਆਨ ਧਰ ਲਿਆ ਫੇਰ ਨਾ ਉਹਦੇ ਉਤੇ ਕੋਈ ਦੁੱਖ ਆਵੇ, ਨਾ ਜੂਨੀਆਂ 'ਚ ਆਵੇ। ਜੰਮਣ-ਮਰਣਾ, ਭੂਤ ਪ੍ਰੇਤ ਨਹੀਂ ਬਣਦਾ।

ਗੁਰੂ ਅਰਜਨ ਪਾਤਸ਼ਾਹ, ਆਪ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਇਸੇ ਪਰਿਵਾਰ ਦੇ ਜੋ ਸਭ ਤੋਂ ਵੱਡੇ ਸੀ ਪ੍ਰਿਥੀ ਚੰਦ ਉਹ ਦੁਨਿਆਵੀ ਤੌਰ ਦੇ ਉਤੇ ਬਹੁਤ ਹੁਸ਼ਿਆਰ ਸੀ। ਕਾਰੋਬਾਰ ਦੇ ਹਿਸਾਬ ਨਾਲ ਨਵਾਂ ਅੰਮ੍ਰਿਤਸਰ ਸਾਹਿਬ ਦਾ ਸ਼ਹਿਰ ਵਸਾਇਆ ਸੀ। 52 ਕਿਸਮਾਂ ਵਾਲੇ ਬੰਦੇ ਉਥੇ ਲਿਆ ਕੇ ਵਸਾਏ, ਜਦੋਂ ਸ਼ਹਿਰ ਵਸਦਾ ਹੈ ਉਸ ਵੇਲੇ ਬਹੁਤ ਜ਼ਿੰਮੇਵਾਰੀ ਵਧ ਜਾਂਦੀ ਹੈ, ਵਸਾਉਣ ਵਾਲੇ ਦੀ। ਉਨ੍ਹਾਂ ਦਾ ਪਾਣੀ ਦਾ ਬੰਦੋਬਸਤ, ਉਨ੍ਹਾਂ ਦੀ ਸਿਹਤ ਦਾ ਬੰਦੋਬਸਤ, ਸਫਾਈ ਦਾ ਬੰਦੋਬਸਤ, ਖਾਣ ਪੀਣ ਦਾ ਬੰਦੋਬਸਤ, ਦੁਕਾਨਾਂ ਦਾ ਬੰਦੋਬਸਤ, ਲੋੜਵੰਦ ਬੰਦੋਬਸਤ, ਦੁੱਧ ਦਾ ਦਹੀਂ ਦਾ, ਘਿਉ ਦਾ। ਮੰਡੀ ਬਣਾਉਣੀ ਪੈਂਦੀ ਹੈ, ਸਾਰਾ ਢਾਂਚਾ ਬਣਾਉਣਾ ਪੈਂਦਾ ਹੈ। ਸੋ ਉਹਦੇ ਵਿਚ ਬੜਾ ਹੀ ਨਿਪੁੰਨ ਸੀ ਪ੍ਰਿਥੀ ਚੰਦ। ਕਮੇਟੀ ਕੋਈ ਨਹੀਂ ਸੀ ਬਣਾਈ ਹੋਈ ਜਿਵੇਂ ਮਿਉਂਸਪਲ ਹੁੰਦੀ ਹੈ ਅੱਜਕਲ੍ਹ। ਉਹ ਆਪ ਹੀ ਟੈਕਸ ਲਾਉਂਦਾ ਸੀ, ਆਪ ਹੀ ਸਭ ਕੰਮ ਕਰਦਾ ਸੀ। ਜਨਤਾ ਵੀ ਰਾਜ਼ੀ ਸੀ, ਗੁਰੂ ਕੇ ਲੰਗਰ ਵੀ ਚਲਦੇ ਸੀ। ਇਹਦੇ ਮਨ ਵਿਚ ਖਿਆਲ ਰਹਿੰਦਾ ਸੀ ਕਿ ਗੁਰਗੱਦੀ ਮੈਨੂੰ ਮਿਲ ਜਾਵੇ ਕਿਉਂਕਿ ਮੈਂ ਵੱਡਾ ਹਾਂ, ਮੇਰਾ ਹੱਕ ਹੈ। ਇਹ ਕਿਸੇ ਹੋਰ ਨੂੰ ਨਾ ਦੇ ਦੇਣ, ਪਰ ਗੁਰੂ ਰਾਮਦਾਸ ਮਹਾਰਾਜ ਜੀ ਇਹਦੀ ਅੰਦਰਲੀ ਗੱਲ ਨੂੰ ਜਾਣਦੇ ਸੀ ਤੇ ਉਨ੍ਹਾਂ ਨੂੰ ਇਹ ਪਤਾ ਸੀ ਕਿ ਸੰਸਾਰ ਦਾ ਬੋਝ ਨਹੀਂ ਇਹ ਚੁੱਕ ਸਕਦਾ। ਇਹ ਬੰਦਾ ਕਮਜ਼ੋਰ ਹੈ, ਇਹ ਹਿਤ ਦੇ ਪਿੱਛੇ ਲੱਗਿਆ ਹੋਇਆ ਹੈ। ਲਾਲਚ ਪਿੱਛੇ ਲੱਗਿਆ ਹੋਇਆ ਹੈ, ਮਾਇਆ ਪਿੱਛੇ ਲੱਗਿਆ ਹੋਇਆ ਹੈ। ਜਿਹੜਾ ਵੀ ਆਦਮੀ ਮਾਇਆ ਦੇ ਪਿੱਛੇ ਲੱਗੇਗਾ ਉਹ ਕਮਜ਼ੋਰ ਹੋਏਗਾ। ਉਹ ਸੱਚ ਨਹੀਂ ਬੋਲ ਸਕਦਾ ਕਦੇ ਵੀ। ਸੱਚ ਨੂੰ ਸਾਮ੍ਹਣੇ ਸਹਿ ਨਹੀਂ ਸਕਦਾ। ਓਸ ਨੂੰ ਝੂਠ ਦੀ ਓਟ ਲੈਣੀ ਪੈਂਦੀ ਹੈ। ਸੱਚ ਵਾਹਿਗੁਰੂ ਹੈ, ਜਿਹਦਾ ਵਾਹਿਗੁਰੂ ਦੇ ਉਤੇ ਭਰੋਸਾ ਹੈ ਉਹ ਫੇਰ ਓਸ ਭਰੋਸੇ ਨੂੰ ਛੱਡ ਕੇ ਹੋਰ ਕਿਸੇ ਦੇ ਭਰੋਸੇ ਤੇ ਨਹੀਂ ਜਾ ਸਕਦਾ।

ਸੋ ਰਾਮਦਾਸ ਮਹਾਰਾਜ ਜੀ ਨੇ ਏਸ ਗੱਲ ਨੂੰ ਪਰਖਣ ਵਾਸਤੇ ਥੋੜ੍ਹਾ ਬਚਨ ਕੀਤਾ ਕਿ ਉਨ੍ਹਾਂ ਦੇ ਭਰਾ ਦੇ ਲੜਕੇ ਦੀ ਸ਼ਾਦੀ ਸੀ। ਕਹਿਣ ਲੱਗੇ, ਪ੍ਰਿਥੀ ਚੰਦ ਤੂੰ ਚਲਿਆ ਜਾ, ਕਹਿੰਦਾ ਮਹਾਰਾਜ! ਮੈਂ ਕਿਸ ਤਰ੍ਹਾਂ ਜਾ ਸਕਦਾ ਹਾਂ। ਐਥੇ ਦੇਖੋ ਕਿੰਨੀਆਂ ਸੰਗਤਾਂ ਆਉਂਦੀਆਂ ਨੇ, ਕਿੱਡਾ ਭਾਰਾ ਲੰਗਰ ਚਲਦਾ ਹੈ। ਤੁਸੀਂ ਤਾਂ ਚਲੇ ਜਾਂਦੇ ਓਂ, ਮੈਨੂੰ ਹੀ ਪਤਾ ਹੈ ਕਿ ਕਿੰਨੀਆਂ ਚੀਜ਼ਾਂ ਲਿਆਉਣੀਆਂ ਪੈਂਦੀਆਂ ਨੇ। ਅੰਦਰ ਖਿਆਲ ਇਹ ਸੀ ਕਿ ਕਿਤੇ ਮੈਨੂੰ ਬਾਹਰ ਭੇਜ ਕੇ ਐਸਾ ਨਾ ਹੋਵੇ ਗੁਰੂ ਅਰਜਨ ਪਾਤਸ਼ਾਹ ਨੂੰ ਗੁਰਿਆਈ ਦੇ ਦੇਣ। ਦੂਸਰਾ ਉਹਨੂੰ ਇਹ ਪਤਾ ਸੀ ਕਿ ਮਹਾਰਾਜ ਜੀ ਦੀ ਉਮਰ ਤਾਂ ਹੁਣ ਇਕ ਸਾਲ, ਇਕ ਮਹੀਨਾ ਜਾਂ ਡੇਢ ਮਹੀਨੇ ਦੀ ਰਹਿੰਦੀ ਹੈ ਤੇ ਮੈਨੂੰ ਬਾਹਰ ਭੇਜਣਾ ਚਾਹੁੰਦੇ ਨੇ। ਸੋ ਗਿਆ ਨਾ। ਗੁਰੂ ਅਰਜਨ ਪਾਤਸ਼ਾਹ ਜੀ ਛੋਟੇ ਸੀ ਅਠਾਰ੍ਹਾਂ ਸਾਲ ਦੇ। ਆਪ ਨੂੰ ਹੁਕਮ ਕੀਤਾ, ਆਪ ਗੁਰੂ ਰਾਮਦਾਸ ਮਹਾਰਾਜ ਜੀ ਦੇ ਦਰਸ਼ਨ ਕਰੇ ਤੋਂ ਬਗੈਰ ਜੀਉਂਦੇ ਨਹੀਂ ਸੀ ਰਹਿੰਦੇ। ਹਰ ਵਕਤ ਇਕ ਟੱਕ ਲਾ ਕੇ ਦਰਸ਼ਨ ਕਰਦੇ ਰਹਿੰਦੇ ਸੀ ਤੇ ਜੋ ਆਗਿਆ ਹੁੰਦੀ ਉਸਦੀ ਪੂਰਤੀ ਕਰਦੇ ਸੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਰਾਮਦਾਸ ਮਹਾਰਾਜ ਜੀ ਨੇ ਕਿਹਾ ਬੇਟਾ ਅਰਜਨ! ਤੂੰ ਹੀ ਜਾ ਆ। ਨੇਤਰਾਂ 'ਚ ਜਲ ਆ ਗਿਆ, ਕਹਿੰਦੇ ਪਾਤਸ਼ਾਹ! ਜੋ ਆਪ ਦੀ ਆਗਿਆ। ਪਰ ਆਪ ਦੇ ਦਰਸ਼ਨ ਤੋਂ ਬਗੈਰ ਮੇਰਾ ਜੀਉਣਾ ਔਖਾ ਹੈ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ - ੭੦੮*

ਪਾਤਸ਼ਾਹ ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ ਮੈਨੂੰ ਵੀ ਔਖਾ ਹੋ ਜਾਏਗਾ ਪਰ ਆਪ ਦੀ ਜੋ ਆਗਿਆ ਸਿਰ ਮੱਥੇ। ਕਹਿਣ ਲੱਗੇ ਕਿ ਦੂਸਰੀ ਆਗਿਆ ਇਹ ਹੈ ਕਿ ਉਥੇ ਸਤਿਸੰਗ ਕਰਨੇ ਨੇ। ਸੰਗਤ ਨੂੰ ਸੱਚ ਦੇ ਰਸਤੇ ਤੋਰਨਾ ਹੈ। ਤੀਸਰਾ ਇਹ ਹੈ ਕਿ ਜਦੋਂ ਤੱਕ ਅਸੀਂ ਬੁਲਾਈਏ ਨਾ ਤਦ ਤਕ ਵਾਪਸ ਨਹੀਂ ਆਉਣਾ। ਸੋ ਹੁਕਮ ਦੀ ਤਾਮੀਲ ਹੋਈ, ਹਰ ਰੋਜ਼ ਉਡੀਕਦੇ ਰਹੇ ਕਿ ਅੱਜ ਸੰਦੇਸ਼ਾ ਆਉਂਦਾ ਹੈ, ਅੱਜ ਆਉਂਦਾ ਹੈ, ਇਕ ਸਾਲ ਲੰਘ ਗਿਆ, ਜੋ ਬਿਰਹਾ ਦੀ ਹਾਲਤ ਉਨ੍ਹਾਂ ਦੀ ਹੋਈ ਹੋਣੀ ਹੈ, ਉਹਨੂੰ ਮਹਾਰਾਜ ਜੀ ਹੀ ਜਾਣਦੇ ਨੇ ਅਸੀਂ ਤਾਂ ਦੱਸ ਨਹੀਂ ਸਕਦੇ ਕਿਉਂਕਿ ਦੂਸਰਾ ਦੱਸਣ ਦੀ ਸਮਰੱਥਾ ਨਹੀਂ ਰੱਖਿਆ ਕਰਦਾ, ਐਸਾ ਫੁਰਮਾਨ ਹੈ -

***ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦੈ।***

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥* *ਅੰਗ - ੩੨੭*

ਮੱਛੀ ਪਾਣੀ ਤੋਂ ਬਗੈਰ ਜੀਉਂਦੀ ਨਹੀਂ ਰਹਿੰਦੀ, ਸਾਨੂੰ

ਵੀ ਨਹੀਂ ਇਸ ਗੱਲ ਦਾ ਪਤਾ ਕਿ ਇਹਦੀ ਜਾਨ ਕਿਵੇਂ ਨਿਕਲ ਜਾਂਦੀ ਹੈ। ਇਹ ਮੱਛੀ ਹੀ ਜਾਣਦੀ ਹੈ। ਸੋ ਇਸ ਤਰ੍ਹਾਂ ਕਿਵੇਂ ਵਿਜੋਗ ਵਿਚ ਇਕ ਸਾਲ ਕੱਟਿਆ। ਅਖੀਰ ਚਿੱਠੀਆਂ ਲਿਖਣੀਆਂ ਸ਼ੁਰੂ ਕਰੀਆਂ। ਗੁਰਸਿੱਖ ਨੂੰ ਬੁਲਾਇਆ, ਅੱਧੀ ਰਾਤ ਚਿੱਠੀ ਲਿਖੀ, ਅੰਮ੍ਰਿਤ ਵੇਲਾ ਹੋਇਆ ਗੁਰਸਿੱਖ ਨੂੰ ਬੁਲਾਇਆ ਕਿ ਜਾ ਕੇ ਚਿੱਠੀ ਗੁਰੂ ਪਾਤਸ਼ਾਹ ਨੂੰ ਦੇਣਾ ਤੇ ਜੋ ਹੁਕਮ ਹੋਵੇ ਉਹ ਦੱਸਣਾ ਆ ਕੇ, ਆਪਣੇ ਪਿਆਰ ਦੇ ਨਕਸ਼ੇ ਦੀ ਪਹਿਲੀ ਚਿੱਠੀ ਇਸ ਤਰ੍ਹਾਂ ਦੇ ਨਾਲ ਲਿਖੀ –

***ਧਾਰਨਾ – ਗੁਰਾਂ ਦੇ ਦਰਸ਼ਨ ਤਾਈਂ***
***ਮੇਰਾ ਮਨ ਲੋਚਦੈ।***

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ***
***ਬਿਨੁ ਦਰਸਨ ਸੰਤ ਪਿਆਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਗੁਰ ਦਰਸਨ ਸੰਤ ਪਿਆਰੇ ਜੀਉ॥ ਸ਼ਬਦ ਹਜ਼ਾਰੇ***

ਇਕ ਨੰਬਰ ਦੇ ਕੇ ਚਿੱਠੀ ਬੰਦ ਕਰ ਦਿਤੀ। ਲੇਕਿਨ ਚਿੱਠੀ ਸਤਿਗੁਰੂ ਤੱਕ ਪ੍ਰਿਥੀ ਚੰਦ ਨੇ ਪਹੁੰਚਣ ਨਹੀਂ ਦਿਤੀ। ਝੂਠ ਮੂਠ ਕਹਿ ਕੇ ਸਿੱਖ ਨੂੰ ਮੋੜ ਦਿਤਾ ਕਿ ਅਰਜਨ ਜੀ ਨੂੰ ਕਹਿ ਦੇਣਾ ਕਿ ਪਿਆਰ ਦੇ ਨਾਲ ਸੰਗਤਾਂ ਦੀ ਸੇਵਾ ਕਰਨ, ਚਿੱਠੀ ਮਿਲ ਗਈ ਤੁਹਾਡੀ। ਦੂਸਰੀ ਭੇਜੀ, ਉਹ ਵੀ ਏਵੇਂ ਰੱਖ ਲਈ। ਲੇਕਿਨ ਤੀਸਰੀ ਚਿੱਠੀ ਬਾਰੇ ਤਾਕੀਦ ਕਰ ਦਿਤੀ ਕਿ ਗੁਰਸਿੱਖਾ! ਆਪਣੇ ਹੱਥ ਨਾਲ ਦਿੰਦਾ ਹੁੰਦਾ ਹੈਂ, ਗੁਰੂ ਪਿਤਾ ਜੀ ਨੂੰ? ਕਹਿੰਦੇ, ਨਹੀਂ ਵੱਡੇ ਭਰਾਤਾ ਜੀ ਲੈ ਲੈਂਦੇ ਨੇ ਤੁਹਾਡੇ। ਕਹਿੰਦੇ, ਨਾ ਹੁਣ ਆਪ ਦੇਈਂ। ਜਦੋਂ ਮਹਾਰਾਜ ਜੀ ਨੇ ਤਿੰਨ ਨੰਬਰ ਲਿਖਿਆ ਹੋਇਆ ਪੜ੍ਹਿਆ, ਬਿਰਹੁੰ ਦੀ ਹਾਲਤ ਨੂੰ ਵਾਚਿਆ –

***ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***
***ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ***
***ਬਿਨੁ ਦੇਖੇ ਗੁਰ ਦਰਬਾਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਤਿਸ ਸਚੇ ਗੁਰ ਦਰਬਾਰੇ ਜੀਉ॥ ਸ਼ਬਦ ਹਜ਼ਾਰੇ***

ਮਹਾਰਾਜ ਜੀ ਨੇ ਦੇਖਿਆ ਕਿ ਦੋ ਚਿੱਠੀਆਂ ਪਹਿਲਾਂ ਆਈਆਂ ਨੇ। ਪੁਛਿਆ ਕਿ ਗੁਰਸਿਖਾ! ਚਿੱਠੀਆਂ ਪਹਿਲੀਆਂ ਕਿੱਥੇ ਨੇ? ਕਹਿਣ ਲੱਗਿਆ, ਮਹਾਰਾਜ! ਮੈਂ ਇਨ੍ਹਾਂ ਨੂੰ ਦੇ ਦਿਤੀਆਂ। ਹੁਕਮ ਹੋ ਗਿਆ ਕਿ ਜਾਓ ਜਲਦੀ ਲੈ ਕੇ ਆਓ। ਲਾਹੌਰ ਜਾਓ, ਬਾਬਾ ਬੁੱਢਾ ਜੀ ਨੂੰ ਹੁਕਮ ਦਿਤਾ ਕਿ ਫੌਰਨ ਜਾ ਕੇ ਲੈ ਆਓ। ਉਡੀਕਦੇ ਸਨ, ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਹੋ ਗਏ। ਪਤਾ ਲੱਗਿਆ ਕਿ ਚਿੱਠੀਆਂ ਲਿਖੀਆਂ ਸਨ, ਪ੍ਰਿਥੀ ਚੰਦ ਨੇ ਰੱਖ ਲਈਆਂ। ਪ੍ਰਿਥੀ ਚੰਦ ਨੂੰ ਬੁਲਾਇਆ ਤੇ ਪੁਛਿਆ ਕਿ ਬੇਟਾ ਪ੍ਰਿਥੀ ਚੰਦ! ਆਹ ਦੋ ਨੰਬਰ ਦੀਆਂ ਚਿੱਠੀਆਂ ਤੁਹਾਡੇ ਕੋਲ ਆਈਆਂ ਨੇ? ਹੁਣ ਪਤਾ ਨਹੀਂ ਹੁੰਦਾ ਕਿ ਝੂਠ ਨਹੀਂ ਬੋਲੀਦਾ ਹੁੰਦਾ। ਕਿਉਂਕਿ ਜਿਥੇ ਝੂਠ ਹੋਏਗਾ, ਉਥੇ ਪਾਪ ਹੋਇਆ ਕਰਦਾ, ਉਥੇ ਵਾਹਿਗੁਰੂ ਨਹੀਂ ਹੋਇਆ ਕਰਦਾ। ਝੂਠ ਆਇਆ ਤੇ ਵਾਹਿਗੁਰੂ ਅਤੇ ਨਾਮ ਦੋਵੇਂ ਚਲੇ ਗਏ ਕਿਉਂਕਿ ਇਹ ਹਉਮੈ ਦੀ ਚੀਜ਼ ਹੈ। ਨਾਮ ਵਾਹਿਗੁਰੂ।

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ॥ ਅੰਗ – ੫੬੦***

ਇਕ ਨੇ ਰਹਿਣਾ ਹੈ ਚਾਹੇ ਝੂਠ ਰੱਖ ਲਓ, ਹੈਰਾਨ ਹੋ ਗਏ। ਮਹਾਰਾਜ ਕਿ ਕਾਹਦੇ ਵਾਸਤੇ? ਕਿਉਂ ਛੁਪਾਉਂਦਾ ਹੈਂ? ਅਖੀਰ ਕਹਿਣ ਲੱਗੇ ਕਿ ਚਿੱਠੀਆਂ ਕੱਢ ਲਿਆਓ। ਜੇਬ 'ਚੋਂ ਕਢਾ ਲਈਆਂ। ਕਹਿੰਦਾ, ਇਹ ਤਾਂ ਮੈਂ ਆਪ ਹੀ ਲਿਖੀਆਂ ਸੀਗੀਆਂ। ਮੇਰੀਆਂ ਲਿਖੀਆਂ ਹੋਈਆਂ ਨੇ। ਕਹਿੰਦੇ ਜੇ ਤੇਰੀਆਂ ਲਿਖੀਆਂ ਹੋਈਆਂ ਨੇ ਫੇਰ ਚੌਥਾ ਅੰਕ ਪੂਰਾ ਕਰ। ਹੁਣ ਆਵੇ ਕਿੱਥੋਂ ਬਾਣੀ? ਕਰ ਨਾ ਸਕਿਆ, ਜਦੋਂ ਮਹਾਰਾਜ ਜੀ ਨੂੰ ਕਿਹਾ ਗਿਆ ਤਾਂ ਉਨ੍ਹਾਂ ਨੇ ਉਸੇ ਵੇਲੇ –

'ਭਾਗੁ ਹੋਆ ਗੁਰ ਸੰਤ ਮਿਲਾਇਆ' ਵਾਲੀ ਪਉੜੀ ਲਿਖ ਦਿਤੀ। ਅਖੀਰ ਗੁਰਗੱਦੀ ਦੇਣ ਦਾ ਨਿਹਚਾ ਕਰ ਲਿਆ, ਤੇ ਪ੍ਰਿਥੀ ਚੰਦ ਨੂੰ ਵੀ ਪਤਾ ਲੱਗ ਗਿਆ। ਝਗੜਾ ਪਾ ਲਿਆ, ਕਹਿੰਦਾ ਪਿਤਾ ਜੀ ਜ਼ੋਰ ਲਾ ਲਵੇ, ਮੈਂ ਇਹਨੂੰ ਸੁਖੀ ਨਹੀਂ ਰਹਿਣ ਦੇਣਾ। ਸੂਲੀ ਤੇ ਟੰਗ ਕੇ ਰੱਖਾਂਗਾ, ਗੁਰਿਆਈ ਕੀ ਕਰ ਲਏਗੀ, ਮੈਂ ਵਿਹਲ ਹੀ ਨਹੀਂ ਲੈਣ ਦੇਣਾ। ਮੇਰੀ ਤਾਕਤ ਦਾ ਤੁਹਾਨੂੰ ਵੀ ਪਤਾ ਹੈ ਇਹ ਅਣਜਾਣ ਬੱਚਾ ਹੈ ਇਹਨੂੰ ਕੀ ਪਤਾ ਹੈ। ਕਿੰਨੀਆਂ ਜ਼ਿੰਮੇਵਾਰੀਆਂ ਨੇ ਤੇ ਕਿਵੇ ਰਹੀਦਾ ਹੈ? ਸੋ ਮਹਾਰਾਜ ਨੇ ਦੇਖ ਲਿਆ ਕਿ ਇਹ ਤਾਂ ਬਹੁਤ ਗਲਤ ਬੰਦਾ ਸਾਬਤ ਹੋਇਆ ਹੈ ਤੇ ਆਪ ਨੇ ਫੁਰਮਾਨ ਕੀਤਾ ਕਿ ਬੇਟਾ ਪਿਤਾ ਦੇ ਨਾਲ ਨਹੀਂ ਝਗੜੀਦਾ ਹੁੰਦਾ। ਜਿਨ੍ਹਾਂ ਦੇ ਤੁਸੀਂ ਪੈਦਾ ਕੀਤੇ ਹੋਏ, ਪਾਲੇ ਹੋਏ ਓਂ, ਉਨ੍ਹਾਂ ਨਾਲ ਝਗੜਦਿਆਂ ਪਾਪ ਹੋਇਆ ਕਰਦਾ ਹੈ। ਮੰਨੀ ਨਹੀਂ ਗੱਲ। ਗੁਰੂ ਮਹਾਰਾਜ ਅੰਮ੍ਰਿਤਸਰ ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਉਥੇ ਜਾ ਕੇ ਗੁਰਿਆਈ ਦੇ ਦਿਤੀ ਤੇ ਆਪ ਸਰੀਰ ਛੱਡ ਦਿਤਾ। ਜਦੋਂ ਦਸਤਾਰ ਵਾਲਾ ਦਿਨ ਆਇਆ, ਉਸ ਵੇਲੇ ਉਸ ਨੇ ਸਾਰਿਆਂ ਆਪਣੀ ਪਾਰਟੀ ਦੇ ਮਸੰਦਾਂ ਨੂੰ ਕਿਹਾ ਕਿ ਮੈਂ ਵੱਡਾ ਲੜਕਾ ਹਾਂ। ਮੈਨੂੰ ਦਸਤਾਰ ਦਿਓ। ਜਦੋਂ ਮੈਨੂੰ ਦਸਤਾਰ ਮਿਲ ਗਈ ਤਾਂ ਮੈਂ ਗੁਰੂ ਬਣਾਂਗਾ। ਲੇਕਿਨ ਇਹ ਗੱਲ ਗੁਰਸਿੱਖਾਂ ਨੇ ਨਾ ਮੰਨੀ, ਇਹਨੇ ਜਬਰਦਸਤੀ ਜਦੋਂ ਸਾਰੇ, ਭੋਗ ਪੈ ਰਿਹਾ ਸੀ, ਜਬਰਦਸਤੀ ਹੱਥੋਪਾਈ ਕਰਕੇ ਦਸਤਾਰ ਖੋਹ ਲਈ, ਬਾਬਾ ਬੁੱਢਾ ਜੀ ਤੋਂ। ਉਹ ਕਹਿੰਦੇ, ਇਹਦੇ ਨਾਲ ਤਾਂ ਕੁਛ ਨਹੀਂ ਬਣਨਾ, ਦਸਤਾਰ ਤਾਂ ਮਿਲ ਗਈ, ਜਿਹੜੀ ਮਿਲਣੀ ਸੀ। ਸੋ ਇਸ ਤਰ੍ਹਾਂ ਵੈਰ ਮੁੱਢ ਬੱਝ ਗਿਆ।

ਦੂਜੇ ਪਾਸੇ ਮਹਾਰਾਜ ਗੁਰੂ ਅਰਜਨ ਪਾਤਸ਼ਾਹ ਆਪ ਬੜਾ ਯਤਨ ਕਰਦੇ ਨੇ ਕਿ ਭ੍ਰਾਤਾ ਜੀ! ਮੈਨੂੰ ਤਾਂ ਗੁਰੂ ਬਣਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੀ ਜੋਤੀ ਦਾ ਪ੍ਰਕਾਸ਼ ਹੈ ਜਿਸ ਸਰੀਰ 'ਚ ਹੋ ਜਾਵੇ, ਜਿਸ ਤੋਂ ਕੰਮ ਲੈਣਾ ਹੈ, ਉਹ ਕੰਮ ਲੈਣਾ ਹੀ ਹੈ। ਤੁਸੀਂ ਐਉਂ ਨਾ ਕਰੋ। ਲੇਕਿਨ ਮੰਨਦਾ ਨਹੀਂ ਹੈ। ਅਖੀਰ ਏਸ ਨੇ ਗੁਰੂ ਮਹਾਰਾਜ ਨਾਲ ਵੈਰ ਕਰਨਾ ਸ਼ੁਰੂ ਕਰ ਦਿਤਾ। ਗੁਰਿਆਈ 'ਤ ਆਪ ਬੈਠ ਗਏ। ਪਹਿਲਾਂ ਕੰਮ ਏਸ ਨੇ ਇਹ ਕਰਿਆ ਕਿ ਅੰਮ੍ਰਿਤਸਰ ਦੀ ਜਿੰਨੀ ਚੁੰਗੀ ਸੀ ਸਾਰੀ ਆਪਣੇ ਹੱਥ ਵਿਚ ਕਰ ਲਈ ਕਿ ਗੁਰੂ ਘਰ ਦੇ ਅੰਦਰ ਜਾਣ ਹੀ ਨਹੀਂ ਦੇਣੀ, ਕਿੱਥੋਂ ਖਰਚ ਕਰਨਗੇ, ਕਿਥੋਂ

ਸੜਕਾਂ ਬਣਾਉਣਗੇ, ਕਿੱਥੋਂ ਚੌਕੀਂਦਾਰ ਰੱਖਣਗੇ, ਕਿੱਥੋਂ ਲਾਈਟਾਂ ਕਰਨਗੇ, ਕਿੱਥੋਂ ਬਾਕੀ ਕੰਮ ਕਰਨਗੇ। ਦੂਸਰਾ ਇਹਨੇ ਕਰਿਆ ਕਿ ਜਿੰਨੀ ਭੇਟਾ ਬਾਹਰੋਂ ਆਉਂਦੀ ਸੀ, ਓਹ ਸਾਰੀ ਦੀ ਸਾਰੀ ਰਾਹ ਵਿਚ ਰੋਕਣੀ ਸ਼ੁਰੂ ਕਰ ਦਿਤੀ। ਕੋਈ ਪੈਸਾ ਗੁਰੂ ਘਰ ਵਿਚ ਨਾ ਆਉਣ ਦਿਤਾ ਤੇ ਏਜੰਟ ਰੱਖ ਲਏ, ਬਹੁਤ ਸਾਰੇ ਨਾਲ ਮਿਲਾ ਲਏ। ਜਿਹੜੇ-ਜਿਹੜੇ ਰਾਹਾਂ ਤੋਂ ਸੰਗਤ ਆਇਆ ਕਰਦੀ, ਦੂਰ-ਦਰਾਜ਼ ਤੱਕ ਬਿਠਾ ਕੇ, ਜਦੋਂ ਸੰਗਤ ਨੇ ਆਉਣਾ, ਪੁੱਛਣਾ, ਥੋੜ੍ਹਾ ਬਹੁਤਾ ਖਾਣ ਪੀਣ ਨੂੰ ਦੇਣਾ, ਮਾੜਾ ਮੋਟਾ, ਛਕ ਲੈਣਾ, ਕਹਿਣਾ ਆਓ ਹੁਣ ਤੁਹਾਨੂੰ ਗੁਰੂ ਦੇ ਦਰਸ਼ਨ ਕਰਾਈਏ। ਭੇਟਾ ਕਰੋ ਤੁਸੀਂ ਜੀਅ ਭਰ ਕੇ, ਪ੍ਰਿਥੀ ਚੰਦ ਕੋਲ ਲੈ ਜਾਣਾ। ਭੋਲੇ-ਭਾਲੇ ਗੁਰਸਿੱਖਾਂ ਨੂੰ ਪਤਾ ਨਾ ਲੱਗਣਾ। ਸਾਰੀ ਭੇਟਾ ਲੈ ਲੈਣੀ, ਕਿਉਂਕਿ ਪਤਾ ਨਹੀਂ ਸੀ ਕਿ ਇਹ ਤਾਂ ਇਕੋ ਹੀ ਘਰ ਹੈ ਦੋ ਤਾਂ ਹੈ ਨਹੀਂ। ਜਦੋਂ ਪ੍ਰਸ਼ਾਦੇ ਦਾ ਸਮਾਂ ਹੋ ਜਾਣਾ, ਕਹਿਣਾ ਚਲੋ ਭਾਈ ਆਪਣਾ ਲੰਗਰ ਜਿਧਰ ਚਲਦਾ ਹੈ ਉਧਰ ਛੱਡ ਆਓ। ਇਹ ਵੀ ਝੂਠ ਬੋਲਣਾ ਕਿ ਲੰਗਰ ਸਾਡਾ ਹੀ ਚਲਦਾ ਹੈ ਤੇ ਗੁਰੂ ਅਰਜਨ ਪਾਤਸ਼ਾਹ ਜਿੱਥੇ ਸੰਗਤਾਂ ਦਾ ਉਧਾਰ ਕਰਦੇ ਹੁੰਦੇ, ਓਸ ਥਾਂ ਜਾ ਕੇ ਉਨ੍ਹਾਂ ਨੇ ਛੱਡ ਆਉਣਾ, ਸੋ ਇਹ ਵੈਰ ਹੁੰਦਾ ਹੈ ਸਾਧਸੰਗਤ ਜੀ। ਜਿਹੜਾ ਨਿਰਵੈਰਾਂ ਦੇ ਨਾਲ ਕੀਤਾ ਜਾਂਦਾ ਹੈ। ਜਦੋਂ ਵੀ ਨਿਰਵੈਰ ਦੇ ਨਾਲ ਕੋਈ ਵੈਰ ਕਰਦਾ ਹੈ। ਮਹਾਰਾਜ ਕਹਿੰਦੇ, ਅਕਾਲ ਪੁਰਖ ਦਾ ਵਿਧਾਨ ਹੈ ਕਿ ਉਹ ਪਚ-ਪਚ ਕੇ ਮਰਦਾ ਹੈ। ਐਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਵੈਰ ਕਰਨ ਨਿਰਵੈਰਾਂ ਨਾਲ,***
***ਪਚ-ਪਚ ਕੇ ਉਹ ਮਰਦੇ ਨੇ***

*ਵੈਰੁ ਕਰਨਿ ਨਿਰਵੈਰ ਨਾਲਿ*
*ਧਰਮਿ ਨਿਆਇ ਪਚੰਦੇ ॥* *ਅੰਗ - ੩੧੭*

ਪਚਣਾ ਪੈਂਦਾ ਹੈ ਉਸਨੂੰ, ਖੁਆਰ ਹੋਣਾ ਪੈਂਦਾ ਹੈ। ਸੋ ਵੈਰ ਬੰਨ੍ਹ ਲਿਆ ਕਿ ਇਕ ਦਾਣਾ ਵੀ ਗੁਰੂ ਕੇ ਲੰਗਰ ਵਿਚ ਨਹੀਂ ਜਾਣ ਦੇਣਾ। ਐਨੀ ਜ਼ਿਆਦਾ ਝੂਠ ਦੀ ਬਾੜ ਖਿਲਾਰ ਦਿਤੀ, ਭੋਲੇ ਭਾਲੇ ਗੁਰਸਿੱਖ ਜੋ ਦਰਸ਼ਨ ਕਰਨ ਵਾਸਤੇ ਆਉਂਦੇ ਨੇ, ਉਨ੍ਹਾਂ ਨੂੰ ਬਹਿਕਾਅ ਲਿਆ ਜਾਂਦਾ ਹੈ ਕਿ ਅਸਲੀ ਗੁਰੂ ਤਾਂ ਵੱਡੇ ਸਾਹਿਬਜ਼ਾਦੇ ਨੇ। ਛੋਟੇ ਸਾਹਿਬਜ਼ਾਦੇ ਨਹੀਂ ਹੈਗੇ। ਪਹਿਲਾਂ ਵੀ ਓਹੀ ਸੀਗੇ ਹੁਣ ਵੀ ਉਹੀ ਨੇ। ਦੇਖਦੇ ਨੇ ਕਿ ਆਹ ਮਸੰਦਾਂ ਨੂੰ ਤਾਂ ਅਸੀਂ ਪਹਿਲਾਂ ਵੀ ਜਾਣਦੇ, ਇਹ ਪਹਿਲਾਂ ਵੀ ਗੁਰੂ ਦੀਆਂ ਸੰਗਤਾਂ ਦਾ ਆਦਰ ਸਤਿਕਾਰ ਕਰਿਆ ਕਰਦੇ ਸੀ। ਜਾਣੇ-ਪਛਾਣੇ ਬੰਦੇ ਸਾਰੇ ਗੱਠ ਲਏ ਯਾਨਿ ਮਾਇਆ ਦਾ ਜਾਲ ਵਿਛਾ ਦਿਤਾ। ਨੌਬਤ ਇਥੇ ਤੱਕ ਆਈ ਕਿ ਘਰ ਦੇ ਅੰਦਰ ਜੋ ਸਮਾਨ, ਜੋ ਚੀਜ਼ਾਂ ਸੀ ਹੌਲੀ-ਹੌਲੀ ਘਟਣੀਆਂ ਸ਼ੁਰੂ ਹੋ ਗਈਆਂ ਤੇ ਲੰਗਰ ਇਕ ਟਾਈਮ ਹੋ ਗਿਆ। ਉਹ ਵੀ ਛੋਲਿਆਂ ਦਾ ਲੰਗਰ। ਛੋਲਿਆਂ ਦੇ ਪ੍ਰਸ਼ਾਦੇ ਲਾਹੁਣੇ ਤੇ ਰੁੱਖਾ ਹੀ ਖਾਣ ਵਾਸਤੇ, ਬਗੈਰ ਦਾਲ ਤੋਂ ਬਗੈਰ ਕਿਸੇ ਚੀਜ਼ ਤੋਂ ਮਿਲਣਾ। ਆਗਰੇ ਦੇ ਵਿਚ ਭਾਈ ਗੁਰਦਾਸ ਜੀ ਨੂੰ ਗੁਰੂ ਰਾਮਦਾਸ ਜੀ ਨੇ ਪ੍ਰਚਾਰ ਵਾਸਤੇ ਭੇਜਿਆ ਸੀ, ਆਪ ਜੀ ਨੂੰ ਪਤਾ ਲੱਗਿਆ ਕਿ ਉਹ ਜੋਤੀ ਜੋਤ ਸਮਾ ਗਏ ਨੇ, ਸੰਗਤਾਂ ਲੈ ਕੇ ਆਪ ਗੁਰੂ ਘਰ ਦੀ ਮਹਿਮਾ, ਗੁਰੂ ਘਰ ਦੇ ਲੰਗਰ ਦੀ ਮਹਿਮਾ ਕਰਦੇ ਜਦ ਉਥੇ ਪਹੁੰਚਦੇ ਨੇ, ਜਦ ਪ੍ਰਸ਼ਾਦਾ ਛਕਣ ਲੱਗੇ ਤਾਂ ਛੋਲਿਆਂ ਦੀ ਰੋਟੀ ਮਾਤਾ ਜੀ ਨੇ ਉਨ੍ਹਾਂ ਦੇ ਹੱਥ ਦੇ ਉਤੇ ਰੱਖ ਦਿਤੀ। ਇਕ ਬੁਰਕੀ ਤੋੜੀ ਲੰਘਦੀ ਨਹੀਂ ਹੈ ਅੱਗੇ। ਕਹਿਣ ਲੱਗੇ, ਇਹ ਕੀ ਗੱਲ? ਗੁਰੂ ਘਰ ਦੀ ਤਾਂ ਇਹ ਮਰਿਆਦਾ ਸੀ ਕਿ ਇਥੇ ਕਦੇ ਘਿਉ ਤੇ ਦੁੱਧ ਨਹੀਂ ਸੀ ਖਤਮ ਹੁੰਦਾ। ਇਹ ਕੀ ਗੱਲ? ਆਹ ਗੱਲ ਤਾਂ ਹੋਣੀ ਨਹੀਂ ਚਾਹੀਦੀ। ਕਹਿਣ ਲੱਗੇ, ਭ੍ਰਾਤਾ ਜੀ! ਕੀ ਦੱਸਿਆ ਜਾਵੇ-

*ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥* *ਅੰਗ - ੪੭੦*

ਝੂਠ ਨੇ ਐਸ ਵੇਲੇ ਸੱਚ ਦੇ ਚੰਦਰਮਾ ਨੂੰ ਗ੍ਰਹਿਣ ਲਾਇਆ ਹੋਇਆ ਹੈ। ਤੁਹਾਡੇ ਵੱਡੇ ਭਾਣਜੇ ਨੇ ਸਾਰੇ ਮਸੰਦਾਂ ਨੂੰ ਗੱਠ ਕੇ ਦੂਰ-ਦਰਾਜ ਤੱਕ ਸਿੱਖਾਂ ਨੂੰ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਗੁਰਿਆਈ ਮੈਨੂੰ ਦੇ ਕੇ ਗਏ ਨੇ ਤੇ ਜਿੰਨੀਆਂ ਭੇਟਾ ਬਾਹਰੋਂ ਆਉਂਦੀਆਂ ਨੇ ਉਹ ਤਾਂ ਉਹ ਰੱਖ ਲੈਂਦੇ ਨੇ ਜਦੋਂ ਲੰਗਰ ਦਾ ਸਮਾਂ ਹੁੰਦਾ ਹੈ ਫੇਰ ਬੜੀ ਢੀਠਤਾਈ ਦੇ ਨਾਲ ਇਥੇ ਲਿਆ ਕੇ ਗੁਰੂ ਦੀਆਂ ਸੰਗਤਾਂ ਨੂੰ ਛੱਡ ਜਾਂਦੇ ਨੇ। ਉਨ੍ਹਾਂ ਭੋਲਿਆਂ ਨੂੰ ਕੋਈ ਪਤਾ ਨਹੀਂ ਹੈ ਕਿਸੇ ਗੱਲ ਦਾ। ਸੋ ਇਸ ਤਰ੍ਹਾਂ ਦੇ ਨਾਲ ਭੇਟਾ ਉਧਰ ਜਾਂਦੀ ਹੈ ਤੇ ਲੰਗਰ ਇਧਰ ਛੱਕਦੇ ਨੇ। ਭਾਈ ਗੁਰਦਾਸ ਜੀ ਦੇ ਬੜਾ ਮਨ ਵਿਚ ਆਇਆ ਕਿ ਇਹ ਤਾਂ ਬਹੁਤ ਗਲਤ ਗੱਲ ਹੋ ਰਹੀ ਹੈ। ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ 18 ਸਾਲ ਦੀ ਉਮਰ ਦੇ ਸੀ ਤੇ ਆਪ ਜੀ ਦੇ ਕੋਲ ਜਾ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਇਹ ਤਾਂ ਗੁਰੂ ਨਾਨਕ ਦਾ ਲੰਗਰ ਹੈ ਇਥੇ ਤੋਟ ਕਦੇ ਨਹੀਂ ਆਉਂਦੀ। ਇਹ ਕੀ ਗੱਲ ਹੋ ਗਈ? ਮਹਾਰਾਜ ਜੀ ਨੇ ਕਿਹਾ ਕਿ ਕੋਈ ਗੱਲ ਨਹੀਂ ਹੋਈ, ਅਕਾਲ ਪੁਰਖ ਜੀ ਦਾ ਹੀ ਕੋਈ ਕੌਤਕ ਹੋ ਰਿਹਾ ਹੈ। ਕਿਉਂਕਿ ਕਿਸੇ ਨਾਲ ਵੈਰ ਨਹੀਂ ਹੋਇਆ ਕਰਦਾ। ਸਤਿਗੁਰੂ ਜੋ ਹੈ ਸਭ ਦਾ ਭਲਾ ਮਨਾਉਂਦਾ ਹੈ, ਸਾਰੇ ਸੰਸਾਰ ਨੂੰ ਕਹਿੰਦਾ ਹੈ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਦਾ ਭਲਾ।***

ਕਿਸੇ ਦਾ ਬੁਰਾ ਨਹੀਂ ਮੰਗਦਾ, ਨਾ ਸਿੱਖ ਮੰਗਦਾ ਹੈ ਨਾ ਗੁਰੂ ਮੰਗਦਾ ਹੈ। ਗੁਰੂ ਬੁਰਾ ਨਹੀਂ ਮੰਨਦਾ, ਸਗੋਂ ਅਕਾਲ ਪੁਰਖ ਤਾਂਈ ਇਹ ਕਹਿੰਦਾ ਹੈ -

*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥* *ਅੰਗ - ੮੫੩*

ਹੇ ਵਾਹਿਗੁਰੂ! ਜਿਵੇਂ ਵੀ ਕੋਈ ਤਰ ਸਕਦਾ ਹੈ, ਉਹਨੂੰ ਤਾਰੋ। ਚਾਹੇ ਪਾਪੀ ਹੈ, ਚਾਹੇ ਪੁੰਨੀ ਹੈ, ਚਾਹੇ ਭੁੱਲਿਆ ਹੋਇਆ ਹੈ, ਚਾਹੇ ਨਾਸਤਕ ਹੈ। ਤੂੰ ਕ੍ਰਿਪਾ ਕਰ, ਤੇਰੀ ਜਨਤਾ ਹੈ। ਇਨ੍ਹਾਂ ਤੇ ਬਖਸ਼ਿਸ਼ ਕਰ। ਕਹਿਣ ਲੱਗੇ, ਕੋਈ ਨਾ ਅਕਾਲ ਪੁਰਖ ਦੀ ਮੌਜ ਹੈ। ਕਹਿਣ ਲੱਗੇ, ਪਾਤਸ਼ਾਹ! ਥੋੜ੍ਹਾ ਉਦਮ ਕਰਨਾ ਬਣਦਾ ਹੈ। ਉਦਮ ਕਰੀਏ ਤੇ ਅਸੀਂ ਜਾ ਕੇ ਸਮਝਾਈਏ ਸਾਰਿਆਂ ਨੂੰ, ਇਹ ਝੂਠ ਕਿੰਨਾ ਕੁ ਚਿਰ ਪ੍ਰਬਲ ਰਹੇਗਾ। ਆਪ ਨੇ ਕਿਹਾ ਕਿ ਭਾਈ ਗੁਰਦਾਸ ਜੀ! ਇਹ ਜੋ ਰਿਜਕ ਹੈ ਇਹ ਤਾਂ ਮਾਲਕ ਆਪ ਰਾਜ਼ਕ ਕਹਾਉਂਦਾ ਹੈ। ਵਿਸ਼ੰਭਰ ਕਹਿੰਦੇ ਨੇ ਉਹਨੂੰ। ਸਾਰਿਆਂ ਦੇ ਪੇਟ ਨੂੰ ਭਰਨ ਵਾਲਾ। ਇਥੇ ਤਾਂ ਤੁਸੀਂ ਕਰ ਲਵੋਂਗੇ ਤੇ ਬਾਕੀ ਜਿਹੜਾ ਸੰਸਾਰ ਹੈ, ਜਾਨਵਰ ਐਨੇ ਨੇ, ਪੰਛੀ ਐਨੇ ਨੇ, 83 ਲੱਖ, 99 ਹਜ਼ਾਰ, 9 ਸੌ 99 ਜੂਨੀਆਂ ਨੇ, ਬਾਕੀ ਸਾਰਾ ਸੰਸਾਰ ਪਿਆ ਹੈ ਮਨੁੱਖਾਂ ਦਾ, ਉਹ ਇਕੋ ਹੀ ਹੈ ਜਿਹੜਾ ਸਾਰਿਆਂ ਨੂੰ ਦਿੰਦਾ ਹੈ। ਤੁਸੀਂ ਇਸਦੇ ਬਾਰੇ ਉਦਮ ਨਾ ਕਰੋ। ਇਸ ਤਰ੍ਹਾਂ

ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਚਿੰਤਾ ਕਾਹਤੋਂ ਕਰੇਂ ਬੰਦਿਆਂ।***

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥* *ਅੰਗ - ੧੦*

ਕਹਿਣ ਲੱਗੇ, ਭਾਈ ਗੁਰਦਾਸ ਜੀ! ਦੇਖੋ ਪੱਥਰ ਦੇ ਅੰਦਰ ਕੀੜਾ ਰਹਿੰਦਾ ਹੈ -

*ਪਾਖਣਿ ਕੀਟੁ ਗੁਪਤੁ ਹੋਇ ਰਹਤਾ*
*ਤਾ ਚੋ ਮਾਰਗੁ ਨਾਹੀ ॥* *ਅੰਗ - ੪੮੮*

ਉਹਨੂੰ ਕੋਈ ਰਸਤਾ ਹੀ ਨਹੀਂ ਹੈ ਰੋਜ਼ੀ ਦੇਣ ਦਾ।

*ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥* *ਅੰਗ - ੪੮੮*

ਆਦਮੀ ਨੂੰ ਤਾਂ ਡਰਨਾ ਹੀ ਨਹੀਂ ਚਾਹੀਦਾ। ਇਹ ਤਾਂ ਉਨ੍ਹਾਂ ਕੀੜਿਆਂ ਨੂੰ ਵੀ ਰੋਜ਼ੀ ਪਹੁੰਚਾਉਂਦਾ ਹੈ ਜਿਥੇ ਰਾਹ ਹੀ ਨਹੀਂ ਹੈ ਪਹੁੰਚਣ ਦਾ। ਜਿਥੇ ਹਵਾ ਨਹੀਂ ਪਹੁੰਚਦੀ, ਪਾਣੀ ਨਹੀਂ ਪਹੁੰਚਦਾ। ਵਿਚਾਲੇ ਹੁੰਦਾ ਹੈ ਕੀੜਾ, ਉਥੇ ਰੋਜ਼ੀ ਦਿੰਦਾ ਹੈ।

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥* *ਅੰਗ - ੧੦*

ਸੋ ਦੂਸਰੀ ਮਿਸਾਲ ਦੇਖੋ ਕੂੰਜਾਂ ਨੇ -

*ਊਡੇ ਊਡਿ ਆਵੈ ਸੈ ਕੋਸਾ*
*ਤਿਸੁ ਪਾਛੈ ਬਚਰੇ ਛਰਿਆ ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ*
*ਮਨ ਮਹਿ ਸਿਮਰਨੁ ਕਰਿਆ ॥* *ਅੰਗ - ੧੦*

ਆਂਡੇ ਦੇ ਚਲੀਆਂ ਜਾਂਦੀਆਂ ਨੇ। ਪਿਛੋਂ ਬੱਚੇ ਨਿਕਲਦੇ ਨੇ, ਜਦੋਂ ਇਥੋਂ ਮੁੜ ਕੇ ਜਾਂਦੀਆਂ ਨੇ ਗਰਮ ਦੇਸ਼ਾਂ 'ਚੋਂ, ਤਾਂ ਉਸ ਵੇਲੇ ਜਾਂਦੀਆਂ ਨੂੰ ਉਨ੍ਹਾਂ ਦੇ ਬੱਚੇ ਪਲੇ-ਪਲਾਏ ਹੋ ਜਾਂਦੇ ਨੇ ਤੇ ਇਹ ਤਾਂ ਅਕਾਲ ਪੁਰਖ ਦਾ ਕੰਮ ਹੈ। ਕਹਿੰਦੇ, ਸੱਚੇ ਪਾਤਸ਼ਾਹ! ਰੋਜ਼ੀ ਤਾਂ ਨਾ ਸਹੀ, ਇਹ ਜਿਹੜਾ ਝੂਠ ਦਾ ਇਨ੍ਹਾਂ ਨੇ ਕਿਲ੍ਹਾ ਉਸਾਰਿਆ ਹੈ ਮਹਾਰਾਜ, ਝੂਠ ਦੇ ਖਿਲਾਫ ਤਾਂ ਸੱਚ ਨੂੰ ਪ੍ਰਕਾਸ਼ ਕਰਨਾ ਚਾਹੀਦਾ ਹੈ। ਸੋ ਆਪ ਨੇ ਬਾਬਾ ਬੁੱਢਾ ਜੀ ਸਮੇਤ ਦੂਰ-ਦਰਾਜ਼ ਜਾ ਕੇ ਪਿੱਪਲੀ ਸਾਹਿਬ ਦੇ ਰਾਹ 'ਤੇ ਹੋਰ ਰਾਹ 'ਤੇ, ਉਥੇ ਜਾ ਕੇ ਦੱਸਿਆ ਕਿ ਭੋਲਿਓ! ਪਾਤਸ਼ਾਹ ਸਮੇਂ ਦਾ ਜਿਹਨੇ ਸਮੇਂ ਦਾ ਉਧਾਰ ਕਰਨਾ ਹੈ, ਉਹ ਤਾਂ ਗੁਰੂ ਅਰਜਨ ਪਾਤਸ਼ਾਹ ਨੇ। ਸੰਗਤਾਂ ਨੂੰ ਪਤਾ ਲੱਗ ਗਿਆ, ਅਖੀਰ ਚਲਦੇ-ਚਲਦੇ ਆਪ ਦੇ ਉਲਾਦ ਨਹੀਂ ਬੜੀ ਦੇਰ ਤੱਕ ਹੋਈ ਤੇ ਪ੍ਰਿਥੀ ਚੰਦ ਦਾ ਜੋ ਲੜਕਾ ਸੀ ਮਿਹਰਵਾਨ ਉਹ ਜ਼ਿਆਦਾ ਕੋਲ ਰਿਹਾ ਕਰਦਾ ਸੀ। ਮਨ ਵਿਚ ਘਰ ਜਾ ਕੇ ਗੱਲ ਕਰਨੀ ਕਿ ਇਨ੍ਹਾਂ ਦੇ ਤਾਂ ਉਲਾਦ ਹੀ ਨਹੀਂ, ਗੁਰਗੱਦੀ ਹੁਣ ਕਿਹਨੂੰ ਦੇਣਗੇ ਤੇ ਬਚਨ ਇਹ ਹੋਇਆ ਹੈ ਕਿ ਗੱਦੀ ਹੁਣ ਘਰ 'ਚ ਰਹੇਗੀ। ਸਹਿਜੇ ਹੀ ਮੇਰੇ ਕੋਲ ਆ ਜਾਣੀ ਹੈ। ਸੋ ਇਸ ਤੋਂ ਵੀ ਜ਼ਿਆਦਾ ਤਾਅਨੇ ਮਾਰੇ। ਇਕ ਦਿਨ ਮਾਤਾ ਜੀ ਕੋਠੇ ਤੇ ਚੜ੍ਹੇ ਆਪਣੇ ਕੇਸ ਹਰੇ ਕਰ ਰਹੇ ਸੀ, ਤੇ ਵਾਲ ਝਟਕੇ ਤਾਂ ਇਕ ਕਤਰਾ ਨਾਲ ਦੇ ਕੋਠੇ 'ਚ, ਜੋ ਨੀਵਾਂ ਸੀ ਥੋੜ੍ਹਾ ਉਥੇ ਜਾ ਪਿਆ। ਉਸ ਵੇਲੇ ਤਾਅਨਾ ਦਿਤਾ ਕਿ ਤੇਰੇ ਤਾਂ ਉਲਾਦ ਨਹੀਂ ਹੋਈ, ਤੂੰ ਮੇਰੇ ਉਤੇ ਕੇਸਾਂ ਦਾ ਕਤਰਾ ਕਿਉਂ ਪਾਇਆ ਹੈ। ਕੱਪੜੇ ਸੁੱਕਣੇ ਪਾ ਦਿਤਾ, ਗੋਲੀ ਨੇ ਕਿਹਾ ਕਿ ਕਿੰਨੇ ਵਧੀਆ ਕੱਪੜੇ ਗੁਰਸਿੱਖ ਲਿਆਉਂਦੇ ਨੇ। ਕਹਿੰਦੀ, ਸਾਰੇ ਆਪਣੇ ਹੀ ਨੇ ਇਨ੍ਹਾਂ ਦੇ ਤਾਂ ਹੁੰਦਾ ਹੀ ਨਹੀਂ ਕੋਈ। ਅਖੀਰ ਬਾਬਾ ਬੁੱਢਾ ਜੀ ਦੇ ਬਚਨ ਦੇ ਨਾਲ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ ਤੇ ਪ੍ਰਿਥੀਚੰਦ ਏਸ ਗੱਲ ਤੇ ਤੁਰ ਪਿਆ ਕਿ ਮੈਂ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਨੇ ਜੋ ਉਸ ਵੇਲੇ ਸਾਹਿਬਜ਼ਾਦੇ ਸੀ ਕਿ ਇਨ੍ਹਾਂ ਨੂੰ ਕਿਸੇ ਨਾ ਕਿਸੇ ਢੰਗ ਦੇ ਨਾਲ ਮਾਰ ਦੇਣਾ ਹੈ। ਪਹਿਲੀ ਗੱਲ ਇਹ ਸੀ ਕਿ ਇਕ ਜਾਦੂਗਰ ਦੇ ਕੋਲ ਗਿਆ, ਜਦੋਂ ਆਪ ਪੇਟ ਵਿਚ ਸੀ। ਉਸ ਵੇਲੇ ਇਕ ਮੁੱਠ ਸੁਟਵਾਈ ਗਈ। ਕੋਈ ਅਸਰ ਨਾ ਹੋਇਆ, ਕਿਉਂਕਿ ਜਿਹਦਾ ਰਾਖਾ ਆਪ ਵਾਹਿਗੁਰੂ ਹੋਵੇ ਉਹਦਾ ਕੋਈ ਨੁਕਸਾਨ ਨਹੀਂ ਕਰ ਸਕਿਆ ਕਰਦਾ। ਬਾਕੀ ਜੋ ਨਿਰਵੈਰਾਂ ਦੇ ਨਾਲ ਵੈਰ ਕਰਦੇ ਨੇ, ਸਾਧੂਆਂ ਨਾਲ ਵੈਰ ਕਰਦੇ ਨੇ, ਬੰਦਗੀ ਵਾਲਿਆਂ ਨਾਲ ਵੈਰ ਕਰਦੇ ਨੇ, ਉਨ੍ਹਾਂ ਨੂੰ ਕਦੇ ਸੁੱਖ ਨਹੀਂ ਹੋਇਆ ਕਰਦਾ।

***ਧਾਰਨਾ - ਸੁਖ ਕਦੇ ਨ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***

*ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥* *ਅੰਗ - ੩੦੬*

ਸਾਰੇ ਸਾਧੂ, ਮੁਨੀ ਤੇ ਪੀਰ, ਪੈਗੰਬਰ, ਔਲੀਏ, ਚਾਰੇ ਵੇਦ -

*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥*
*ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥*
*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥* *ਅੰਗ - ੧੦*

ਇਹ ਕਹਿੰਦੇ ਨੇ ਜਿਹੜਾ ਕੁਛ ਸੰਤਾਂ ਦੇ ਮੂੰਹੋਂ ਨਿਕਲ ਜਾਵੇ ਉਹ ਬਚਨ ਹੋਇਆ ਕਰਦਾ ਹੈ। ਜੋ-ਜੋ ਵੀ ਸੰਤਾਂ ਦੇ ਨਾਲ ਖਹੇਗਾ, ਉਹ ਆਪਣੇ ਨਾਸ਼ ਨੂੰ ਨੇੜੇ ਬਲਾਉਂਦਾ ਚਲਿਆ ਜਾਏਗਾ।

***ਸੰਤਨ ਸੇਤੀ ਮਸਕਰੀ ਇਹ ਡੂਬਨ ਕੀ ਰੀਤ।***

ਡੁੱਬ ਜਾਏਗਾ ਉਹ ਬੰਦਾ ਕੋਈ ਹੋਵੇ ਚਾਹੇ। ਦੁਨੀਆਂ ਦੇਖਦੀ ਹੈ, ਮਹਾਰਾਜ ਕਹਿੰਦੇ ਸਾਰਾ ਸੰਸਾਰ ਦੇਖਦਾ ਹੈ, ਡੁਬਦਿਆਂ ਨੂੰ, ਪਰ ਫੇਰ ਮੂਰਖ ਸਮਝਦੇ ਨਹੀਂ। ਪਤਾ ਨਹੀਂ ਲਗਦਾ ਕਿ ਇਹ ਗੱਲਾਂ ਕਿਉਂ ਹੋਣੀਆਂ ਸ਼ੁਰੂ ਹੋ ਗਈਆਂ।

ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲੇ, ਆਪ ਜੀ ਦੇ ਆਸ਼ਰਮ ਦੇ ਅੱਗੇ ਇਕ ਬੜਾ ਜਬਰਦਸਤ ਪਿੰਡ ਸੀ ਪਠਾਣਾਂ ਦਾ। ਬੜੇ ਹੰਕਾਰੇ ਹੋਏ ਪਠਾਣ। ਗੁਰੂ ਸੰਗਤਾਂ ਉਥੋਂ ਦੀ ਲੰਘ ਕੇ ਜਾਇਆ ਕਰਦੀਆਂ ਸੀ। ਪੂਰਨਮਾਸ਼ੀ ਤੇ ਜਾਣਾ, ਸੰਗਰਾਂਦ ਤੇ ਜਾਣਾ, ਹੋਰ ਜਿਸ ਤਰ੍ਹਾਂ ਗੁਰਪੁਰਬ ਮਨਾਏ ਜਾਂਦੇ ਨੇ ਉਸ ਤਰ੍ਹਾਂ ਜਾਣਾ। ਪਰ ਉਹ ਪਿੰਡ ਵਾਲੇ ਹਮੇਸ਼ਾਂ ਲੰਘਣ ਵਾਲੀਆਂ ਸੰਗਤਾਂ ਨੂੰ ਤੰਗ ਕਰਿਆ ਕਰਦੇ ਸੀ। ਤਰ੍ਹਾਂ-ਤਰ੍ਹਾਂ ਦੇ ਮਿਹਣੇ, ਤਰ੍ਹਾਂ-ਤਰ੍ਹਾਂ ਦੀਆਂ ਬੋਲੀਆਂ ਬੀਬੀਆਂ ਨੂੰ ਮਾਰਨੀਆਂ।

ਵਿਚਾਰੇ ਚੁੱਪ ਕਰ ਰਹਿੰਦੇ ਸੀ, ਕੋਈ ਕੁਛ ਨਹੀਂ ਸੀ ਕਹਿੰਦਾ, ਕਿਉਂਕਿ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਜਾਂਦੇ ਸੀ। ਤਾਂ ਅਖੀਰ ਜਦ ਕੁਛ ਨਾ ਕਿਹਾ, ਐਸਾ ਹੋਇਆ ਕਿ ਉਨ੍ਹਾਂ ਨੇ ਪਾਲਤੂ ਕੁੱਤੇ ਜਿਹੜੇ ਸੀ, ਸ਼ਿਕਾਰੀ ਕੁੱਤੇ, ਉਹ ਲੈ ਆਉਣੇ ਤੇ ਜਦੋਂ ਕਿਸੇ ਜੱਥੇ ਨੇ, ਦੋ ਚਾਰ ਬੀਬੀਆਂ ਦੋ ਚਾਰ ਭਾਈ ਆਏ। ਦੋ ਤਿੰਨ ਕੁੱਤੇ ਛੱਡ ਦੇਣੇ। ਉਨ੍ਹਾਂ ਕੁੱਤਿਆਂ ਨੇ ਕੱਪੜੇ ਫਾੜ ਦੇਣੇ, ਜ਼ਖਮ ਕਰ ਦੇਣੇ। ਬਾਬਾ ਜੀ ਕੋਲ ਰੋਜ਼ ਸ਼ਿਕਾਇਤਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ। ਸੰਗਤ ਬਹੁਤ ਜ਼ਖਮੀ ਹੋਣ ਲੱਗ ਗਈਆਂ। ਕਹਿਣ ਲੱਗੇ, ਬਾਬਾ ਜੀ! ਕੋਈ ਉਪਾਅ ਦੱਸੋ, ਅਸੀਂ ਇਥੇ ਤੁਹਾਡੇ ਕੋਲ ਆਏ ਤੋਂ ਬਗੈਰ ਤਾਂ ਰਹਿ ਨਹੀਂ ਸਕਦੇ।

ਬਾਬਾ ਜੀ ਨੇ ਕਿਹਾ ਕਿ ਤੁਸੀਂ ਐਉਂ ਕਰੋ ਪ੍ਰੇਮੀਓ! ਏਸ ਪਿੰਡ 'ਚੋਂ ਤੁਸੀਂ ਆਉਂਦੇ ਓਂ, ਐਧਰ ਦੀ ਤੁਸੀਂ ਨਾ ਆਓ, ਤੁਸੀਂ ਦੂਸਰੇ ਰਸਤਿਓਂ ਆ ਜਾਇਆ ਕਰੋ, ਥੋੜ੍ਹਾ ਜਿਹਾ ਵਲ ਪਏਗਾ। ਪਿੰਡਾਂ ਵਿਚੋਂ ਨਾ ਆਓ, ਸੁੰਨੇ-ਸੁੰਨੇ ਆ ਜਾਓ। ਉਸੇ ਤਰ੍ਹਾਂ ਆਉਣਾ ਸ਼ੁਰੂ ਕਰ ਦਿਤਾ। ਉਹ ਆਪਣੇ ਪਿੰਡ 'ਚੋਂ ਕੁੱਤੇ ਫੜਿਆ ਕਰਨ ਤੇ ਜਿਧਰ ਦੀ ਉਹ ਲੰਘਦੇ ਸੀ ਉਥੇ ਜਾ ਕੇ ਫੇਰ ਛੱਡ ਦਿਆ ਕਰਨ। ਉਨ੍ਹਾਂ ਕੁੱਤਿਆਂ ਨੇ ਕੱਪੜੇ ਫਾੜ ਦੇਣੇ, ਬੱਚਿਆਂ ਦੇ ਜ਼ਖਮ ਹੋ ਜਾਣੇ। ਅਖੀਰ ਬਾਬਾ ਜੀ ਨੂੰ ਕਿਹਾ ਪਾਤਸ਼ਾਹ! ਹੁਣ ਤਾਂ ਉਥੇ ਵੀ ਸਾਨੂੰ ਲੰਘਣ ਨਹੀਂ ਦਿੰਦੇ, ਢਾਹਣੀਆਂ ਲਾ ਕੇ ਕੁੱਤੇ ਲੈ ਕੇ ਬਹਿ ਜਾਂਦੇ ਨੇ। ਬਾਬਾ ਜੀ ਕਹਿੰਦੇ, ਕੋਈ ਨਾ ਪ੍ਰੇਮੀਓ, ਅਤਿ ਦਾ ਤੇ ਖੁਦਾ ਦਾ ਵੈਰ ਹੁੰਦਾ ਹੈ। ਜਿਹੜਾ ਸੰਗਤ ਨੂੰ ਦੁਖੀ ਕਰੇਗਾ, ਉਹ ਆਪ ਦੁਖੀ ਹੋ ਕੇ ਮਰ ਜਾਏਗਾ, ਖਤਮ ਹੋ ਜਾਏਗਾ, ਘਰ ਖਤਮ ਹੋ ਜਾਂਦਾ ਹੈ, ਬਾਲ ਬੱਚਾ ਕੋਈ ਨਹੀਂ ਰਹਿੰਦਾ।

*ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥* *ਅੰਗ - ੩੦੬*

ਜੇ ਦਰਖਤ ਨੂੰ ਮੁੱਢ ਤੋਂ ਕੱਟ ਦਿਓ ਤੇ ਬਾਹਰਲੇ ਡਾਲ ਕੀ ਕਰਨੇ ਨੇ। ਜਿਹੜਾ ਸੰਤਾਂ ਨੂੰ ਦੁਖੀ ਕਰੇਗਾ ਉਹਦਾ ਮੁੱਢ ਕੱਟਿਆ ਜਾਂਦਾ ਹੈ। ਫੇਰ ਉਹ ਮਰਨਾ ਸ਼ੁਰੂ ਹੋ ਜਾਂਦਾ ਹੈ, ਖਤਮ ਹੋ ਜਾਂਦਾ ਹੈ। ਕਹਿੰਦੇ, ਕੋਈ ਨਾ ਸਾਧਸੰਗਤ ਜੀ, ਤੁਸੀਂ ਵਾਹਿਗੁਰੂ ਤੇ ਭਰੋਸਾ ਰੱਖੋ। ਥੋੜ੍ਹੇ ਦਿਨਾਂ ਤੋਂ ਬਾਅਦ ਕੀ ਹੋਇਆ, ਰੋਜ਼ ਇਕ ਬੰਦਾ ਮਰਨ ਲੱਗ ਗਿਆ, ਫੇਰ ਦੋ-ਦੋ ਮਰਨ ਲੱਗ ਗਏ, ਤਿੰਨ ਤਿੰਨ ਮਰਨ ਲੱਗ ਗਏ। ਐਸੇ ਢੀਠ ਨੇ, ਪਤਾ ਹੈ ਕਿ ਅਸੀਂ ਆਹ ਕਰਦੇ ਹਾਂ। ਪਰ ਅਹੰਕਾਰ ਐਨਾ ਵਧਿਆ ਹੋਇਆ ਸੀ ਕਿ ਕਹਿੰਦੇ ਸੰਤ ਸਾਨੂੰ ਕੀ ਕਰ ਦਏਗਾ। ਅਖੀਰ ਐਸਾ ਹੋਇਆ ਕਿ ਸਾਰੇ ਹੀ ਮਰਦ ਮਰ ਗਏ। ਛੋਟੇ ਬੱਚੇ ਵੀ ਤੇ ਵੱਡੇ ਵੀ। ਇਕ ਬੱਚਾ ਬਚ ਗਿਆ, ਉਹਦੀ ਮਾਤਾ ਨੇ ਉਸੇ ਵੇਲੇ ਬੱਚੇ ਨੂੰ ਗੋਦੀ ਚੁੱਕ ਕੇ ਬਾਬਾ ਜੀ ਦੇ ਚਰਨਾਂ 'ਚ ਲਿਆ ਕੇ ਲਿਟਾ ਦਿਤਾ ਤੇ ਕਿਹਾ ਕਿ ਬਾਬਾ ਜੀ! ਜੜ੍ਹ ਰੱਖੋ ਲਓ ਪਿੰਡ ਦੀ। ਕਹਿੰਦੇ, ਬੀਬੀ ਇਹ ਪਿੰਡ ਜੜ੍ਹ ਰੱਖਣ ਵਾਲਾ ਹੈ ਨਹੀਂ, ਗਰਕ ਹੋਣ ਵਾਲਾ ਪਿੰਡ ਹੈ, ਇਨ੍ਹਾਂ ਨੇ ਸੰਗਤਾਂ ਦੀ ਬੇਅਦਬੀ ਕਰੀ ਹੈ। ਚਾਹੀਦਾ ਇਹ ਹੈ ਅੱਲਾਹ ਤਾਲਾ ਹੋਇਆ, ਵਾਹਿਗੁਰੂ ਹੋਇਆ, ਰਾਮ ਹੋਇਆ ਜਿਥੇ ਸੰਗਤਾਂ ਹਰੀ ਦੇ ਜਸ ਵਾਸਤੇ ਜਾਂਦੀਆਂ ਨੇ, ਉਥੇ ਦੇ ਪਿੰਡ ਵਾਲਿਆਂ ਨੂੰ ਚਾਹੀਦਾ ਹੇ ਕਿ ਰਸਤੇ ਵੀ ਠੀਕ ਕਰੋ, ਉਨ੍ਹਾਂ ਦਾ ਆਦਰ ਸਤਿਕਾਰ ਵੀ ਕਰੋ। ਕੁਛ ਨਹੀਂ ਹੋ ਸਕਦਾ ਫਤਹਿ ਹੀ ਬੁਲਾ ਦਿਓ। ਐਨੇ ਨਾਲ ਹੀ ਪਿੰਡ ਦਾ ਭਲਾ ਹੋ ਜਾਏਗਾ। ਇਹ ਤਾਂ ਨਹੀਂ ਹੈ ਕਿ ਸੰਗਤਾਂ ਦੀ ਵਿਰੋਧਤਾ ਕਰੋ। ਜਾਹ, ਹੁਣ ਤੂੰ ਗੁਰੂ ਨਾਨਕ ਦੀ ਸ਼ਰਨ ਆ ਗਈ ਹੈਂ ਤੇ ਇਹਦਾ ਨਾਉਂ ਅੱਲਾਹ ਦਿੱਤਾ ਰੱਖ ਲੈ। ਬੱਚਾ ਬਚ ਗਿਆ, ਸੋ ਇਕ ਬੱਚਾ ਬਚਾ ਲਿਆ।

ਸੋ ਮਹਾਰਾਜ ਕਹਿੰਦੇ -

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥* *ਅੰਗ - ੩੦੬*

ਪ੍ਰਿਥੀ ਚੰਦ ਜੀ ਨੇ ਇਕ ਦਾਈ ਨੂੰ ਪੈਸੇ ਦੇ ਦਿਤੇ, ਕਹਿੰਦੇ ਇਹ ਤਾਂ ਲੈ ਲੈ ਤੂੰ ਐਡਵਾਂਸ ਤੇ ਆਪਣੇ ਦੁੱਧਾਂ ਨੂੰ ਜ਼ਹਿਰ ਲਾ ਕੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਜਾ ਕੇ ਦੁੱਧ ਪਿਲਾ ਦੇ, ਬਹੁਤ ਤੇਜ਼ ਕਿਸਮ ਦੀ ਦਵਾਈ ਲਾ ਦਿਤੀ ਕਿ ਜੇ ਮੂੰਹ ਨੂੰ ਲੱਗ ਵੀ ਜਾਵੇ ਤਾਂ ਉਸੇ ਵੇਲੇ ਚੜ੍ਹਾਈ ਕਰ ਜਾਵੇ। ਸੋ ਉਹਨੇ ਆ ਕੇ ਮਾਤਾ ਜੀ ਤੋਂ ਬੱਚਾ ਫੜ ਲਿਆ। ਇਕ ਪਾਸੇ ਲੈ ਗਈ। ਬਟਨ ਖੋਲ੍ਹ ਕੇ ਦੁੱਧ ਮੂੰਹ ਵਿਚ ਪਾਉਣਾ ਚਾਹੁੰਦੀ ਹੈ। ਮਹਾਰਾਜ ਫੜਦੇ ਨਹੀਂ। ਉਹ ਕਦੇ ਏਧਰੋਂ ਫੜਾਉਂਦੀ ਹੈ ਕਦੇ ਓਧਰੋਂ ਫੜਾਉਂਦੀ ਹੈ, ਉਹ ਫੜਦੇ ਨਹੀਂ। ਅਖੀਰ ਕੁਦਰਤ ਐਸੀ ਹੋਈ ਕਿ ਉਸੇ ਨੂੰ ਜ਼ਹਿਰ ਚੜ੍ਹ ਗਈ। ਆਕੜ ਗਈ, ਗਿਰ ਗਈ ਦੜੱਮ ਕਰ ਕੇ। ਸਾਰੇ ਇਕੱਠੇ ਹੋ ਗਏ, ਮਹਾਰਾਜ ਆ ਗਏ ਕਹਿੰਦੀ ਮੈਂ ਤਾਂ ਪਾਪ ਕਰਿਆ ਹੈ ਮੈਂ ਪਾਪ ਭੋਗ ਲਿਆ। ਮੈਨੂੰ ਪ੍ਰਿਥੀ ਚੰਦ ਜੀ ਨੇ ਪੈਸੇ ਦਿਤੇ ਸੀ, ਅਜੇ ਹੋਰ ਦੇਣ ਦਾ ਮੇਰੇ ਨਾਲ ਵਾਇਦਾ ਕਰਿਆ ਸੀ, ਮੈਂ ਜਾ ਰਹੀ ਹਾਂ ਮੇਰੇ ਗੁਨਾਹ ਬਖਸ਼ ਦਿਓ। ਦੇਖਦੇ-ਦੇਖਦੇ ਹੀ ਮਰ ਗਈ। ਕਹਿੰਦੀ, ਮੈਂ ਜ਼ਹਿਰ ਲਾ ਕੇ ਪਿਲਾਉਣਾ ਚਾਹੁੰਦੀ ਸੀ। ਇਹ ਵੀ ਵਾਰ ਨਾ ਚੱਲਿਆ।

ਦੂਸਰੀ ਵਾਰੀ ਇਕ ਸਪੇਰਾ ਸੀ, ਉਹਨੂੰ ਕਹਿਣ ਲੱਗਿਆ ਪ੍ਰਿਥੀ ਚੰਦ ਕਿ ਤੇਰੇ ਕੋਲ ਸਭ ਤੋਂ ਜ਼ਹਿਰੀ ਸੱਪ ਕਿਹੜਾ ਹੈ? ਕਹਿਣ ਲੱਗਿਆ, ਗੁਰੂ ਲੋਕੋ! ਮੇਰੇ ਕੋਲ ਸਭ ਤੋਂ ਜ਼ਹਿਰੀ ਆਹ ਸੱਪ ਹੈ। ਕਹਿੰਦੇ ਇਹ ਜੇ ਮੂੰਹ ਲਾ ਦੇਵੇ ਨਾ, ਤਾਂ ਹਾਇ ਨਹੀਂ ਕਹਿਣ ਦਿੰਦਾ। ਐਨੀ ਜ਼ਹਿਰ ਤੇਜ਼ੀ ਨਾਲ ਚੜ੍ਹਦੀ ਹੈ। ਪਿੱਛੇ ਨੂੰ ਸੁੱਟਦਾ ਹੈ, ਮੂਹਰੇ ਨੂੰ ਨਹੀਂ ਸੁੱਟਦਾ। ਕਹਿਣ ਲੱਗਿਆ ਆਹ ਲੈ, ਪੰਜ ਸੌ ਰੁਪਿਆ। ਓਹ ਬੱਚਾ ਖੇਡਦਾ ਹੈ, ਤੇ ਜੇ ਇਹ ਸੱਪ ਤੂੰ ਉਸਨੂੰ ਲੜਾ ਦੇਵੇਂ ਤਾਂ ਤੈਨੂੰ ਮੂੰਹ ਮੰਗਿਆ ਇਨਾਮ ਮਿਲੇਗਾ। ਸਪੇਰਾ ਗਿਆ ਜਾ ਕੇ ਮਲਕ ਦੇ ਕੇ ਸੱਪ ਛੱਡ ਦਿਤਾ। ਮਹਾਰਾਜ ਜੀ ਦੇ ਪਾਸ ਚਲਿਆ ਗਿਆ। ਹੁਣ ਡੰਗ ਨਹੀਂ ਮਾਰਦਾ, ਖੇਲ੍ਹਦਾ ਹੈ ਉਨ੍ਹਾਂ ਨਾਲ, ਕਦੇ ਇਧਰ ਹੋ ਜਾਂਦਾ ਹੈ, ਕਦੇ ਓਧਰ ਹੋ ਜਾਂਦਾ ਹੈ। ਮਹਾਰਾਜ ਜੀ ਨੇ ਸਿਰੀ ਤੋਂ ਫੜ ਲਿਆ, ਦੇਖ ਲਿਆ ਕਿ ਸੱਪ ਹੈ। ਸਪੇਰਾ ਵੀ ਫੜ ਲਿਆ। ਜਦੋਂ ਮਾਰ ਪਈ ਤਾਂ ਦੱਸ ਦਿਤਾ ਕਿ ਮੈਨੂੰ ਤਾਂ ਪੈਸੇ ਦਿਤੇ ਨੇ ਕਿ ਸੱਪ ਲੜਾ ਦੇ। ਇਥੇ ਹੀ ਬੱਸ ਨਹੀਂ ਕਰੀ, ਜਿਹੜਾ ਖਿਡਾਵਾਂ ਸੀ ਬ੍ਰਾਹਮਣ, ਉਹ ਖਿਡਾਇਆ ਕਰਦਾ ਸੀ, ਉਸਨੂੰ ਕਿਹਾ ਕਿ ਅਸੀਂ ਤੈਨੂੰ ਐਨੇ ਪੈਸੇ ਦੇਵਾਂਗੇ, ਤੂੰ ਜ਼ਹਿਰ ਪਿਲਾ ਦੇ ਇਹਨੂੰ। ਦਹੀਂ ਪਿਲਾ ਦੇ ਇਹਨੂੰ। ਕਿਉਂਕਿ ਰੋਜ਼ ਆਪਣੇ ਹੱਥ ਦੇ ਨਾਲ ਦਹੀਂ ਖਿਲਾਇਆ ਕਰਦਾ ਸੀ। ਬਹੁਤ ਤੇਜ਼ ਕਿਸਮ ਦੀ ਜ਼ਹਿਰ ਪਾ ਦਿਤਾ ਦਹੀਂ ਵਿਚ। ਜਦੋਂ ਖਿਲਾਉਣ, ਲੱਗਿਆ, ਮਹਾਰਾਜ ਜੀ, ਮੂੰਹ ਹੀ ਨਹੀਂ ਖੋਲ੍ਹਦੇ। ਦੂਜੇ ਪਾਸੇ ਮੂੰਹ ਕਰਕੇ, ਜ਼ੋਰ ਨਾਲ ਚੀਕ ਮਾਰੀ। ਉਹਦਾ

ਸੀ ਕਿ ਜਦੋਂ ਮੂੰਹ ਖੋਲ੍ਹੇਗਾ, ਉਸੇ ਵੇਲੇ ਪਾ ਦੇਣਾ। ਜ਼ਹਿਰ ਐਨੀ ਤੇਜ਼ ਹੈ ਕਿ ਉਥੇ ਹੀ ਖਤਮ ਹੋ ਜਾਣਾ ਹੈ। ਉਹ ਮੂੰਹ ਨਹੀਂ ਖੋਲ੍ਹਦੇ, ਹੱਥ ਮੂਹਰੇ ਕਰਿਆ ਹੋਇਆ ਹੈ, ਛੋਟੇ ਬੱਚੇ ਨੇ। ਰੌਲਾ ਪਿਆ, ਨੱਠ ਕੇ ਮਹਾਰਾਜ ਜੀ ਆ ਗਏ। ਮਾਤਾ ਜੀ ਆ ਗਏ, ਕਹਿੰਦੇ ਕੀ ਗੱਲ? ਕਹਿੰਦਾ, ਦਹੀਂ ਨਹੀਂ ਖਾਂਦੇ। ਕਹਿੰਦੇ, ਦਹੀਂ 'ਚ ਕੋਈ ਗੱਲ ਹੋਣੀ ਹੈ ਤਾਂ ਹੀ ਨਹੀਂ ਖਾਂਦੇ। ਪਤਾ ਤਾਂ ਸਭ ਨੂੰ ਸੀ ਕਿ ਇਹ ਕਰਨ ਕਾਰਨ ਆਪੇ ਹੀ ਨੇ। ਚਾਹੇ ਬੱਚਾ ਸਰੀਰ ਹੋਵੇ, ਚਾਹੇ ਵੱਡਾ ਹੋਵੇ, ਸ਼ਕਤੀ ਨਹੀਂ ਘੱਟ ਹੋਇਆ ਕਰਦੀ, ਸ਼ਕਤੀ ਓਨੀ ਹੀ ਹੋਇਆ ਕਰਦੀ ਹੈ। ਗੁਰੂ ਹਰਿਕ੍ਰਿਸ਼ਨ ਮਹਾਰਾਜ 'ਚ ਕੀ ਸ਼ਕਤੀ ਘੱਟ ਸੀ। ਛਟੀ ਰੱਖਦੇ ਨੇ ਗੂੰਗੇ ਤੇ ਬੋਲੇ ਦੇ ਸਿਰ 'ਤੇ। ਅਰਥ ਕਰਾ ਦਿੰਦੇ ਨੇ ਗੀਤਾ ਦੇ । ਕਿੰਨੀ ਉਮਰ ਸੀ ਸਾਢੇ ਸੱਤ ਸਾਲ। ਸੋ ਇਸ ਤਰ੍ਹਾਂ ਦੇ ਨਾਲ ਦਹੀਂ ਲੈ ਕੇ ਕੁੱਤੇ ਨੂੰ ਪਾ ਦਿਤਾ। ਕੁੱਤੇ ਨੇ ਅਜੇ ਮਾੜਾ ਜਿਹਾ ਹੀ ਅੰਦਰ ਨੂੰ ਕਰਿਆ, ਦੜੰਮ ਕਰਕੇ ਗਿਰ ਗਿਆ। ਐਡੀ ਤੇਜ਼ ਜ਼ਹਿਰ ਪਾਈ। ਸੋ ਇਹ ਵੈਰ ਹੋਇਆ ਕਰਦਾ ਹੈ ਸਾਧਸੰਗਤ ਜੀ। ਇਹ ਲੋਕ ਸੁਖ ਨਹੀਂ ਪਾਇਆ ਕਰਦੇ –

***ਧਾਰਨਾ – ਸੁਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***

ਸਪੇਰਾ ਮਰ ਗਿਆ, ਦੁਸ਼ਟ ਬਾਮ੍ਹਣ ਦੇ ਸੂਲ ਐਸਾ ਉਠਿਆ ਕਿ ਉਹ ਚੜ੍ਹਾਈ ਕਰ ਗਿਆ। ਸੋ ਇਸ ਤਰ੍ਹਾਂ ਦੇ ਨਾਲ ਵੈਰ ਵਧਦਾ ਹੀ ਜਾਂਦਾ ਹੈ ਦਿਨੋ ਦਿਨ। ਇਕ ਤਾਂ ਇਹ ਹੁੰਦਾ ਹੈ ਕਿ ਇਕ ਪਾਸਾ ਵੈਰ ਨਾ ਕਰੇ, ਤਾਂ ਦੂਸਰਾ ਹੌਲੀ-ਹੌਲੀ ਦਬ ਜਾਂਦਾ ਹੈ। ਇਕ ਐਸਾ ਹੁੰਦਾ ਹੈ ਕਿ ਦਬਦਾ ਨਹੀਂ, ਸੁਭਾਅ ਐਸਾ ਹੁੰਦਾ ਹੈ, ਸਾਰੀ ਜ਼ਿੰਦਗੀ ਵੈਰ ਕਰੀ ਜਾਂਦਾ ਹੈ, ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ। ਮਹਾਰਾਜ ਕਹਿੰਦੇ, ਇਹ ਤਾਂ ਹੁੰਦਾ ਨਹੀਂ ਪਿਆਰਿਓ।

*ਵੈਰੁ ਕਰਨਿ ਨਿਰਵੈਰ ਨਾਲਿ*
*ਧਰਮਿ ਨਿਆਇ ਪਚੰਦੇ॥*
*ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥* *ਅੰਗ - ੩੧੭*

ਪਚਦੇ ਨੇ ਜਿਹੜੇ ਨਿਰਵੈਰ ਨਾਲ ਵੈਰ ਕਰਦੇ ਨੇ। ਸੋ ਹੁਣ ਪੇਸ਼ ਨਹੀਂ ਜਾਂਦੀ, ਗੁਰਦਾਸਪੁਰ ਜ਼ਿਲੇ ਦਾ ਇਕ ਬ੍ਰਾਹਮਣ ਜਿਸਦਾ ਨਾਮ ਬੀਰਬਲ ਸੀ ਇਹ ਕਿਸੇ ਰਾਜੇ ਦੇ ਪਾਸ ਨੌਕਰ ਸੀ, ਉਸ ਰਾਜੇ ਨੇ ਹੌਲੀ-ਹੌਲੀ ਅਕਬਰ ਦੇ ਪਾਸ ਭੇਜ ਦਿਤਾ। ਹੁਸ਼ਿਆਰ ਬੜਾ ਸੀ, ਹਾਜ਼ਰ ਜਵਾਬ ਸੀ, ਪੂਜਾ ਪਾਠ ਬਹੁਤ ਕਰਿਆ ਕਰਦਾ ਸੀ। ਕਥਾ ਕਰਨੀ, ਸਭ ਕੁਛ ਕਰਨਾ, ਬ੍ਰਾਹਮਣਾਂ ਵਾਲੇ ਕਰਮ ਵੀ ਪੂਰੇ ਕਰਨੇ ਤੇ ਨਾਲ ਲਤੀਫੇ ਵੀ ਸੁਣਾਉਣੇ ਉਸ ਨੇ। ਬੀਰਬਲ ਦੇ ਲਤੀਫੇ ਮਸ਼ਹੂਰ ਨੇ।

ਇਕ ਵਾਰੀ ਯੂਸਫਦੇਹੀ ਦੇ ਵਿਚ ਯੁੱਧ ਲੱਗਿਆ, ਅਫਗਾਨਿਸਤਾਨ 'ਚ। ਤਾਂ ਉਸ ਥਾਂ ਦੇ ਉਤੇ ਇਕ ਜਰਨੈਲ ਜੈਨ ਖਾਨ ਨਾਮ ਦਾ ਭੇਜਿਆ ਤੇ ਅਕਬਰ ਇਥੇ ਆਇਆ ਹੋਇਆ ਸੀ ਤੇ ਉਸ ਨੂੰ ਪਤਾ ਲੱਗਿਆ ਕਿ ਜੈਨ ਖਾਨ ਕਾਮਯਾਬ ਨਹੀਂ ਹੋ ਸਕਦਾ ਤਾਂ ਅਕਬਰ ਨੇ ਖੁਦ ਤਿਆਰੀ ਕਰੀ ਤੇ ਬੀਰਬਲ ਨੂੰ ਕਿਹਾ ਕਿ ਤੂੰ ਪੰਜਾਬ ਵਿਚੋਂ ਲੰਘ। ਕਹਿਣ ਲੱਗਿਆ, ਮਹਾਰਾਜ! ਮੈਂ ਪੰਜਾਬ ਦਾ ਬ੍ਰਾਹਮਣ ਹਾਂ ਤੇ ਕ੍ਰਿਪਾ ਕਰਕੇ ਮੈਨੂੰ ਇਕ ਹਕੂਕ ਦੇ ਦਿਓ ਕਿ ਮੈਂ ਸਾਰੇ ਖਤਰੀਆਂ ਤੋਂ ਜਜ਼ਮਾਨੀ ਪਰੋਹਤੀ ਲੈਂਦਾ ਚਲਿਆ ਜਾਵਾਂ, ਜਿਹੜਾ ਨਾ ਦੇਵੇ, ਮੈਨੂੰ ਅਖਤਿਆਰ ਦੇ ਦਿਓ ਕਿ ਜੋ ਮੈਂ ਸਜ਼ਾ ਚਾਹਵਾਂ, ਉਹ ਮੈਂ ਦੇਵਾਂ। ਯਾਨਿ ਇਕ ਟੈਕਸ ਉਗਰਾਹੁਣ ਵਾਸਤੇ ਤੁਰਿਆ ਆਉਂਦਾ ਹੈ। ਜਿਥੇ-ਜਿਥੇ ਵੀ ਦੇਖਦਾ ਹੈ ਜਿਹੜੇ-ਜਿਹੜੇ ਵੀ ਪਿੰਡ ਨੇ, ਚਾਹੇ ਜੱਟਾਂ ਦੇ ਨੇ, ਚਾਹੇ ਖੱਤਰੀਆਂ ਦੇ ਨਾਲ, ਸਾਰਿਆਂ ਤੋਂ ਦੱਛਣਾ ਲੈਂਦਾ ਤੁਰਿਆ ਜਾਂਦਾ ਹੈ। ਚਲਦਾ-ਚਲਦਾ ਜਦੋਂ ਰਾਮਦਾਸਪੁਰੇ, ਅੰਮ੍ਰਿਤਸਰ ਦੇ ਨੇੜੇ ਆਇਆ ਉਥੇ ਪ੍ਰਿਥੀ ਚੰਦ ਮਿਲ ਗਿਆ, ਭੇਟਾ ਲੈ ਕੇ। ਕਹਿੰਦਾ ਲਓ ਪੰਡਤ ਜੀ! ਤੁਸੀਂ ਤਾਂ ਸਾਡੇ ਪਰੋਹਤ ਹੋਂ। ਪਰ ਮੈਂ ਤਾਂ ਦੇ ਦਿਤੀ। ਪਰ ਮੇਰਾ ਭਰਾ ਜਿਹੜਾ ਅੱਜਕਲ੍ਹ ਬੈਠਾ ਗੁਰੂ ਅਰਜਨ ਕਹਾਉਂਦਾ ਹੈ, ਉਹ ਐਡਾ ਅਭਿਮਾਨੀ ਹੈ ਕਿ ਉਸਨੇ ਤੁਹਾਨੂੰ ਇਕ ਪੈਸਾ ਨਹੀਂ ਦੇਣਾ। ਜੇ ਇਤਬਾਰ ਨਹੀਂ ਹੈ ਤਾਂ ਪ੍ਰਤਿਆ ਕੇ ਦੇਖ ਲਓ। ਉਹਨੇ ਮੈਨੂੰ ਬੜਾ ਦੁਖੀ ਕਰਿਆ ਹੈ, ਵਲ ਛਲ ਦੇ ਨਾਲ ਗੁਰਿਆਈ ਲੈ ਲਈ ਹੈ। ਮੈਂ ਵੱਡਾ ਹਾਂ, ਮੈਂ ਵਾਂਝਾ ਰਹਿ ਗਿਆ, ਮੈਂ ਰੋਟੀ ਤੋਂ ਮੁਹਤਾਜ ਤੁਰਿਆ ਫਿਰਦਾ ਹਾਂ। ਉਹਦੇ ਕੋਲ ਅੰਬਾਰ ਲਗਦੇ ਨੇ। ਤੁਸੀਂ ਜੀਅ ਭਰ ਕੇ ਦੱਛਣਾ ਲਓ। ਮਿਲ ਗਏ ਦੋਵੇਂ, ਗੱਲਾਂ ਕਰੀ ਜਾਂਦੇ ਨੇ। ਉਹ ਵੀ ਬਹੁਤ ਖਿਝਿਆ ਹੋਇਆ ਸੀ ਉਸ ਨੇ ਕਿਹਾ ਕਿ ਇਨ੍ਹਾਂ ਨੇ ਸਾਰੇ ਬ੍ਰਾਹਮਣੀ ਕਰਮ ਤੋੜ ਦਿਤੇ। ਤੀਰਥਾਂ ਨੂੰ ਇਹ ਪਸੰਦ ਨਹੀਂ ਕਰਦੇ, ਵਰਤਾਂ ਨੂੰ ਇਹ ਪਸੰਦ ਨਹੀਂ ਕਰਦੇ, ਚੰਦਰਮਾ ਦੀ ਪੂਜਾ ਨੂੰ, ਦਰਖਤਾਂ ਦੀ ਪੂਜਾ ਨੂੰ, ਇਹ ਤਾਂ ਸਾਰੀਆਂ ਹੀ ਚੀਜ਼ਾਂ ਨੂੰ ਗਲਤ ਕਹੀ ਜਾਂਦੇ ਨੇ। ਮੈਂ ਤਾਂ ਪ੍ਰਿਥੀ ਚੰਦ ਤੇਰੇ ਤੋਂ ਵੀ ਪਹਿਲਾਂ ਤਿਆਰ ਹਾਂ ਕਿ ਮੈਂ ਇਹਨੂੰ ਚੰਗੀ ਤਰ੍ਹਾਂ ਸਜ਼ਾ ਦੇਵਾਂ। ਇਹ ਦੇਖੀ ਜਾਏਗੀ। ਜੇ ਨਹੀਂ ਦੇਵੇਗਾ ਫੇਰ ਤਾਂ ਮੈਨੂੰ ਪੂਰਾ ਬਹਾਨਾ ਮਿਲ ਜਾਏਗਾ। ਫੇਰ ਤੂੰ ਦੇਖੀਂ ਮੈਂ ਕੀ ਕਰਾਂਗਾ।

ਸੋ ਗੁਰੂ ਮਹਾਰਾਜ ਦੇ ਕੋਲ ਆਪਣੇ ਪਿਆਦੇ ਭੇਜ ਦਿਤੇ। ਕਹਿੰਦੇ, ਦੇਖੋ ਤੁਸੀਂ ਓਂ ਖੱਤਰੀ, ਕਹਿ ਦਿਓ ਉਹਨੂੰ ਕਿ ਬ੍ਰਾਹਮਣ ਬੀਰਬਲ ਨੇ ਭੇਜੇ ਨੇ ਤੇ ਐਨੇ ਹਜ਼ਾਰ ਦੱਛਣਾ ਦੇਵੇ। ਜੇ ਨਾ ਦੇਵੇ ਤਾਂ ਤਿਆਰ ਹੋ ਜਾਵੇ ਸਜ਼ਾ ਭੁਗਤਣ ਵਾਸਤੇ। ਮਹਾਰਾਜ ਜੀ ਦੇ ਪਾਸ ਚਲੇ ਗਏ, ਜਾ ਕੇ ਉਨ੍ਹਾਂ ਨੇ ਕੁਛ ਅਦਬ ਰੱਖਿਆ ਥੋੜ੍ਹਾ, ਸਮਝਦਾਰ ਸੀ। ਕਹਿਣ ਲੱਗੇ, ਪਾਤਸ਼ਾਹ! ਅਕਬਰ ਤੋਂ ਬੀਰਬਲ ਹੁਕਮ ਲੈ ਆਇਆ ਹੈ ਤੇ ਹਰ ਥਾਂ ਤੋਂ ਉਹ ਆਪਣੀ ਦੱਛਣਾ ਲੈਂਦਾ ਫਿਰਦਾ ਹੈ। ਪੈਸੇ ਉਗਰਾਉਂਦਾ ਫਿਰਦਾ ਹੈ। ਤੁਹਾਡੇ ਭਰਾਤਾ ਜੀ ਨੇ ਵੀ ਦੇ ਦਿਤੇ ਨੇ ਤੇ ਕੁਛ ਗੁਪਤ ਗੱਲਾਂ ਵੀ ਇਨ੍ਹਾਂ ਨੇ ਆਪਸ ਵਿਚ ਕਰੀਆਂ ਨੇ, ਕਿਤੇ ਐਸਾ ਨਾ ਹੋਵੇ ਕਿ ਆਪ ਨੂੰ ਸੰਕਟ ਖੜ੍ਹਾ ਹੋ ਜਾਵੇ, ਚੰਗਾ ਹੋਵੇ ਕਿ ਬਲਾ ਗਲੋਂ ਲਾਹੋ ਤੇ ਜਿਹੜਾ ਮੰਗਿਆ ਹੈ ਇਹ ਦੇ ਦਿਓ।

ਮਹਾਰਾਜ ਕਹਿੰਦੇ, ਪ੍ਰੇਮੀਓ! ਆਹ ਜਿੰਨਾ ਤੁਹਾਨੂੰ ਪੈਸਾ ਟਕਾ ਨਜ਼ਰ ਆਉਂਦਾ ਹੈ, ਇਹ ਮੇਰਾ ਤਾਂ ਹੈ ਨਹੀਂ। ਮੈਂ ਤਾਂ ਇਹਦੇ ਵਿਚੋਂ ਪ੍ਰਸ਼ਾਦਾ ਵੀ ਨਹੀਂ ਛਕਦਾ, ਵਸਤਰ ਵੀ ਨਹੀਂ ਪਹਿਨਦਾ। ਇਹ ਤਾਂ ਸਾਰਾ ਸੰਗਤਾਂ ਲਿਆਉਂਦੀਆਂ ਨੇ, ਸੰਗਤਾਂ 'ਤੇ ਹੀ ਲਗ ਜਾਂਦਾ ਹੈ। ਅਸੀਂ ਤਾਂ ਆਪਣਾ ਪ੍ਰਸ਼ਾਦਾ ਪਾਣੀ ਜਿਹੜੀ ਸਾਡੇ ਕੋਲ ਜ਼ਮੀਨ ਹੈ ਉਹਦੇ 'ਚੋਂ ਖਾਂਦੇ, ਉਹਦੇ 'ਚੋਂ ਵੀ ਅਸੀਂ ਗੁਰੂ ਦੇ ਲੰਗਰ 'ਚ ਪਾ ਦਿੰਦੇ ਹਾਂ ਜਿੰਨਾ ਵਾਧੂ ਹੁੰਦਾ

ਹੈ। ਸੋ ਪੈਸਾ ਤਾਂ ਇਨ੍ਹਾਂ ਸੰਗਤਾਂ ਦਾ ਹੈ, ਸੰਗਤਾਂ ਦਾ ਪੈਸਾ ਕਿਸੇ ਨੂੰ ਦੇਣਾ ਮੇਰਾ ਅਖਤਿਆਰ ਨਹੀਂ।

ਕਹਿੰਦੇ, ਮਹਾਰਾਜ! ਜਿੱਦੀ ਬੰਦਾ ਹੈ, ਅਕਬਰ ਦੇ ਮੂੰਹ ਬਹੁਤ ਚੜ੍ਹਿਆ ਹੋਇਆ ਹੈ ਤੇ ਆਪ ਜੇ ਦੇ ਦਿਓ ਤਾਂ ਚੰਗਾ ਹੈ, ਨਹੀਂ ਤਾਂ ਫੇਰ ਨੁਕਸਾਨ ਬਹੁਤ ਹੋ ਜਾਂਦਾ ਹੈ। ਅਸੀਂ ਤਾਂ ਤੁਹਾਡਾ ਵੀ ਸਤਿਕਾਰ ਰੱਖਣਾ ਹੈ ਤੇ ਓਧਰ ਵੀ ਰੱਖਣਾ ਹੈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਵਿਚੋਂ ਜਿਹੜੀ ਗੱਲ ਹੈ ਕਿ ਏਸ ਨੂੰ ਬਹੁਤ ਅਭਿਮਾਨ ਹੈ ਬ੍ਰਾਹਮਣਪੁਣੇ ਦਾ, ਇਹ ਸਿੱਖੀ ਨੂੰ ਮੇਟਣਾ ਚਾਹੁੰਦਾ ਹੈ ਕਿ ਮੈਂ ਇਹਨੂੰ ਖਤਮ ਕਰ ਦੇਵਾਂ। ਪਰ ਵਾਹਿਗੁਰੂ ਦਾ ਅਸੂਲ ਕੁਛ ਹੋਰ ਹੈ। ਪੜ੍ਹੋ ਪਿਆਰ ਨਾਲ -

***ਧਾਰਨਾ - ਤੇਰਾ ਮਾਣ ਓ - 3***
***ਪ੍ਰਭੂ ਨੂੰ ਨਾ ਭਾਵੇ ਭਾਈ ਤੇਰਾ ਮਾਣ ਜੀ।***

*ਹਰਿ ਜੀਉ ਅਹੰਕਾਰੁ ਨ ਭਾਵਈ*
*ਵੇਦ ਕੂਕਿ ਸੁਣਾਵਹਿ ॥* ਅੰਗ - ੧੦੮੯

ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਧਰਮ ਗ੍ਰੰਥ ਸਾਰੇ ਇਹ ਕਹਿੰਦੇ ਨੇ ਕਿ ਰੱਬ ਨੂੰ ਹੰਕਾਰ ਨਹੀਂ ਭਾਇਆ ਕਰਦਾ। 'ਹੰਕਾਰਿਆ ਸੋ ਮਾਰਿਆ।' ਹੰਕਾਰੀ ਜਿਹੜਾ ਪੁਰਸ਼ ਹੈ ਉਹਨੂੰ ਹਾਰਨਾ ਪਏਗਾ। ਮਹਾਰਾਜ ਕਹਿੰਦੇ, ਤੁਸੀਂ ਅਕਾਲ ਪੁਰਖ 'ਤੇ ਭਰੋਸਾ ਰੱਖੋ। ਪਿਆਦਿਆਂ ਨੂੰ ਕਹਿਣ ਲੱਗੇ, ਦੇਖੋ ਤੁਸੀਂ ਉਨ੍ਹਾਂ ਨੂੰ ਕਹਿ ਦਿਓ ਕਿ ਲੰਗਰ ਛਕਣਾ ਹੈ ਤਾਂ ਤਿਆਰ ਹੈ ਕਿਉਂਕਿ ਗੁਰੂ ਨਾਨਕ ਦੇ ਦਰ ਦੇ ਉਤੇ ਕੋਈ ਦ੍ਵੈਸ਼ ਨਹੀਂ ਹੈ, ਲੇਕਿਨ ਅਸੀਂ ਜਾਤ ਪਾਤ ਨੂੰ ਨਹੀਂ ਮੰਨਦੇ ਕਿ ਬ੍ਰਾਹਮਣਾਂ ਨੂੰ ਕਿਸੇ ਖਾਸ ਥਾਂ ਬੈਠ ਕੇ ਪ੍ਰਸ਼ਾਦਾ ਛਕਾਇਆ ਜਾਵੇ ਤੇ ਗੁਰੂ ਅਮਰਦਾਸ ਮਹਾਰਾਜ ਜੀ ਦੇ ਦਰਬਾਰ ਵਿਚ ਆ ਕੇ ਅਕਬਰ ਬਾਦਸ਼ਾਹ ਨੇ ਭੁੰਜੇ ਬੈਠ ਕੇ ਹੱਥਾਂ 'ਤੇ ਲੈ ਕੇ ਪ੍ਰਸ਼ਾਦਾ ਛਕਿਆ ਸੀ। ਗੁਰੂ ਨਾਨਕ ਦਾ ਲੰਗਰ ਹੈ ਇਹਦਾ ਮਿਲ ਜਾਣਾ ਹੀ ਬਹੁਤ ਵੱਡੀ ਕਿਸਮਤ ਹੋਇਆ ਕਰਦੀ ਹੈ। ਬਾਕੀ ਜਿਹੜਾ ਰਹਿ ਗਿਆ ਕਿ ਇਹ ਜਜ਼ਮਾਨੀ ਪਰੋਹਤੀ ਦੀ ਗੱਲ ਕਰਦਾ ਹੈ, ਅਸੀਂ ਤਾਂ ਨਾ ਕਿਸੇ ਤੀਰਥ ਨੂੰ ਮੰਨਦੇ ਹਾਂ, ਨਾ ਚੰਦ ਨੂੰ, ਨਾ ਸੂਰਜ ਨੂੰ, ਨਾ ਕਿਸੇ ਧਰਮਰਾਜ ਨੂੰ, ਨਾ ਕਿਸੇ ਗ੍ਰਹਿ ਨੂੰ ਮੰਨਦੇ, ਨਾ ਕਿਸੇ ਨਛੱਤ੍ਰ ਨੂੰ ਮੰਨਦੇ ਹਾਂ, ਨਾ ਅਸੀਂ ਕਿਸੇ ਦੇਵੀ ਨੂੰ ਮੰਨਦੇ ਹਾਂ, ਨਾ ਦੇਵਤਾ ਨੂੰ ਮੰਨਦੇ ਹਾਂ। ਸਾਡਾ ਤਾਂ ਜਜਮਾਨ ਸਿੱਧਾ ਹੀ ਵਾਹਿਗੁਰੂ ਹੈ। ਵਿਚਾਲੇ-ਵਿਚਾਲੇ ਕੋਈ ਨਹੀਂ ਹੈ। ਸੋ ਉਨ੍ਹਾਂ ਨੂੰ ਕਹਿ ਦਿਓ ਕਿ ਗੁਰੂ ਨਾਨਕ ਦਾ ਧਰਮ ਜੋ ਹੈ, ਉਹ ਤਾਂ ਮੰਨਦਾ ਨਹੀਂ ਹੈ ਕਿਸੇ ਨੂੰ, ਦੱਛਣਾ ਵਗੈਰਾ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਸੋ ਉਹ ਜਵਾਬ ਲੈ ਕੇ ਚਲੇ ਜਾਂਦੇ ਨੇ। ਉਸ ਵੇਲੇ ਗੋਂਦਾ ਗੁੰਦਣੀਆਂ ਸ਼ੁਰੂ ਕਰ ਲਈਆਂ ਉਸਨੇ ਤੇ ਨਾਲ ਇਹ ਗੱਲ ਕਹੀ ਕਿ ਦੇਖਾਂਗਾ ਮੇਰੀ ਤਾਕਤ ਨੂੰ ਚੈਲੰਜ ਕਰਿਆ ਹੈ ਤੇ ਮੈਂ ਦੱਸਾਂਗਾ ਕਿ ਕੀ ਤਾਕਤ ਹੋਇਆ ਕਰਦੀ ਹੈ ਬ੍ਰਾਹਮਣ ਦੇ ਅੰਦਰ। ਅਭਿਮਾਨ ਦੇ ਹੰਕਾਰੇ ਹੋਏ ਬਚਨ ਕਰਦਾ ਹੈ। ਆ ਕੇ ਗੁਰਸਿੱਖਾਂ ਨੇ ਦੱਸਿਆ ਕਿ ਸੱਚੇ ਪਾਤਸ਼ਾਹ! ਉਹ ਤਾਂ ਬਹੁਤ ਹੰਕਾਰੇ ਹੋਏ ਬਚਨ ਕਰ ਰਿਹਾ ਹੈ। ਮਹਾਰਾਜ! ਕਹਿੰਦੇ, ਕੋਈ ਨਾ ਪ੍ਰੇਮੀਓ! ਜਿਹੜਾ ਨਿਰਵੈਰਾਂ ਦੇ ਉਤੇ, ਵੈਰ ਕਰਨ ਵਾਸਤੇ ਚੜ੍ਹ ਕੇ ਆਉਂਦਾ ਹੈ, ਉਹ ਫੇਰ ਵਾਹਿਗੁਰੂ ਜੀ ਦਾ ਫਰਜ਼ ਬਣ ਜਾਂਦਾ ਹੈ। ਆਪਾਂ ਤਾਂ ਸਰਬੱਤ ਦਾ ਭਲਾ ਮੰਗੋ। ਜੇ ਫੇਰ ਵੀ ਕੋਈ ਨਹੀਂ ਹਟਦਾ ਤਾਂ ਫੇਰ ਵਾਹਿਗੁਰੂ ਜੀ ਦੀ ਡਿਊਟੀ ਹੁੰਦੀ ਹੈ ਕਿ ਦੈਂਤਾਂ ਨੂੰ ਮਾਰਦਾ ਹੈ ਤੇ ਸੰਤਾਂ ਨੂੰ ਉਭਾਰਦਾ ਹੈ।

***ਧਾਰਨਾ - ਦੈਂਤਾਂ ਨੂੰ ਮਾਰ ਕੇ***
***ਸੰਤਾਂ ਦੀ ਰਾਖੀ ਕਰਦੈ।***

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ*
*ਪ੍ਰਹਲਾਦੁ ਤਰਾਇਆ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ*
*ਨਾਮਦੇਉ ਮੁਖਿ ਲਾਇਆ ॥*
*ਜਨ ਨਾਨਕ ਐਸਾ ਹਰਿ ਸੇਵਿਆ*
*ਅੰਤਿ ਲਏ ਛਡਾਇਆ ॥* ਅੰਗ - ੪੫੧

ਸਾਧਸੰਗਤ ਜੀ! ਘਬਰਾਉਣ ਦੀ ਲੋੜ ਨਹੀਂ। ਅਕਾਲ ਪੁਰਖ ਨੇ ਜੁਗਾਂ ਜੁਗਾਤਰਾਂ ਤੋਂ ਭਗਤਾਂ ਦੀ ਰਾਖੀ ਆਪ ਆ ਕੇ ਕਰੀ ਹੈ। ਦੇਖੋ, ਪ੍ਰਹਿਲਾਦ ਦੀ ਰਾਖੀ ਵਾਸਤੇ ਨਰਸਿੰਘ ਦਾ ਰੂਪ ਧਾਰਨਾ ਪਿਆ ਤੇ ਅਨੇਕਾਂ ਦੀ ਰਾਖੀ ਕਰੀ ਹੈ।

*ਸਹਸਬਾਹੁ ਮਧੁ ਕੀਟ ਮਹਿਖਾਸਾ ॥*
*ਹਰਣਾਖਸੁ ਲੇ ਨਖਹੁ ਬਿਧਾਸਾ ॥*
*ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥ ੬ ॥*
*ਜਰਾਸੰਧਿ ਕਾਲਜਮੁਨ ਸੰਘਾਰੇ ॥*
*ਰਕਤਬੀਜੁ ਕਾਲੁਨੇਮੁ ਬਿਦਾਰੇ ॥*
*ਦੈਤ ਸੰਘਾਰਿ ਸੰਤ ਨਿਸਤਾਰੇ ॥* ਅੰਗ - ੨੨੪

ਦੈਂਤਾਂ ਦਾ ਸੰਘਾਰ ਕਰਨਾ ਵਾਹਿਗੁਰੂ ਦੀ ਆਪਣੀ ਡਿਊਟੀ ਹੈ। ਤੁਸੀਂ ਬੇਫਿਕਰ ਰਹੋ। ਪਾਤਸ਼ਾਹ! ਬੜਾ ਉਹ ਤਾਂ ਹੰਕਾਰ ਦੇ ਬਚਨ ਕਰਦਾ ਹੈ। ਕਹਿੰਦੇ, ਕੋਈ ਨਾ। ਐਨੇ ਨੂੰ ਅਕਬਰ ਨੂੰ ਖਬਰ ਆਈ, ਲਾਹੌਰ ਕਿ ਜੈਨ ਖਾਂ ਭੱਜਣ ਦੀਆਂ ਤਿਆਰੀਆਂ ਕਰਦਾ ਹੈ ਕਿ ਛੇਤੀ ਫੌਜ ਭੇਜ ਦਿਓ। ਉਸ ਵੇਲੇ ਉਨ੍ਹਾਂ ਨੇ ਫੌਰਨ ਬੀਰਬਲ ਨੂੰ ਸੁਨੇਹਾ ਭੇਜਿਆ ਕਿ ਇਕ ਦਮ ਡਬਲ ਮਾਰਚ ਕਰਦਾ-ਕਰਦਾ ਪਹੁੰਚ ਜਾਹ ਤੇ ਜਾ ਕੇ ਯੁੱਧ ਦਾ ਪਲਟਾ ਪਲਟ। ਉਸੇ ਵੇਲੇ ਜਦੋਂ ਤੁਰਨ ਲੱਗਿਆ ਤਾਂ ਪ੍ਰਿਥੀ ਚੰਦ ਕਹਿਣ ਲੱਗਿਆ ਕਿ ਬੀਰਬਲ ਜੀ! ਦੱਛਣਾ ਤਾਂ ਤੁਹਾਨੂੰ ਦਿਤੀ ਨਹੀਂ। ਕਹਿੰਦਾ ਮੈਂ ਆਇਆ ਆ ਕੇ ਦੇਖੀਂ ਤੂੰ ਮੈਂ ਕਿਸ ਤਰ੍ਹਾਂ ਦੇ ਨਾਲ ਦੱਛਣਾ ਲੈਂਦਾ ਹਾਂ।

ਸਿਖਾਂ ਨੇ ਆ ਕੇ ਮਹਾਰਾਜ ਜੀ ਨੂੰ ਬੇਨਤੀ ਕਰੀ ਗਈ ਕਿ ਪਾਤਸ਼ਾਹ! ਉਹ ਤਾਂ ਐਉਂ ਕਹਿੰਦਾ ਹੈ ਕਿ ਮੈਂ ਯੁੱਧ ਤੋਂ ਹੁਣੇ ਹੀ ਆਇਆ ਤੇ ਬਾਦਸ਼ਾਹ ਵੀ ਮੇਰੇ 'ਤੇ ਬਹੁਤ ਖੁਸ਼ ਹੋਏਗਾ। ਫੇਰ ਮੈਂ ਮਨਮਰਜ਼ੀ ਕਰਾਂਗਾ। ਫੇਰ ਮੈਂ ਅਗਲਾ ਪਿਛਲਾ ਹਿਸਾਬ ਕਿਤਾਬ ਨਿਬੇੜ ਲਵਾਂਗਾ। ਮਹਾਰਾਜ ਕਹਿੰਦੇ ਇਹਦਾ ਕੀ ਭਰੋਸਾ ਹੈ ਕਿ ਇਹਨੇ ਆਉਣਾ ਵੀ ਹੈ ਕਿ ਨਹੀਂ ਆਉਣਾ। ਕੋਈ ਪਤਾ ਨਹੀਂ ਹੈ।

***ਧਾਰਨਾ - ਅਜੇ ਨਉਕਾ ਵਿਚ ਸਮੁੰਦਰ ਦੇ***
***ਕਿਆ ਜਾਨੇ ਕਿਆ ਹੋਏ।***

*ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥*
*ਅਜਹੁ ਸੁ ਨਾਉ ਸਮੁੰਦ੍ਰ ਮਹਿ*
*ਕਿਆ ਜਾਨਉ ਕਿਆ ਹੋਇ ॥* ਅੰਗ - ੧੩੬੬

ਕੀ ਪਤਾ ਕੀ ਹੋ ਜਾਵੇ, ਦੂਸਰਿਆਂ ਨੂੰ ਹਾਸਾ ਮਖੌਲ ਮਸਕਰੀਆਂ ਕਰਦਾ ਹੈਂ। ਮਹਾਰਾਜ ਕਹਿੰਦੇ, ਜਦੋਂ ਆਏਗਾ ਉਦੋਂ ਹੀ ਕੁਛ ਕਰੇਗਾ।

ਉਥੇ ਜਾਂਦਾ ਹੀ ਪਠਾਣਾਂ ਨੇ ਮਾਰ ਦਿਤਾ। ਬੜਾ ਉਦਾਸ ਹੋਇਆ ਪ੍ਰਿਥੀ ਚੰਦ। ਸਭ ਤੋਂ ਜ਼ਿਆਦਾ ਸਦਮਾ ਇਹਨੂੰ ਪਹੁੰਚਿਆ ਕਿ ਮਸਾਂ-ਮਸਾਂ ਤਿਆਰ ਕਰਿਆ ਸੀ। ਉਹ ਵੀ ਜਾਂਦਾ ਰਿਹਾ। ਚਾਰ-ਪੰਜ, ਵਾਰ ਵੀ ਕਰੇ, ਸਾਰੇ ਖਾਲੀ ਗਏ। ਖਬਰੇ ਕਿਹੋ ਜਿਹੀ ਕਿਸਮਤ ਹੈ ਮੇਰੀ। ਅਜੇ ਵੀ ਪਛਤਾਉਂਦਾ ਨਹੀਂ ਹੈ। ਪਹਿਲੇ ਗੁਰੂਆਂ ਦੀ ਲਿਹਾਜ਼ ਨਹੀਂ ਹੈ ਕਿ ਚਲੋ ਇਨ੍ਹਾਂ ਦੀ ਨਾ ਕਰ, ਪਹਿਲਿਆਂ ਦੀ ਤਾਂ ਕਰ ਲੈ ਕਿ ਗੁਰਿਆਈ ਗੁਰੂ ਨਾਨਕ ਦੀ ਐਵੇਂ ਤਾਂ ਨਹੀਂ ਚਲੀ ਆਉਂਦੀ। ਬੇ-ਭਰੋਸੇ ਬੰਦਾ ਸੀਗਾ, ਨਾਸਤਕ ਬੰਦਾ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਵਾਪਸ ਚਲੇ ਜਾਂਦੇ ਨੇ। ਜਾਂਦੇ-ਜਾਂਦੇ ਜਦੋਂ ਖਡੂਰ ਸਾਹਿਬ ਪਹੁੰਚਦੇ ਨੇ, ਉਸ ਥਾਂ ਦੇ ਉਤੇ ਦਾਸੂ ਜੀ ਜੋ ਗੁਰੂ ਅੰਗਦ ਸਾਹਿਬ ਮਹਾਰਾਜ ਦੇ ਸਾਹਿਬਜ਼ਾਦੇ ਸੀ। ਉਨ੍ਹਾਂ ਨੂੰ ਮਿਲਣ ਆਪ ਗਏ। ਸਮਾਧੀ ਸਥਿਤ ਆਪ ਬੈਠੇ ਸਨ, ਆਪ ਨੇ ਸਮਾਧੀ ਖੁਲਾਈ ਤੇ ਫੇਰ ਆਪ ਨੇ ਦਰਸ਼ਨ ਮੇਲੇ ਕਰੇ। ਐਨੇ ਨੂੰ ਦਾਤੂ ਜੀ ਆ ਗਏ, ਆ ਕੇ ਕਹਿਣ ਲੱਗੇ ਮਹਾਰਾਜ! ਅਸੀਂ ਬੜੀ ਭਾਰੀ ਭੁੱਲ ਕੀਤੀ ਹੈ ਕਿ ਜਦੋਂ ਪਿਤਾ ਜੀ ਨੇ ਗੁਰਿਆਈ ਗੁਰੂ ਅਮਰਦਾਸ ਜੀ ਨੂੰ ਦਿਤੀ ਤਾਂ ਮੈਨੂੰ ਕੋਝਿਆਂ ਮਸੰਦਾਂ ਨੇ ਚੁੱਕ ਚੁਕਾਂ ਕੇ ਇਹ ਗੱਲ ਕਹੀ ਕਿ ਦੇਖ, ਗੁਰਿਆਈ ਉਨ੍ਹਾਂ ਨੇ ਕਿਵੇਂ ਦੇ ਦਿਤੀ, ਤੁਸੀਂ ਤਾਂ ਪੁੱਤਰ ਹੋ ਉਨ੍ਹਾਂ ਦੇ। ਜੇ ਤੁਸੀਂ ਹੁਣ ਨਾ ਗੁਰਿਆਈ ਸੰਭਾਲੀ, ਇਹ ਬਾਹਰ ਚਲੀ ਜਾਏਗੀ। ਪਹਿਲਾਂ ਸ੍ਰੀ ਚੰਦ ਜੀ ਨੇ ਗੁਰਿਆਈ ਨਾ ਸੰਭਾਲੀ। ਪਹਿਲਾਂ ਗੁਰੂ ਨਾਨਕ ਦੇ ਘਰ 'ਚੋਂ ਬਾਹਰ ਚਲੀ ਗਈ, ਹੁਣ ਤੁਹਾਡੇ ਬਾਹਰ ਚਲੀ ਗਈ। ਉਹ ਕੱਲ੍ਹ ਤੱਕ ਤਾਂ ਤੁਹਾਡੀ ਸੇਵਾ ਕਰਦਾ ਰਿਹਾ ਹੈ, ਜਾਓ ਜਾ ਕੇ ਤੁਸੀਂ ਤਖਤ ਲਾ ਕੇ ਬੈਠੋ, ਉਹਦੀ ਕੀ ਮਜ਼ਾਲ ਹੈ ਕਿ ਤੁਹਾਡੇ ਬਰਾਬਰ ਬੈਠ ਜਾਵੇ। ਸੋ ਇਹ ਦਾਤੂ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਆ ਗਏ। ਅੱਗੇ ਦਰਬਾਰ ਲੱਗਿਆ ਹੋਇਆ ਹੈ, ਸੰਗਤ ਆਈ ਬੈਠੀ ਹੈ। ਦੂਰ-ਤਕ ਬੈਠੀ ਹੈ ਹਜ਼ਾਰਾਂ ਦੀ ਤਾਦਾਦ 'ਚ। ਅੰਬਾਰ ਲੱਗੇ ਪਏ ਨੇ ਭੇਟਾਵਾਂ ਦੇ ਸੰਗਤਾਂ ਵਲੋਂ। ਮਹਾਰਾਜ ਜੀ ਨੇ ਵੀ ਦੇਖ ਲਿਆ ਕਿ ਦਾਤੂ ਜੀ ਆ ਰਹੇ ਨੇ, ਕਿਹਾ, ਕਿ ਇਨ੍ਹਾਂ ਨੂੰ ਆਦਰ ਸਤਿਕਾਰ ਦੇ ਨਾਲ ਬਿਠਾ ਦਿਓ। ਲੇਕਿਨ ਉਹ ਤਾਂ ਅੱਗ ਬਗੋਲਾ ਹੋਏ ਸੀ, ਆਉਂਦੇ ਨੇ ਤਖਤ ਦੇ ਉਤੇ ਚੜ੍ਹ ਕੇ ਮਹਾਰਾਜ ਜੀ ਦੀ ਪਿੱਠ 'ਤੇ ਜ਼ੋਰ ਨਾਲ ਲੱਤ ਮਾਰੀ। ਥੱਲੇ ਭੁੰਜੇ ਸੁੱਟ ਦਿਤੇ। ਮਹਾਰਾਜ ਜੀ ਜਦੋਂ ਹੇਠਾਂ ਗਿਰੇ ਜੇ ਇਕ ਬਚਨ ਕਰ ਦਿੰਦੇ, ਮਾੜੀ ਜਿਹੀ ਇਛਿਆ ਕਰ ਦਿੰਦੇ, ਫਨਾਹ ਕਰ ਦਿੰਦੇ ਸਭ ਚੀਜ਼ਾਂ ਨੂੰ।

ਕਿਉਂਕਿ ਮਹਾਂਪੁਰਸ਼ ਐਵੇਂ ਨਹੀਂ ਹੋਇਆ ਕਰਦੇ ਸਾਧਸੰਗਤ ਜੀ। ਇਸੇ ਕਰਕੇ ਕਹਿੰਦੇ ਨੇ ਕਿ ਕਿਸੇ ਨਾਲ ਐਵੇਂ ਨਾ ਝਗੜਾ ਕਰੋ। ਪਤਾ ਨਹੀਂ ਕਿਸੇ ਪੂਰੇ ਨਾਲ ਹੀ ਵਾਹ ਪੈ ਜਾਵੇ।

ਬਾਬਾ ਫਰੀਦ ਜੀ, ਉਨ੍ਹਾਂ ਦੀ ਭੈਣ ਦੇ ਲੜਕੇ ਦਾ ਨਾਮ ਮਖਦੂਮ ਸੀ। ਉਹ ਤਪਸਿਆ ਕਰਿਆ ਕਰਦਾ ਸੀ, ਭੈਣ ਨੇ ਇਨ੍ਹਾਂ ਨੂੰ ਦੇ ਦਿਤਾ ਕਿ ਤੁਸੀਂ ਭਰਾਤਾ ਜੀ ਮੇਰੇ ਪੁੱਤਰ ਨੂੰ ਆਪਣੇ ਕੋਲ ਰੱਖੋ। ਪਾਕ ਪਟਨ ਰਹਿਣਾ ਸ਼ੁਰੂ ਕਰ ਦਿਤਾ ਬਾਬਾ ਜੀ ਨੇ। ਬਾਬਾ ਜੀ ਦੀਆਂ ਤਿੰਨ ਸ਼ਾਦੀਆਂ ਸੀ। ਇਕ ਸ਼ਾਦੀ ਉਨ੍ਹਾਂ 'ਚੋਂ ਦਿੱਲੀ ਦੇ ਬਾਦਸ਼ਾਹ ਦੀ ਲੜਕੀ ਨਾਲ ਗਿਆਸੂਦੀਨ ਬਲਬਨ ਦੀ ਲੜਕੀ ਨਾਲ ਹੋਈ ਹੋਈ ਸੀ। ਇਹ ਹਜ਼ਰਤ ਮੁਹੰਮਦ ਦੇ ਖਾਨਦਾਨ ਵਿਚੋਂ ਸੀਗੇ। ਬੜਾ ਸਤਿਕਾਰ ਸੀ ਮੁਸਲਿਮ ਸੰਸਾਰ ਦੇ ਅੰਦਰ ਬਾਬਾ ਜੀ ਦਾ। ਕਿਉਂਕਿ ਸੂਫੀ ਪੀਰਾਂ ਦੇ ਅੰਦਰ ਹਠ ਯੋਗ ਬੜਾ ਜ਼ਬਰਦਸਤ ਹੋਇਆ ਕਰਦਾ ਸੀ ਤੇ ਉਹਦੇ ਨਾਲ ਰਿੱਧੀਆਂ ਸਿੱਧੀਆਂ, ਸ਼ਕਤੀਆਂ ਬੇਅੰਤ ਪ੍ਰਾਪਤ ਕਰ ਲੈਂਦੇ ਸੀ। ਫੇਰ ਦੂਜਾ ਪਾਸਾ ਵੀ ਪੂਰਾ ਹੁੰਦਾ ਕਿਉਂਕਿ ਸਾਧੂ ਦੇ ਕੋਲ ਸ਼ਕਤੀ ਨਾ ਹੋਵੇ ਸ਼ਿੰਗਾਰ ਨਹੀਂ ਹੋਇਆ ਕਰਦਾ, ਵਰਤੇ ਨਾ ਵਰਤੇ। ਲੇਕਿਨ ਹੋਇਆ ਕੁਦਰਤੀ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਉਨ੍ਹਾਂ ਨੂੰ ਬਾਬਾ ਜੀ ਨੇ ਲੰਗਰ ਵਰਤਾਉਣ ਦੀ ਡਿਊਟੀ ਦੇ ਦਿਤੀ ਤੇ ਇਕ ਦਿਨ ਜਾ ਕੇ ਲੰਗਰ ਸਮੇਂ ਸਿਰ ਵਰਤਾ ਨਾ ਸਕੇ। ਅਜੇ ਸਮਾਧੀ ਵਿਚ ਬੈਠੇ ਨੇ ਤਾਂ ਬਾਬਾ ਜੀ ਦਾ ਵੱਡਾ ਲੜਕਾ ਜਮਾਲ ਹੈ, ਜਿਸਦਾ ਨਾਮ, ਉਹ ਆ ਗਿਆ। ਉਹਨੇ ਕਿਹਾ ਕਿ ਲੰਗਰ ਨਹੀਂ ਵਰਤਿਆ ਅਜੇ, ਕਹਿੰਦੇ ਨਹੀਂ ਜੀ, ਲੰਗਰ ਤਾਂ ਅਜੇ ਵਰਤਿਆ ਨਹੀਂ। ਚਲੋ, ਕਹਿੰਦੇ ਲੰਗਰ ਮੈਂ ਵਰਤਾਉਂਦਾ ਹਾਂ। ਲੰਗਰ ਵਰਤਾ ਦਿਤਾ, ਜਦੋਂ ਇਨ੍ਹਾਂ ਦੀ ਸਮਾਧੀ ਖੁਲ੍ਹੀ, ਇਨ੍ਹਾਂ ਨੇ ਕਿਹਾ ਕਿ ਲੰਗਰ ਵਰਤ ਗਿਆ, ਕਹਿੰਦੇ ਹਾਂ ਜੀ। ਕਹਿੰਦੇ, ਕੀਹਨੇ ਵਰਤਾਇਆ ਹੈ? ਕਹਿੰਦੇ, ਕੀਹਨੇ ਵਰਤਾਇਆ ਹੈ? ਕਹਿੰਦੇ, ਜੀ ਵੱਡੇ ਸਾਹਿਬਜ਼ਾਦੇ ਜਮਾਲ ਜੀ ਨੇ। ਉਥੇ ਗਏ ਜਾ ਕੇ ਕਹਿਣ ਲੱਗੇ ਕਿ ਕੁਛ ਬਚਿਆ ਹੋਇਆ ਹੈ? ਦਾਲ ਲੱਗੀ ਹੋਈ ਸੀ ਮੂੰਹ ਪਾ ਲਈ ਲਾਹ ਕੇ, ਯਾ ਅੱਲਾਹ ਕਹਿ ਕੇ। ਪਤਾ ਨਹੀਂ ਕੀ ਮਨ 'ਚ ਆਇਆ ਕਿ ਉਹ ਵੱਡਾ ਲੜਕਾ ਸੁਆਹ ਦੀ ਉਥੇ ਹੀ ਢੇਰੀ ਬਣ ਗਿਆ। ਜਿਹੜਾ ਛੋਟਾ ਸੀ ਇਕ ਦਿਨ ਇਹ ਭਜਨ ਕਰਦੇ ਸੀ। ਝੀਥਾਂ ਥਾਈਂ ਦੇਖਣ ਲੱਗ ਗਿਆ ਤੇ ਇਨ੍ਹਾਂ ਨੇ ਅੱਖ ਖੋਲ੍ਹ ਕੇ ਜਦੋਂ ਉਸ ਵਲ ਦੇਖਿਆ ਉਹ ਵੀ ਸੁਆਹ ਦੀ ਢੇਰੀ ਬਣਾ ਦਿਤੇ। ਦੋਵੇਂ ਬੱਚੇ ਮਾਰ ਦਿਤੇ। ਬਾਬਾ ਫਰੀਦ ਸਮਚਿੱਤ ਕੋਈ ਗੱਲ ਦਾ ਨਾ ਉਤਰਾਅ ਨਾ ਚੜ੍ਹਾਅ, ਨ ਇਹਨੂੰ ਕੋਈ ਗੱਲ ਕਹੀ। ਭੈਣ ਆ ਗਈ, ਦੱਸ ਸਾਲ ਬਾਅਦ ਈਰਾਨ ਤੋਂ, ਕਹਿਣ ਲੱਗੀ ਭਰਾਤਾ! ਹੁਣ ਇਨ੍ਹਾਂ ਦੀ ਸ਼ਾਦੀ ਦਾ ਬੰਦੋਬਸਤ ਕਰੋ। ਕਹਿੰਦੇ ਬੀਬੀ! ਇਹ ਸ਼ਾਦੀ ਵਾਲਾ ਤਾਂ ਹੈ ਨਹੀਂ, ਇਹਦਾ ਤਾਂ ਐਨਾ ਜਲਾਲ, ਐਨਾ ਤੇਜ਼ ਵਧ ਗਿਆ ਕਿ ਇਹਦੇ ਕੋਲ ਕੋਈ ਬੈਠੇ ਇਹ ਤਾਂ ਅੱਖ ਖੋਲ੍ਹ ਕੇ ਹੀ ਜਾਲ ਦਏਗਾ। ਮਾੜੀ ਜਿਹੀ ਗੱਲ ਆਉਣ ਦੀ ਦੇਰ ਹੈ,

ਕਹਿੰਦੇ ਜਾਲ ਹੀ ਦਿੰਦਾ। ਵਿਚਾਲੇ ਹੀ ਨਹੀਂ ਛੱਡਦਾ। ਕਹਿੰਦੇ, ਫੇਰ ਤੁਸੀਂ ਆਪਣੀ ਲੜਕੀ ਦੀ ਸ਼ਾਦੀ ਕਰ ਦਿਓ। ਉਨ੍ਹਾਂ ਨੇ ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ। ਸ਼ਾਦੀ ਹੋ ਗਈ ਤੇ ਉਸ ਤੋਂ ਬਾਅਦ ਮਾਂ ਨੇ ਕਿਹਾ ਕਿ ਜਾਹ ਤੂੰ ਉਹਦੇ ਕੋਲ, ਮਖ਼ਦੂਮ ਕੋਲ ਜਾਹ। ਲੜਕੀ ਹੁਕਮ ਮੰਨ ਕੇ ਚਲੀ ਗਈ, ਉਹ ਸਮਾਧੀ ਲਾਈ ਬੈਠਾ ਸੀ। ਸਵੇਰ ਤੱਕ ਖੜ੍ਹੀ ਰਹੀ ਸਾਰੀ ਰਾਤ। ਸਵੇਰੇ ਉਹਨੇ ਨੇਤਰ ਖੋਲ੍ਹੇ, ਨੇਤਰ ਖੋਲ੍ਹ ਕੇ ਕਹਿਣ ਲੱਗਿਆ ਕਿ ਤੈਨੂੰ ਕੀਹਨੇ ਭੇਜਿਆ ਹੈ ਮੇਰੇ ਕੋਲ। ਕਹਿੰਦੀ, ਮਾਤਾ ਜੀ ਨੇ। ਕਹਿੰਦੇ, ਤੂੰ ਕਿਉਂ ਆਈ? ਐਨੀਓਂ ਗੱਲ ਕਹੀ ਹੈ, ਜਦੋਂ ਅੱਖ ਚੁੱਕ ਕੇ ਦੱਖਿਆ, ਉਥੇ ਹੀ ਸੁਆਹ ਦੀ ਢੇਰੀ ਉਹ ਬਣਾ ਦਿਤੀ। ਤਿੰਨ ਮਾਰ ਦਿਤੇ। ਉਸ ਤੋਂ ਬਾਅਦ ਬਾਬਾ ਜੀ ਕਹਿੰਦੇ ਮਖਦੂਮ ਤੂੰ ਹੁਣ ਐਉਂ ਕਰ, ਦਿੱਲੀ ਤੈਨੂੰ ਦਿਤੀ। ਉਥੇ ਚਲਿਆ ਜਾਹ, ਉਥੇ ਪ੍ਰਚਾਰ ਕਰ।

ਸੋ ਸੰਤ ਇਹ ਗੱਲ ਕਹਿੰਦੇ ਹੁੰਦੇ ਨੇ ਕਿ ਤੈਨੂੰ ਫਲਾਣਾ ਇਲਾਕਾ ਦਿਤਾ। ਉਸ ਇਲਾਕੇ 'ਤੇ ਹੱਕ ਹੋ ਜਾਂਦਾ ਹੈ ਸਾਧੂ ਦਾ, ਸ਼ਕਤੀ ਨਾਲ ਆਇਆ ਕਰਦੀ ਹੈ। ਜਦੋਂ ਇਹ ਕਹਿ ਦਿੰਦੇ ਨੇ ਕਿ ਤੈਨੂੰ ਆਹ ਇਲਾਕੇ 'ਚ ਪ੍ਰਚਾਰ ਕਰਨ ਲਈ ਥਾਪਿਆ, ਨਾਲ ਸ਼ਕਤੀ ਦਿੰਦੇ ਨੇ। ਐਵੇਂ ਨਹੀਂ ਫਿਰਦੇ ਹੁੰਦੇ। ਪਿੱਛੇ ਹੱਥ ਹੁੰਦਾ ਹੈ ਪੂਰਨ ਮਹਾਂਪੁਰਸ਼ ਦਾ। ਲੇਕਿਨ ਐਉਂ ਕਰੀਂ ਜਾਂਦਾ-ਜਾਂਦਾ ਪਾਣੀਪਤ ਮੇਰੇ ਛੋਟੇ ਭਰਾ ਤੋਂ ਮੋਹਰ ਲਵਾ ਜਾਈਂ। ਹੁਕਮਨਾਮਾ ਲੈ ਲਿਆ ਤੇ ਮੋਹਰ ਲੁਆਉਣ ਵਾਸਤੇ ਜਦੋਂ ਪਾਣੀਪਤ ਦੇ ਕੋਲ ਗਿਆ। ਸੂਰਜ ਛਿਪ ਗਿਆ, ਜਾ ਕੇ ਪਰਵਾਨਾ ਕੱਢ ਕੇ ਪਕੜਾਅ ਦਿਤਾ, ਉਨ੍ਹਾਂ ਦੇ ਭਰਾ ਨੂੰ ਛੋਟੇ ਨੂੰ। ਐਨੇ ਨੂੰ ਦੀਵੇ ਬੁੱਝ ਗਏ, ਉਹ ਇਧਰ-ਉਧਰ ਦੇਖਦੇ ਨੇ ਕਿ ਕਿਸੇ ਨੂੰ ਆਵਾਜ਼ ਦਿੰਦੇ ਨੇ, ਦੀਵੇ ਜਾਲ ਦੇਵੇ। ਇਹਨੇ ਫੂਕ ਮਾਰੀ ਸਾਰੇ ਹੀ ਦੀਵੇ ਜਗਾ ਦਿਤੇ। ਕਹਿੰਦੇ ਕੀਹਨੇ ਜਗਾਏ ਨੇ। ਕਹਿੰਦਾ ਮੈਂ ਜਗਾ ਦਿਤੇ ਸੀ। ਕਿਉਂਕਿ ਹਨ੍ਹੇਰਾ ਸੀ। ਉਹਨੇ ਪਰਵਾਨੇ ਦੇ ਟੁਕੜਾ-ਟੁਕੜਾ ਕਰਕੇ ਔਹ ਸੁੱਟ ਦਿਤਾ। ਕਹਿੰਦੇ, ਤੂੰ ਤਾਂ ਦਿੱਲੀ ਜਾਲ ਦਏਂਗਾ ਸਾਰੀ। ਭੌਰਾ ਵੀ ਜ਼ਬਤ ਨਹੀਂ ਤੇਰੇ ਵਿਚ ਤਾਂ। ਕਹਿੰਦੇ ਜਾਹ ਭਰਾ ਨੂੰ ਕਹਿ ਦੇ ਕਿ ਉਹ ਨਹੀਂ ਮੋਹਰ ਲਾਉਣੀ। ਵਾਪਸ ਆ ਗਿਆ, ਬਾਬਾ ਫਰੀਦ ਜੀ ਦੇ ਕੋਲ। ਕਹਿੰਦੇ ਕਿ ਉਹਦਾ ਪਾਟਿਆ ਹੋਇਆ ਮੈਂ ਨਹੀਂ ਸਿਉਂ ਸਕਦਾ। ਤੂੰ ਐਉਂ ਕਰ ਤੈਨੂੰ ਕਾਵੇਰੀ ਚਲਿਆ ਜਾਹ। ਉਥੇ ਚਲਿਆ ਗਿਆ, ਜਾ ਕੇ ਬਹੁਤ ਸਾਰੇ ਮੁਰੀਦ ਹੋ ਗਏ ਥੋੜ੍ਹੇ ਦਿਨਾਂ 'ਚ। ਨਮਾਜ਼ ਪੜ੍ਹਨ ਵਾਸਤੇ ਮਸਜਿਦ 'ਚ ਆ ਗਿਆ। ਉਥੇ ਕੱਟੜਾਂ ਦਾ ਤੇ ਸੰਤਾਂ ਦਾ ਮੁੱਢ ਤੋਂ ਹੀ ਚਲਦਾ ਹੈ। ਕਿਉਂਕਿ ਸੰਤ ਹੁੰਦੇ ਨੇ ਤਰੀਕਤ, ਹਕੀਕਤ ਤੇ ਮਾਰਫਤ ਵਿਚ ਤੇ ਉਹ ਹੁੰਦੇ ਨੇ ਸ਼ਰ੍ਹਾ ਵਿਚ। ਸ਼ਰ੍ਹਾ ਦੇ ਸੰਗਲ ਨਹੀਂ allow ਕਰਦੇ ਤਰੀਕਤ, ਹਕੀਕਤ ਤੇ ਮਾਰਫਤ ਦੀ ਅਵਸਥਾ ਨੂੰ। ਉਸ ਵੇਲੇ ਉਨ੍ਹਾਂ ਨੇ ਧੱਕੇ ਮਾਰਨੇ ਸ਼ੁਰੂ ਕਰ ਦਿਤੇ ਕਿ ਤੁਸੀਂ ਇਥੇ ਆ ਕੇ ਕਿਉਂ ਖੜ੍ਹੇ ਓਂ? ਉਹ ਕਹਿੰਦੇ, ਜੀ ਪੀਰ ਜੀ ਬੈਠੇ ਨੇ। ਕਹਿੰਦੇ, ਵਿਚ ਹੀ ਤੇਰੇ ਪੀਰ ਨੂੰ ਦੇਖ ਲਵਾਂਗੇ। ਐਨੇ ਨੂੰ ਧੱਕਾ ਮਾਰਿਆ ਇਕ ਬੰਦਾ ਉਹਦੇ ਉਤੇ ਗਿਰ ਗਿਆ। ਉਹਨੇ ਨੇਤਰ ਖੋਲ੍ਹੇ ਉਨ੍ਹਾਂ ਕਿਹਾ ਕਿ ਤੁਸੀਂ ਇਹ ਕੀ ਕਰਦੇ ਓਂ। ਕਹਿੰਦੇ, ਤੈਨੂੰ ਕੀਹਨੇ ਕਿਹਾ ਹੈ ਏਸ ਮਸਜਿਦ 'ਚ ਆਉਣ ਨੂੰ। ਕਹਿੰਦੇ ਮੈਨੂੰ ਬਾਬਾ ਫਰੀਦ ਜੀ ਨੇ ਬਖਸ਼ਿਆ ਹੈ ਇਹ ਸ਼ਹਿਰ। ਕਹਿੰਦੇ, ਨਿਕਲ ਜਾ ਬਾਹਰ, ਫਰੀਦ ਦਾ ਕੀ ਅਖਤਿਆਰ ਹੈ ਸ਼ਹਿਰ ਬਖਸ਼ਣ ਦਾ। ਬਾਹਰ ਨਿਕਲੇ, ਛੱਤ ਵੱਲ ਦੇਖਿਆ ਦੜੱਮ ਕਰਕੇ ਗਿਰ ਗਈ, ਤਿੰਨ ਹਜ਼ਾਰ ਬੰਦਾ ਥੱਲੇ ਆ ਗਿਆ। ਐਨਾ ਜਲਾਲ ਵਧਿਆ ਕਿ ਜਿਧਰ ਦੇਖੇ ਅੱਗ ਲੱਗ ਜਾਵੇ, ਜਿਧਰ ਦੇਖੇ ਸਾਰਾ ਹੀ ਸ਼ਹਿਰ ਅੱਗ ਲਾ ਕੇ ਜਾਲ ਦਿਤਾ। ਤੰਗ ਆ ਗਿਆ, ਦੇਖੇ ਅੱਗ ਹੀ ਅੱਗ। ਨੱਠ ਕੇ ਆ ਕੇ ਪੱਟੀ ਬੰਨ੍ਹ ਲਈ, ਅੱਖਾਂ ਬੰਦ ਕਰ ਲਈਆਂ। ਗੂਲਰ ਦੇ ਦਰਖਤ ਨੂੰ ਫੜ ਕੇ ਖੜ੍ਹ ਗਿਆ। ਬਾਬਾ ਫਰੀਦ ਜੀ ਨੂੰ ਪਤਾ ਲੱਗਿਆ ਕਿ ਉਹ ਤਾਂ ਜਲ ਰਿਹਾ ਹੈ ਇਸ ਵੇਲੇ ਸ਼ਕਤੀ ਦੇ ਨਾਲ। ਐਨੀ ਸ਼ਕਤੀ ਉਹਦੇ 'ਚ ਆ ਗਈ ਹੈ ਸਹਿ ਨਹੀਂ ਸਕਦਾ। ਬਾਬਾ ਜੀ ਨੇ ਕਿਹਾ ਕਿ ਕੋਈ ਮੇਰੀ ਸੰਗਤ 'ਚ ਹੈ ਜਿਹੜਾ ਇਹਨੂੰ ਬਿਠਾ ਦੇਵੇ ਤਾਂ ਇਕ ਸ਼ਮਸ਼ ਨਾਮ ਦਾ ਸੀ, ਉਹ ਕੀਰਤਨੀਆ ਸੀ। ਕੀਰਤਨ ਦੇ ਵਿਚ ਇਹ ਰਸ ਹੈ ਕਿ ਜਲਾਲ ਨੂੰ ਕਾਬੂ ਕਰ ਲੈਂਦਾ ਹੈ। ਹੋਰ ਨਹੀਂ ਕਿਸੇ ਵਿਚ ਵੀ ਹੈ। ਜੇ ਸੰਤਾਂ ਦੇ ਜਲਾਲ ਨੂੰ ਕਾਬੂ ਕਰਨਾ ਹੈ ਤਾਂ ਕੇਵਲ ਕੀਰਤਨ ਕਰਦਾ ਹੈ। ਭੇਜ ਦਿਤਾ, ਸਤਾਰ ਲੈ ਕੇ ਚਲਿਆ ਗਿਆ, ਜਾ ਕੇ 24 ਘੰਟੇ ਸਿਤਾਰ ਵਜਾਉਂਦਾ ਰਿਹਾ। 24 ਘੰਟੇ ਬਾਅਦ ਪੁੱਛਿਆ, ਬੈਠ ਗਏ। ਕਹਿੰਦੇ ਕੌਣ? ਉਸ ਨੇ ਕਿਹਾ ਕਿ ਮੈਨੂੰ ਬਾਬਾ ਜੀ ਨੇ ਭੇਜਿਆ ਹੈ। ਸ਼ਮਸ਼ ਮੇਰਾ ਨਾਮ ਹੈ। ਕਹਿੰਦੇ ਕੀ ਗੱਲ? ਕਹਿੰਦਾ, ਮੈਂ ਤੁਹਾਡੀ ਸੇਵਾ ਕਰਨੀ ਹੈ, ਕਹਿੰਦੇ ਮੇਰੀਆਂ ਅੱਖਾਂ ਸਾਮ੍ਹਣੇ ਨਾ ਆਈਂ, ਪਿੱਛੇ ਰਹਿ ਕੇ ਪਿੱਠ ਵਲ ਰਹੀਂ। ਪਿੱਠ ਵਲ ਰਹਿ ਕੇ ਕਿੰਨੇ ਹੀ ਸਾਲ ਸੇਵਾ ਕਰੀ। ਕਹਿਣ ਲੱਗਿਆ, ਹੁਣ ਤੂੰ ਜਾਹ, ਮੈਨੂੰ ਸ਼ਾਂਤੀ ਆ ਗਈ। ਕਹਿੰਦੇ, ਮਹਾਰਾਜ! ਮੈਂ ਕਿਵੇਂ ਜਾਵਾਂ, ਮੈਨੂੰ ਕਿਵੇਂ ਪਤਾ ਲੱਗੇਗਾ ਕਿ ਤੁਹਾਡਾ ਸਰੀਰ ਛੁਟ ਗਿਆ, ਕਹਿੰਦੇ, ਜਿਸ ਦਿਨ ਤੂੰ ਪਹਿਲੀ ਕਰਾਮਾਤ ਦਿਖਾਵੇਂਗਾ ਉਸ ਦਿਨ ਮੈਂ ਸਰੀਰ ਛੱਡ ਦੇਵਾਂਗਾ। ਅਲਾਉਦੀਨ ਦੀ ਫੌਜ ਵਿਚ ਆ ਗਿਆ। ਉਹਦਾ ਭੀਮਚੰਦ ਨਾਲ ਯੁੱਧ ਹੋ ਰਿਹਾ ਸੀ ਚਿਤੌੜ, ਜਦੋਂ ਚਿਤੌੜ ਦੀ ਅਰਦਾਸ ਇਸ ਤੋਂ ਕਰਾਈ, ਸ਼ਕਤੀ ਦਿਖਾ ਦਿਤੀ, ਚਿਤੌੜ ਫਤਹਿ ਹੋ ਗਿਆ, ਇਹਨੇ ਸਮਝ ਲਿਆ ਕਿ ਉਹ ਮਰ ਗਿਆ। ਇਹ ਜਦ ਕਾਵੇਰੀ ਆਇਆ, ਉਥੇ ਕੀ ਦੇਖਦਾ ਹੈ ਕਿ ਚਾਰ ਸ਼ੇਰ ਬੈਠੇ ਨੇ ਉਹਦੀ ਲਾਸ਼ 'ਤੇ ਪਹਿਰਾ ਦੇ ਰਹੇ ਨੇ। ਇਹਨੇ ਦਫਨਾ ਦਿਤਾ, ਦਫਨਾਉਣ ਤੋਂ ਬਾਅਦ ਵੀ ਉਹਦਾ ਜਲਾਲ ਐਨਾ ਰਿਹਾ ਕਿ ਜਿਹੜਾ ਜਾਨਵਰ ਉਤੋਂ ਦੀ ਲੰਘਦਾ ਸੀ, ਗਿਰ ਜਾਵੇ। ਫੇਰ ਕੋਈ ਮਹਾਤਮਾ ਆਏ, ਉਹਨੇ ਸ਼ਾਂਤ ਕਰਿਆ।

***'ਚਲਦਾ...........।'***

**********

# ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-8)*

ਜੇ ਤਾਂ ਸੰਸਾਰਕ ਇਹ ਚੀਜ਼ਾਂ ਦੀ ਪ੍ਰਾਪਤੀ ਹੋ ਕੇ ਜ਼ਮੀਨਾਂ ਜਾਇਦਾਦਾਂ, ਫਾਰਮ, ਇੰਡਸਟਰੀਆਂ, ਵੱਡੇ-ਵੱਡੇ ਵਪਾਰ, ਵੱਡੀਆਂ-ਵੱਡੀਆਂ ਟਰਾਂਸਪੋਰਟਾਂ, ਵੱਡੀਆਂ ਨੌਕਰੀਆਂ, ਬਹੁਤ ਧਨ ਕਮਾਉਣ ਤੋਂ ਬਾਅਦ, ਸੋਹਣੀਆਂ ਕੋਠੀਆਂ, ਸਭ ਚੀਜ਼ਾਂ ਸੋਹਣੀਆਂ, ਕਾਰਾਂ ਸੋਹਣੀਆਂ, ਕੱਪੜੇ ਲੀੜੇ ਸਭ ਸੋਹਣੇ, ਜੇ ਤਾਂ ਪ੍ਰਮੇਸ਼ੁਰ ਯਾਦ ਰਹਿ ਜਾਵੇ, ਕਹਿੰਦੇ ਤਾਂ, ਤਾਂ ਇਹ ਸਫਲ ਹੋਇਆ ਕਰਦੀਆਂ ਨੇ। ਜੇ ਨਹੀਂ ਯਾਦ ਤਾਂ ਇਹ ਇਕ ਐਵੇਂ ਹੀ ਹੈ ਚੀਜ਼, ਦੂਜਿਆਂ ਨੂੰ ਅਨੰਦ ਦੇ ਸਕਦੀ ਹੈ, ਉਸ ਨੂੰ ਨਹੀਂ ਦਿੰਦੀ। ਕਿਉਂਕਿ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥ ਅੰਗ - ੭੦੭*

ਵਿਸ਼ਟਾ ਦੇ ਕੀੜੇ ਦੀ ਤੁਲਨਾ ਮਹਾਰਾਜ ਨੇ ਦਿਤੀ ਹੈ -

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ - ੭੦੭*

ਦੂਜਾ ਪਾਸਾ ਇਹ ਹੈ ਕਿ ਇੱਕ ਆਦਮੀ ਦੇ ਹਿਰਦੇ 'ਚ ਨਾਮ ਵਸਿਆ ਹੋਇਆ, ਪਰ ਉਹਦੇ ਕੋਲ ਇਹ ਕੋਈ ਚੀਜ਼ ਨਹੀਂ ਹੈ। ਨਾ ਤਾਂ ਉਹਦੇ ਕੋਲ ਰਹਿਣ ਨੂੰ ਕੋਠੀ ਹੈ, ਨਾ ਉਹਦੇ ਕੋਲ ਸੋਹਣੇ ਵਸਤਰ, ਪਾਟੇ ਹੋਏ ਕੱਪੜੇ ਪਾਈਂ ਫਿਰਦਾ ਹੈ। ਨਾ ਉਹਦਾ ਸੋਹਣਾ ਰੂਪ ਹੈ। ਨਾ ਕੋਈ ਉਹਨੂੰ ਬੁਲਾਉਂਦਾ ਹੈ, ਨਾ ਕੋਈ ਸੁਸਾਇਟੀ ਹੈ, ਨਾ ਕੋਈ ਰਿਸ਼ਤੇਦਾਰ ਉਹਨੂੰ ਕਹਿੰਦਾ ਹੈ ਕਿ ਸਾਡਾ ਰਿਸ਼ਤੇਦਾਰ ਹੈ। ਫੇਰ ਦੁਨੀਆਂ ਦੀ ਨਿਗ੍ਹਾ ਦੇ ਵਿਚ ਪ੍ਰਕ੍ਰਿਤੀ ਦੇ ਗਜ਼, ਸੋਨੇ ਦੇ ਗਜ਼ ਨਾਲ ਉਹਦੀ value (ਕੀਮਤ) ਜ਼ੀਰੋ ਬਣ ਜਾਂਦੀ ਹੈ। ਇੱਕ ਜਾਂ ਦੋ ਰਹਿ ਜਾਂਦੀ ਹੈ। ਲੇਕਿਨ ਜਦੋਂ ਖੁਸ਼ੀ ਦੇ ਨਾਤੇ ਨਾਲ, ਸ਼ਾਂਤੀ ਦੇ ਗਜ਼ ਨਾਲ ਨਾਪਦੇ ਹਾਂ, ਫੇਰ ਮਹਾਰਾਜ ਕਹਿੰਦੇ, ਉਹਦੀ ਅਵਸਥਾ ਬਹੁਤ ਉੱਚੀ ਹੁੰਦੀ ਹੈ। ਸਭ ਨਾਲੋਂ ਵੱਡਾ ਹੈ ਉਹ।

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ ਅੰਗ - ੭੦੭*

ਸਾਰੇ ਕੱਪੜੇ ਪਾਟੇ ਹੋਏ ਨੇ -

*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥ ਅੰਗ - ੭੦੭*

ਜੰਗਲਾਂ 'ਚ ਘੁੰਮਦਾ ਹੈ, ਕੋਈ ਘਰ ਵੀ ਨਹੀਂ ਹੈ ਉਹਦੇ ਕੋਲ -

*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਅੰਗ - ੭੦੭*

ਨਾ ਕੋਈ ਮਿਤ੍ਰ, ਨਾ ਕੋਈ ਆਸਰਾ, ਨਾ ਕੋਈ ਰੂਪ ਹੈ, ਨਾ ਕੋਈ ਸਾਕ ਹੈ। ਹੁਣ ਦੁਨੀਆਂ ਦੀ ਨਿਗ੍ਹਾ ਨਾਲ ਦੇਖੋ, ਦੁਨੀਆਂ ਕਹੇਗੀ ਇਹਦੇ ਨਾਲੋਂ ਤਾਂ ਦੁਖੀ ਬੰਦਾ ਕੋਈ ਨਹੀਂ। ਲੇਕਿਨ ਮਹਾਰਾਜ ਕਹਿੰਦੇ, ਪ੍ਰੇਮੀਓ! ਜਿਹੜੀ ਗੱਲ ਅਸੀਂ ਕਰਦੇ ਹਾਂ, ਉਹ ਸਮਝਣ ਦਾ ਯਤਨ ਕਰੋ। ਤੁਹਾਨੂੰ ਦੋਵੇਂ ਪੱਖ ਅਸੀਂ ਦਿਖਾਉਂਦੇ ਹਾਂ ਜੀਵਨ ਦੇ। ਇੱਕ ਪੱਖ ਤਾਂ ਹੈ ਗ੍ਰਿਹਸਤੀ ਦਾ, ਜਿਹਨੂੰ ਕਹਿੰਦੇ ਨੇ। ਗ੍ਰਿਹਸਤ 'ਚ ਹੁੰਦਾ ਹੈ, ਬਾਲ-ਬੱਚੇ ਹੁੰਦੇ ਨੇ। ਪੈਸੇ ਟਕੇ ਹਰ ਚੀਜ਼ ਦੀ ਬਹੁਲਤਾ ਹੋ ਜਾਂਦੀ ਹੈ। ਪਰ ਇਹ ਚੀਜ਼ਾਂ ਮਿੱਤਰ ਨਹੀਂ ਹੈਗੀ, ਥੋੜ੍ਹੇ ਸਮੇਂ ਵਾਸਤੇ ਨੇ। ਅੱਜ ਹੁਕਮਨਾਮਾ ਆਇਆ ਸੀ -

*ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥ ਅੰਗ - ੭੦੦*

ਕੋਈ ਹੀ ਜਾਣਦਾ ਹੈ ਕਿ ਇਥੇ ਮਿੱਤਰ ਕੌਣ ਹੈ? ਤੇ ਜਿਹੜੇ ਮਿੱਤਰ ਨੇ, ਮਹਾਰਾਜ ਨੇ ਉਹਦੇ 'ਚ ਗਿਣੇ ਕਿ ਇੱਕ ਤਾਂ ਰਿਸ਼ਤੇਦਾਰ ਗਿਣੇ, ਇੱਕ ਧਨ ਦੌਲਤ ਗਿਣੀ, ਇੱਕ ਸਵਾਰੀਆਂ ਗਿਣੀਆਂ ਤੇ ਅਖੀਰ ਦੇ ਉਤੇ ਮਹਾਰਾਜ ਨੇ ਫੁਰਮਾਨ ਕੀਤਾ ਕਿ ਹਾਏ-ਹਾਏ ਕਰਦੇ ਦੀ ਉਮਰ ਲੰਘ ਜਾਂਦੀ ਹੈ, ਇਹ ਚੀਜ਼ਾਂ ਸਾਰੀਆਂ ਹੁੰਦੀਆਂ ਨੇ -

*ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥*
*ਅੰਗ - ੭੦੦*

ਇਹ ਅੱਠ ਨੇ।

*ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥*
*ਅੰਗ - ੭੦੦*

ਪਿਛਲੇ ਜਨਮਾਂ ਦੇ ਸੰਜੋਗ ਨਾਲ ਕੋਈ ਪੁੱਤਰ ਬਣ ਗਿਆ, ਕੋਈ ਧੀ ਬਣ ਗਈ, ਕੋਈ ਰਿਸ਼ਤੇਦਾਰ ਬਣ ਗਿਆ, ਕੋਈ ਕੁਛ ਬਣ ਗਿਆ, ਕੋਈ ਕੁਛ ਬਣ ਗਿਆ। ਅੰਤ ਦੇ ਵੇਲੇ ਕੋਈ ਵੀ ਨਹੀਂ ਖੜ੍ਹਦਾ, ਨਾ ਤਾਂ ਨਾਲ ਜਾ ਸਕਦਾ ਹੈ, ਨਾ ਸਹਾਇਤਾ ਕਰ ਸਕਦਾ ਹੈ। ਫੇਰ ਇਹ ਮਿੱਤਰ ਨਾ ਹੋਇਆ। ਮਿੱਤਰ ਉਹ ਹੋਇਆ ਕਰਦਾ ਹੈ -

A friend in need is a friend indeed.

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ਅੰਗ - ੭੨੯*

ਸੱਜਣ ਤਾਂ ਉਹ ਹੋਇਆ ਜਿਹੜਾ ਦਰਗਾਹ ਵਿਚ ਵੀ ਨਾਲ ਜਾਵੇ, ਜਿਥੇ ਲੇਖਾ ਦੇਣਾ ਹੈ। ਧਰਮਰਾਜ ਦੇ ਕਟਹਿਰੇ 'ਚ ਖੜ੍ਹੇ ਲੇਖੇ ਦੇ ਰਹੇ ਨੇ, ਜਿਹੜਾ ਉਥੇ ਸਹਾਇਤਾ ਕਰ ਦੇਵੇ, ਉਹ ਸੱਜਣ ਹੋ ਸਕਦਾ ਹੈ। ਉਹ ਸੱਜਣ ਦੀ ਅਸੀਂ ਤਲਾਸ਼ ਨਹੀਂ ਕਰਦੇ, ਜਿਹੜੇ ਤਲਾਸ਼ ਕਰਦੇ ਨੇ ਤੇ ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ ਕਿ ਸੱਜਣ ਜਿਹਨੂੰ ਮੈਂ ਟੋਲ੍ਹਦਾ ਸੀ -

*ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥ ਅੰਗ - ੧੩੮੪*

ਉਹ ਤਾਂ ਮੇਰੇ ਨਾਲ ਹੀ ਨੇ, ਲੇਕਿਨ ਦਿਸਦੇ ਨਹੀਂ ਹਨ। ਕਹਿੰਦੇ ਉਹ ਦਿਸਦਾ ਨਹੀਂ ਹੁੰਦਾ -

*ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥*
*ਅੰਗ - ੧੩੮੪*

ਉਹ ਦਿਸਦਾ ਨਹੀਂ ਲੇਕਿਨ ਗੁਰਮੁਖ ਦਿਖਾ ਦਿੰਦਾ ਹੈ, ਸਾਧੂ ਸੰਤ, ਮਹਾਂਪੁਰਸ਼ ਦਿਖਾ ਦਿੰਦੇ ਨੇ ਕਿ ਆਹ ਹੈ ਤੇਰਾ ਸੱਜਣ। ਇਹ ਤੇਰੀ ਸਹਾਇਤਾ ਕਰੇਗਾ। ਸਹਾਇਤਾ ਕਰਨ ਨੂੰ ਇਸ ਤਰ੍ਹਾਂ ਆਪਾਂ ਸ਼ਬਦ ਪੜ੍ਹਦੇ ਹੁੰਦੇ ਹਾਂ -

*ਧਾਰਨਾ - ਸਤਿਗੁਰ ਲੈਣਗੇ ਛੁਡਾ ਵੇਲੇ ਅੰਤ ਦੇ।*
*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*
*ਅੰਗ - ੧੨੮੧*

ਕਹਿੰਦੇ, ਉਥੇ ਸਤਿਗੁਰੂ ਹੋਇਆ ਕਰਦਾ ਹੈ ਫੇਰ ਤੇ ਉਹ ਛੁਡਾ ਲਿਆ ਕਰਦਾ ਹੈ। ਹੋਰ ਕਿਸੇ ਤੋਂ ਨਹੀਂ ਛੁਡਾਇਆ ਜਾ ਸਕਦਾ। ਸੋ ਇਹ ਜਿਹੜੇ ਰਿਸ਼ਤੇਦਾਰ ਨੇ, ਸਬੰਧੀ ਨੇ, ਮਹਾਰਾਜ ਕਹਿੰਦੇ ਅੰਤ ਵੇਲੇ ਕੋਈ ਨਹੀਂ ਸਹਾਇਤਾ ਕਰਦਾ। ਕਿਸੇ ਦਾ ਹੱਥ ਨਹੀਂ ਓਸ ਥਾਂ 'ਤੇ ਪਹੁੰਚਿਆ ਕਰਦਾ। ਸੋ ਇਸ ਕਰਕੇ ਦੂਜਾ ਸਵਾਲ ਸੀ ਕਿ 'ਕਨਕ' ਸੋਨੇ ਨੂੰ ਕਹਿੰਦੇ ਨੇ, ਮੋਤੀ, ਹੀਰੇ, ਲਾਲ ਤੇ ਬਹੁਤ ਕਿਸਮ ਦੀਆਂ ਮਾਲਾਵਾਂ, ਧਨ, ਦੌਲਤ, ਜਾਇਦਾਦ, ਮਹਾਰਾਜ ਕਹਿੰਦੇ ਇਹ ਵੀ ਕੁਛ ਨਹੀਂ ਹੈ ਪ੍ਰੇਮੀਆਂ। ਇਨ੍ਹਾਂ ਦੇ ਵਿਚ ਪੈ ਕੇ ਆਦਮੀ ਦੀ ਜ਼ਿੰਦਗੀ ਹਾਇ-ਹਾਇ ਕਰਦੇ ਦੀ ਲੰਘਦੀ ਹੈ ਤੇ ਜੇ ਸਹਾਇਤਾ ਕਰਨੀ ਹੈ ਉਹ ਚੀਜ਼ ਹੋਰ ਹੈ, ਉਹ ਪ੍ਰਮੇਸ਼ਰ ਦਾ ਨਾਮ ਹੈ। ਸੋ ਮਹਾਰਾਜ ਕਹਿੰਦੇ, ਜਿਹਦੇ ਨਾਮ ਪੱਲੇ ਹੈ। ਹਾਲਾਤ ਚਾਹੇ ਉਸਦੇ ਮਾੜੇ ਨੇ, ਦੁਨੀਆਂਦਾਰਾਂ ਦੀ ਨਿਗ੍ਹਾ ਦੇ ਅੰਦਰ ਉਹ ਗਰੀਬ ਹੈ ਬਹੁਤ। ਘਰ ਉਹਦੇ ਕੋਲ ਨਹੀਂ, ਬੈਠਣਾ ਉਹਨੂੰ ਨਸੀਬ ਨਹੀਂ ਹੁੰਦਾ। ਪਰ ਜੇ ਨਾਮ ਉਹਦੇ ਹਿਰਦੇ 'ਚ ਵਸਿਆ ਹੋਇਆ ਹੈ ਤਾਂ ਉਹਦੀ ਅਵਸਥਾ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,*
*ਰਾਜਾ ਸਾਰੀ ਦੁਨੀਆਂ ਦਾ।*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥ਅੰਗ - ੭੦੭*

ਦੋਵੇਂ ਪੱਖ ਜ਼ਿੰਦਗੀ ਦੇ, ਇੱਕ ਤਾਂ ਉਹ ਹੈ ਜਿਸ ਵਿਚ ਅਮੀਰੀ ਹੀ ਅਮੀਰੀ ਹੈ। ਉਹ ਤਾਂ ਸਫਲ ਹੈ ਜੇ ਉਹਦੇ ਵਿਚ ਪ੍ਰਮੇਸ਼ਰ ਯਾਦ ਆਉਂਦਾ ਹੈ, ਸੇਵਾ ਕਰਦਾ ਹੈ, ਸਿਮਰਨ ਕਰਦਾ ਹੈ ਤੇ ਸਦਗੁਣ ਜਿਨ੍ਹਾਂ ਨੂੰ ਦੈਵੀ ਗੁਣ ਕਹਿੰਦੇ ਨੇ, ਉਹ ਧਾਰਨ ਕਰੇ ਹੋਏ ਨੇ। ਫੇਰ ਉਹਦੀ ਮਾਇਆ ਵੀ ਮੁਬਾਰਕ, ਉਹਦਾ ਘਰ ਵੀ ਮੁਬਾਰਕ, ਉਹਦੀਆਂ ਕੋਠੀਆਂ ਵੀ ਮੁਬਾਰਕ, ਉਹਦੀ ਕਾਰਾਂ, ਸਭ ਪ੍ਰਮੇਸ਼ਰ ਦੀ ਬਖਸ਼ਿਸ਼ ਹੋਇਆ ਕਰਦੀ ਹੈ। ਉਹ ਰਾਹ 'ਚ ਵਿਘਨ ਨਹੀਂ ਪਾਇਆ ਕਰਦੇ। ਵਿਘਨ ਪਾਉਂਦੀ ਹੈ ਜਦੋਂ ਆਦਮੀ ਭੁੱਲ ਜਾਂਦਾ ਹੈ। ਸੋ ਡੁੱਬਣ ਵਾਲੀ ਚੀਜ਼ ਹੈ - ਦਾਤਾਂ ਪ੍ਰਮੇਸ਼ਰ ਦੀਆਂ। ਇਹ ਮਾੜੀਆਂ ਨਹੀਂ ਹੋਇਆ ਕਰਦੀਆਂ। ਸੋ ਇਸ ਤਰ੍ਹਾਂ ਦੇ ਨਾਲ ਆਦਮੀ ਦਾ ਜੋ ਮਨੋਰਥ ਹੈ, ਪ੍ਰਮ ਮਨੋਰਥ ਜ਼ਿੰਦਗੀ ਦਾ, ਉਹ ਇਹ ਹੈ ਕਿ ਜਿਹੜਾ ਸਾਨੂੰ ਦੂਜਾ ਪਾਸਾ ਨਜ਼ਰ ਨਹੀਂ ਆਉਂਦਾ। ਉਹਨੂੰ ਜੀਵ ਆਤਮਾ ਕਹਿੰਦੇ ਨੇ। ਇਹ ਜੀਵ ਆਤਮਾ ਕਰੋੜਾਂ ਹੀ ਜਨਮਾਂ ਦਾ ਘੁੰਮਦਾ ਫਿਰਦਾ ਹੈ। ਇਹਨੂੰ ਕੋਈ ਟਿਕਾਣਾ ਨਹੀਂ ਮਿਲ ਰਿਹਾ। ਬੜਾ ਘੁੰਮਦਾ ਹੈ। ਕਿਤੇ ਫਿਰਦੇ-ਫਿਰਦੇ ਨੂੰ -

*ਕਬਹੂ ਸਾਧਸੰਗਤਿ ਇਹੁ ਪਾਵੈ ॥ ਅੰਗ - ੨੭੮*

ਜੇ ਕਿਸੇ ਸਾਧੂ ਸੀ ਸੰਗਤ ਮਿਲ ਜਾਵੇ ਤੇ ਉਹਨੂੰ ਪੂਰੀ ਵਿਧੀ ਦੇ ਨਾਲ ਕਮਾ ਲਵੇ, ਫੇਰ ਇਹਦਾ ਆਉਣਾ ਜਾਣਾ ਖਤਮ ਹੋ ਜਾਇਆ ਕਰਦਾ ਹੈ। ਸੋ ਐਸੇ ਬਚਨ ਸੁਣ ਕੇ -

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥*

*ਅੰਗ - ੧੩੫੬*

ਭਾਵੇਂ ਮਾਇਆ ਕਿੰਨੀ ਹੀ ਹੈ ਉਸ ਕੋਲ, ਲੇਕਿਨ ਕਾਵਾਂ ਕੁੱਤਿਆਂ ਦੀ ਬਰਾਬਰੀ ਉਹਦੀ ਹੋਇਆ ਕਰਦੀ ਹੈ। ਕਿਉਂਕਿ ਉਹ ਅਸਲੀ ਗੱਲ ਤੋਂ ਨਿਰ ਧਨ ਹੈ। ਹਰੀ ਦੇ ਨਾਮ ਤੋਂ ਬਿਨਾਂ ਜੋ ਹੈ ਉਹ ਨਿਰ ਧਨ ਹੈ। ਜਿਹੜਾ ਨਿਰ ਧਨ ਹੈ ਉਹਨੂੰ ਕੋਈ ਕਿਸੇ ਥਾਂ 'ਤੇ ਟਿਕਣ ਨਹੀਂ ਦਿੰਦਾ। ਦੁਨੀਆਂ ਦਾ ਜੋ ਹਿਸਾਬ ਹੈ ਉਹੀ ਦਰਗਾਹ 'ਚ ਹੈ, ਉਥੇ ਵੀ ਫੇਰ ਜੋ ਨਾਮ ਦੇ ਧਨ ਵਾਲੇ ਨੇ ਉਨ੍ਹਾਂ ਦਾ ਸਤਿਕਾਰ ਹੁੰਦਾ ਹੈ -

*ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥ ਇਹੁ ਵਾਪਾਰੁ ਵਿਰਲਾ ਵਾਪਾਰੈ ॥ ਨਾਨਕ ਤਾ ਕੈ ਸਦ ਬਲਿਹਾਰੈ ॥*
*ਅੰਗ - ੨੮੩*

ਐਸੇ ਬਚਨ ਸੁਣ ਕੇ ਸਿੱਖੀ ਧਾਰਨ ਕਰ ਲੈਂਦੇ ਨੇ, ਉਹਨੂੰ ਧੰਦੇ ਦੀ ਸਿੱਖੀ ਕਹਿੰਦੇ ਨੇ। ਗੁਰੂ 'ਤੇ ਤਾਂ ਨਹੀਂ ਹੁੰਦਾ ਭਰੋਸਾ, ਦੇਖਾ-ਦੇਖੀ ਵਿਚ, ਨਿਗੁਰੇਪਣ ਦੀ ਲਾਹਨਤ ਤੋਂ ਬਚਣ ਲਈ, ਇਹ ਕਰ ਲੈਂਦੇ ਨੇ ਕਿ ਸਿੱਖ ਬਣ ਗਏ। ਤੀਸਰੇ ਇਨ੍ਹਾਂ ਦੇ ਨਾਲ ਦੇ ਹੋਰ ਹੋਇਆ ਕਰਦੇ ਨੇ। ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ, ਉਹ ਹੁੰਦੇ ਨੇ ਉਹ ਬੰਦੇ। ਬਹੁਤਿਆਂ ਨੇ ਅੰਮ੍ਰਿਤ ਛਕ ਕੇ ਗੁਰੂ ਧਾਰਨ ਕਰ ਲਿਆ, ਕੋਈ ਗੁਰੂ ਧਾਰਨ ਕਰ ਲਿਆ। ਜਦੋਂ ਤੋਂ ਸੰਸਾਰ ਰਚਿਆ ਹੈ, ਗੁਰੂ ਧਾਰਨ ਦੀ ਰਸਮ ਉਸ ਵੇਲੇ ਤੋਂ ਹੀ ਚਲਦੀ ਹੈ। ਸ੍ਰੀ ਰਾਮ ਚੰਦਰ ਜੀ ਦੇ ਅਧਿਆਤਮ ਗੁਰੂ ਵਸ਼ਿਸ਼ਟ ਜੀ ਸੀ। ਕ੍ਰਿਸ਼ਨ ਮਹਾਰਾਜ ਦੇ ਸੰਦੀਪਨ ਜੀ ਵਿਦਿਆ ਗੁਰੂ ਸੀ, ਦਰਵਾਸਾ ਜੀ ਅਧਿਆਤਮਕ ਗੁਰੂ ਸੀ। ਇਸੇ ਤਰ੍ਹਾਂ ਰਾਜਾ ਜਨਕ ਦਾ ਜੋ ਗੁਰੂ ਸੀ ਉਹ ਅਸ਼ਟਾਵਕਰ ਸੀ ਤੇ ਸੁਕਦੇਵ ਦਾ ਗੁਰੂ ਰਾਜਾ ਜਨਕ ਸੀ। ਜਿੰਨੀ ਦੇਰ ਤੱਕ ਮੰਤਰ ਨਹੀਂ ਲੈਂਦੇ ਸਾਡਾ ਸਬੰਧ ਨਹੀਂ ਹੋਇਆ ਕਰਦਾ। ਅਸੀਂ ਕਹਾ ਨਹੀਂ ਸਕਦੇ ਕਿ ਅਸੀਂ ਸਿੱਖ ਹਾਂ। ਸਿੱਖ ਤਾਂ ਹਾਂ ਜੇ ਅਸੀਂ ਵਿਧੀਪੂਰਵਕ ਮੰਤਰ ਲਿਆ ਹੈ, ਨਹੀਂ ਤਾਂ ਸਾਡਾ ਕੋਈ ਸਬੰਧ ਨਹੀਂ। ਕੇਸ

ਰੱਖੀ ਜਾਓ, ਵੋਟਾਂ ਵਾਲਿਆਂ ਨੂੰ ਲੋੜ ਹੋਣੀ ਹੈ, ਗੁਰੂ ਦੇ ਦਰ 'ਤੇ ਨਹੀਂ ਇਨ੍ਹਾਂ ਦੀ ਲੋੜ ਕਿਉਂਕਿ ਇਹ ਤਾਂ ਨਿਗੁਰੇ ਤੁਰੇ ਫਿਰਦੇ ਨੇ। ਸੋ ਉਹ ਦੇਖਦਾ ਹੈ ਕਿ ਬਹੁਤਿਆਂ ਨੇ ਅੰਮ੍ਰਿਤ ਛਕ ਲਿਆ, ਗੁਰੂ ਧਾਰਨ ਕਰ ਲਿਆ। ਉਹਨੂੰ ਹੁੰਦਾ ਹੈ ਕਿ ਜੇ ਮੈਂ ਇਨ੍ਹਾਂ 'ਚ ਰਲ ਜਾਵਾਂ ਮੇਰੀ ਬਿਜਨਸ ਬੜੀ ਸੋਹਣੀ ਚੱਲੇਗੀ। ਮੈਂ ਇਕੱਲਾ ਰਹਿੰਦਾ ਹਾਂ, ਮੇਰਾ ਕੁਛ ਆਸਰਾ ਬਣ ਜਾਏਗਾ। ਵਿਆਹ, ਸ਼ਾਦੀ ਜਾਂ ਕਿਸੇ ਮੌਕੇ 'ਤੇ ਮੈਂ ਬੁਲਾਵਾਂਗਾ ਤਾਂ ਸਾਰੇ ਹੀ ਆ ਜਾਣਗੇ। ਆਪਣੇ ਆਪ ਮੈਨੂੰ ਸੱਦਾ ਦੇਣ ਦੀ ਲੋੜ ਨਹੀਂ ਪੈਣੀ। ਲੇਬਰਾਂ ਲਾਉਣ ਦੀ ਲੋੜ ਨਹੀਂ ਪੈਣੀ, ਆਪੇ ਹੀ ਆ ਕੇ ਇਨ੍ਹਾਂ ਨੇ ਸ਼ਾਮਿਆਨੇ ਲਾ ਲੈਣੇ ਨੇ, ਆਪੇ ਹੀ ਬਰਤਨ ਮਾਂਜ ਲੈਣੇ ਨੇ, ਆਪੇ ਲੰਗਰ ਤਿਆਰ ਕਰ ਲੈਣੇ ਨੇ, ਇਹਨੂੰ ਹਿਰਸ ਦੀ ਸਿੱਖੀ ਕਹਿੰਦੇ ਨੇ। ਹਿਰਸ ਦੇ ਵਿਚ ਆ ਕੇ ਸਿੱਖੀ ਧਾਰਨ ਕਰ ਲੈਣੀ। ਮਤਲਬ ਅੰਦਰ ਰੱਖ ਕੇ ਸਿੱਖੀ ਧਾਰਨ ਕਰਨੀ। ਮਹਾਰਾਜ ਕਹਿੰਦੇ, ਇਹ ਜਿਹੜੀਆਂ ਤਿੰਨ ਕਿਸਮਾਂ ਨੇ, ਆਹ ਜਿਹੜਾ ਪੱਥਰ ਹੈ, ਇਹੋ ਜਿਹੇ ਨੇ ਇਹ। ਇਨ੍ਹਾਂ 'ਤੇ ਅਸਰ ਨਹੀਂ ਹੁੰਦਾ, ਚਾਹੇ ਗੁਰੂ ਦੇ ਕੋਲ ਰਹਿਣ, ਹਰ ਵਕਤ ਨਾਲ ਰਹਿਣ। ਇਹ ਪੱਥਰ ਵਰਗੇ ਸਿੱਖ ਹੋਇਆ ਕਰਦੇ ਨੇ ਤੇ ਦੂਸਰੇ ਹੋਇਆ ਕਰਦੇ ਨੇ, ਦੋ ਕੈਟਾਗਿਰੀਆਂ ਨੇ, ਉਹ ਇਸ ਤੋਂ ਉੱਚੀਆਂ ਨੇ। ਬਾਕੀ ਆਹ ਜਿਹੜੇ ਤਿੰਨ ਨੇ, ਦੇਖਣ ਨੂੰ ਸਿੱਖ ਬਹੁਤ ਹੀ ਵਧੀਆ ਲੱਗਣਗੇ। ਭੇਖ ਵੀ ਸਾਰਿਆਂ ਨਾਲੋਂ ਵਧੀਆ, ਗੱਲਾਂ ਵੀ ਦੂਜਿਆਂ ਨਾਲੋਂ ਵਧੀਆ। ਕਿਉਂਕਿ ਜਿਹੜੇ ਸਿਦਕੀ ਸਿੱਖ ਹੁੰਦੇ ਨੇ, ਉਹ ਦਿਖਾਵਾ ਨਹੀਂ ਕਰਿਆ ਕਰਦੇ, ਅੰਦਰ ਹੀ ਅੰਦਰ ਰਹਿੰਦੇ ਨੇ। ਜਿਹੜੇ ਭਾਵਨੀ ਦੇ ਨੇ ਉਹ ਵੀ ਦਿਖਾਵਾ ਨਹੀਂ ਕਰਦੇ। ਇਹ ਜਿਹੜੀਆਂ ਤਿੰਨ ਕਿਸਮਾਂ ਨੇ ਇਹ ਵਧ-ਵਧ ਕੇ ਦਿਖਾਵੇ, ਬਹੁਤੀਆਂ ਗੱਲਾਂ ਮਾਰਦੇ ਨੇ, ਗਾਲੜੂ ਹੁੰਦੇ ਨੇ। ਵਿਸਾਖੀ ਦਾ ਦੀਵਾਨ ਲੱਗਿਆ ਹੋਇਆ ਹੈ, ਦੂਰ-ਦਰਾਜ਼ ਤੋਂ ਸੰਗਤਾਂ ਆ ਗਈਆਂ ਤੇ ਮਹਾਰਾਜ ਨੇ ਹੁਕਮ ਕਰ ਦਿਤਾ, ਕਹਿਣ ਲੱਗੇ ਕਿ ਪ੍ਰੇਮੀਓ! ਸਾਡੀ ਇਜਾਜ਼ਤ ਤੋਂ ਬਗੈਰ ਘਰਾਂ ਨੂੰ ਨਹੀਂ ਜਾਣਾ, ਏਥੇ ਰੁਕ ਜਾਓ। ਉਸ ਵੇਲੇ ਜਿਹੜੇ ਤਿੰਨੋ ਕਿਸਮਾਂ ਦੇ ਸਿੱਖ ਸੀਗੇ, ਇਨ੍ਹਾਂ ਨੇ ਬਿੜਕਾਂ ਲੈਣੀਆਂ ਸ਼ੁਰੂ ਕੀਤੀਆਂ ਕਿ ਕਿਤੇ ਕੋਈ ਦੁਸ਼ਮਣ ਤਾਂ ਨਹੀਂ ਚੜ੍ਹਿਆ ਆਉਂਦਾ ਕਿ ਗੁਰੂ ਸਾਹਿਬ ਸਾਨੂੰ ਇਥੇ ਫਸਾ ਕੇ ਨਾ ਮਾਰ ਦੇਣ। ਅਸੀਂ ਤਾਂ ਘਰਾਂ 'ਚ ਬੰਦੋਬਸਤ ਵੀ ਨਹੀਂ ਕਰਕੇ ਆਏ। ਸਿਦਕ ਡੋਲਣ ਲੱਗ ਗਿਆ, ਭਰੋਸਾ ਪਹਿਲਾਂ ਹੀ ਨਹੀਂ ਸੀਗਾ, ਜਿਹੜਾ ਮਾੜਾ ਮੋਟਾ ਸੀ, ਉਹ ਵੀ ਡੋਲਣਾ ਸ਼ੁਰੂ ਹੋ ਗਿਆ। ਹਫਤਾ ਲੰਘ ਗਿਆ, ਆਲੇ ਦੁਆਲੇ ਪਹਿਰੇਦਾਰ ਨੇ, ਲੰਘਣ ਦਿੰਦੇ ਨਹੀਂ, ਨਾ ਦਿਨ ਨੂੰ ਨਾ ਰਾਤ ਨੂੰ। ਉਸ ਵੇਲੇ ਇਕੱਠੇ ਹੋ ਗਏ ਇੱਕ ਥਾਉਂ ਤੇ ਸੌਂਹਾਂ ਖਾ ਲਈਆਂ ਕਿ ਇਹ ਗੱਲ ਜ਼ਾਹਿਰ ਨਾ ਹੋ ਜਾਏ, ਨਹੀਂ ਤਾਂ ਫੇਰ ਬਹੁਤ ਬੁਰੀ ਹੋਏਗੀ, ਕਿਉਂਕਿ ਗੁਰੂ ਦੇ ਨਾਲ ਵਿਗੜਨਾ ਠੀਕ ਨਹੀਂ ਹੋਇਆ ਕਰਦਾ। ਸਾਰਿਆਂ ਨੇ ਕਿਹਾ ਕਿ ਦੱਸੋ ਵਿਉਂਤ? ਇੱਕ ਕਹਿਣ ਲੱਗਿਆ ਕਿ ਮੈਂ ਸਾਹ ਖਿੱਚ ਲੈਂਦਾ ਹਾਂ ਤੇ ਮੇਰਾ ਨਾ ਪੇਟ ਹਿੱਲੇ, ਨੱਕ ਮੂਹਰੇ ਚਾਹੇ ਰੂੰ ਧਰ ਕੇ ਦੇਖ ਲਓ ਤਾਂ ਵੀ ਨਹੀਂ ਹਿਲਦੀ, ਮੈਂ ਐਨਾ ਹੌਲੀ ਸਾਹ ਕੱਢਦਾ ਹਾਂ। ਕਹਿੰਦਾ, ਮੈਨੂੰ ਅਰਥੀ 'ਤੇ ਪਾ ਲਓ ਤੇ ਸਾੜਨ ਵਾਸਤੇ ਅਗੰਮਪੁਰੇ ਲੈ ਚੱਲੋ। ਉਹ ਬਾਹਰ ਹੈ ਘੇਰੇ ਤੋਂ। ਉਥੋਂ ਆਪਾਂ ਖਿਸਕ ਚੱਲਾਂਗੇ, ਝੋਲੇ ਆਪਣੇ ਨਾਲ ਹੀ ਚੁੱਕ ਲੈਣਾ। ਕਹਿੰਦੇ, ਨਹੀਂ ਵੀ ਚੁੱਕ ਹੋਣਗੇ, ਫੇਰ ਦੇਖੀ ਜਾਏਗੀ, ਆਪਾਂ ਪਹਿਲਾਂ ਏਥੋਂ ਨਿਕਲਣ ਦੀ ਗੱਲ ਕਰੋ।

ਉਸ ਵੇਲੇ ਮੁਰਦਾ ਚੁੱਕ ਲਿਆ, ਸ਼ਬਦ ਪੜ੍ਹਦੇ ਜਾਂਦੇ ਨੇ ਤੇ ਫੇਰ ਮਨ ਵਿਚ ਫੈਸਲਾ ਕਰਿਆ ਕਿ ਜੇ ਲਾਂਭੇ ਦੀ ਗਏ ਸਿੱਖਾਂ ਨੇ ਫੜ ਲੈਣਾ ਹੈ। ਕਿਉਂ ਨਾ ਗੁਰੂ ਸਾਹਿਬ ਦੇ ਸਾਮ੍ਹਣੇ ਤੋਂ ਹੀ ਲੰਘੀਏ। ਇੱਕ ਵਾਰੀ ਇਨ੍ਹਾਂ ਦੇ ਸਾਮ੍ਹਣੇ ਤੋਂ ਲੰਘ ਜਾਈਏ, ਫੇਰ ਸਮਝੋ ਲੰਘ ਗਏ। ਉਸ ਵੇਲੇ ਗੁਰੂ 'ਤੇ ਭਰੋਸਾ ਨਹੀਂ, ਗੁਰੂ ਨੂੰ ਅੰਤਰਜਾਮੀ ਨਹੀਂ ਜਾਣਿਆ। ਉਸ ਵੇਲੇ ਗੁਰੂ ਨੂੰ ਇੱਕ ਚੰਗਾ ਮਨੁੱਖ ਜਾਣਿਆ। ਸੈਂਕੜਿਆਂ ਦੀ ਤਾਦਾਦ ਦੇ ਵਿਚ ਉਹ ਅਰਥੀ ਦੇ ਪਿੱਛੇ ਹੋ ਕੇ ਸ਼ਬਦ ਪੜ੍ਹਦੇ ਜਾਂਦੇ ਨੇ। ਨੀਵੀਆਂ ਪਾਈਆਂ ਹੋਈਆਂ ਨੇ, ਚਿਹਰੇ ਘੁੱਟੇ ਹੋਏ ਨੇ। ਕੋਈ ਬੋਲਦਾ ਨਹੀਂ ਹੈ, ਦੇਖਦਾ ਨਹੀਂ ਹੈ, ਤੁਰੇ ਜਾਂਦੇ ਨੇ ਤੇ ਗੁਰੂ ਮਹਾਰਾਜ ਨੇ ਕਿਹਾ ਆ ਕੀ ਹੋ ਗਿਆ ਇਨ੍ਹਾਂ ਨੂੰ। ਇਥੋਂ ਦੀ ਜਾ ਰਹੇ ਨੇ? ਕਹਿੰਦੇ ਜੀ, ਕੋਈ ਪ੍ਰੇਮੀ ਇਨ੍ਹਾਂ ਦੇ ਨਾਲ ਦਾ ਚੜ੍ਹਾਈ ਕਰ ਗਿਆ, ਸਸਕਾਰ ਕਰਨ ਜਾ ਰਹੇ ਨੇ।

ਮਹਾਰਾਜ ਕਹਿੰਦੇ, ਕੀ ਗੱਲ ਪ੍ਰੇਮੀਓ! ਠਹਿਰੋ।

ਕਹਿੰਦੇ, ਸੱਚੇ ਪਾਤਸ਼ਾਹ! ਇਹਦੇ ਛੋਟੇ-ਛੋਟੇ ਬੱਚੇ ਨੇ। ਕਾਰੋਬਾਰ ਸਾਰਾ ਖਿੰਡਿਆ ਹੋਇਆ ਹੈ, ਕਮਾਊ ਬੰਦਾ ਕੋਈ ਨਹੀਂ ਪਿੱਛੇ, ਇਕੱਲਾ ਹੀ ਸੀ। ਪਾਤਸ਼ਾਹ! ਕ੍ਰਿਪਾ ਕਰੋ, ਇਹ ਤੁਹਾਡੇ ਦਰ 'ਤੇ ਆ ਕੇ ਚੜ੍ਹਾਈ ਕਰ ਗਿਆ। ਮਹਾਰਾਜ ਕਹਿੰਦੇ, ਹੁਣ ਕਿੱਥੇ ਲਈਂ ਜਾਂਦੇ ਓਂ?

ਕਹਿੰਦੇ, ਮਹਾਰਾਜ! ਸ਼ਮਸ਼ਾਨ ਭੂਮੀ 'ਚ। ਕਹਿੰਦੇ, ਆਪਾਂ ਹੀ ਕਰ ਦਿੰਦੇ ਹਾਂ ਸਸਕਾਰ, ਉਥੇ ਕਾਹਨੂੰ ਜਾਣਾ ਹੈ। ਸਿੰਘਾਂ ਨੂੰ ਕਹਿਣ ਲੱਗੇ ਕਿ ਭਾਈ, ਫੂਸ ਲਿਆਓ ਚੁੱਕ ਕੇ। ਫੂਸ ਲੈ ਆਂਦਾ, ਕਹਿੰਦੇ ਅਰਥੀ ਰੱਖ ਦਿਓ ਇਹਦੇ ਉਤੇ। ਸਰਕੜਾ ਰੱਖ ਦਿਤਾ ਥੱਲੇ।

ਹੁਣ ਉਹ ਸੁਣੀ ਜਾਂਦਾ ਹੈ ਪਿਆ ਕਿ ਹੁਣ ਤਾਂ ਫਸ ਗਏ ਬੁਰੀ ਤਰ੍ਹਾਂ। ਇੰਨੇ ਨੂੰ ਮਹਾਰਾਜ ਨੇ ਸੁਨੇਹਾ ਭੇਜ ਦਿਤਾ ਲਾਂਗਰੀ ਸਿੰਘ ਨੂੰ ਕਿ ਇੱਕ ਚੁਆਤੀ ਲਿਆ, ਬਲਦੀ-ਬਲਦੀ ਲੱਕੜ ਲਿਆ ਸੁੱਕੀ। ਲੱਕੜ ਆ ਗਈ, ਕਹਿੰਦੇ ਲਓ ਬਈ ਪ੍ਰੇਮੀਓ! ਇਥੇ ਹੀ ਦਾਹ ਕਰ ਦਿੰਦੇ ਹਾਂ। ਲੱਕੜਾਂ ਹੋਰ ਉਤੇ ਪਾ ਦਿਆਂਗੇ, ਅੱਗ ਬਾਲ ਲਈਏ ਆਪਾਂ। ਜਦੋਂ ਮਹਾਰਾਜ ਨੇ ਕਿਹਾ ਕਿ ਘਾਹ ਨੂੰ ਅੱਗ ਇਥੇ ਕੁ ਲਾ ਦੇ, ਉਧਰ ਲਾਈ, ਹਵਾ ਦੂਜੇ ਪਾਸਿਓਂ ਆਉਂਦੀ ਸੀ ਤੇ ਉਹਨੇ ਸੁਣਿਆ ਕਿ ਚਿੜ-ਚਿੜ ਹੋ ਰਹੀ ਹੈ, ਕਿ ਇਹ ਤਾਂ ਆਈ ਮੇਰੇ ਕੋਲ। ਦੋਵੇਂ ਬਾਹਵਾਂ ਨਾਲ ਜਿਹੜੀ ਰੱਸੀ ਬੰਨ੍ਹੀ ਹੋਈ ਸੀ ਤੋੜ ਕੇ ਛਾਲ ਮਾਰੀ ਤੇ ਨੱਠ ਲਿਆ ਸਿੱਧਾ ਹੀ। ਮਹਾਰਾਜ ਨੇ ਤਾੜੀ ਵਜਾ ਦਿਤੀ, ਸਾਰੇ ਹੱਸਦੇ ਨੇ। ਮਹਾਰਾਜ ਕਹਿੰਦੇ, ਪ੍ਰੇਮੀਓ! ਤੁਹਾਡਾ ਮੁਰਦਾ ਸੱਚਖੰਡ ਨੂੰ ਸਣੇ ਦੇਹ ਦੌੜਿਆ

ਜਾਂਦਾ ਹੈ। ਇਹ ਜਿਹੜੇ ਪ੍ਰੇਮੀ ਹੁੰਦੇ ਨੇ ਇਨ੍ਹਾਂ ਦਾ ਵਿਸ਼ਵਾਸ਼ ਨਹੀਂ ਹੋਇਆ ਕਰਦਾ, ਵਿਸ਼ਵਾਸ਼ ਤੋਂ ਹੀਣੇ। ਕਹਿੰਦੇ, ਆਹ ਜਿਹੜੇ ਸਿੰਘਾਂ ਨੇ ਜੱਗਾ ਸਿੰਘ ਨੂੰ ਕੁੱਟਿਆ ਹੈ, ਇਹ ਰਹਿੰਦੇ ਤਾਂ ਸਾਡੇ ਕੋਲ ਨੇ ਪਰ ਇਹ ਪੱਥਰ ਸਿੱਖ ਨੇ।

ਦੂਸਰੇ ਹੋਇਆ ਕਰਦੇ ਨੇ, ਭਾਵਨੀ ਦੇ। ਭਾਵਨੀ ਦਾ ਜਿਹੜਾ ਸਿੱਖ ਹੋਇਆ ਕਰਦਾ ਹੈ, ਉਹਦੇ ਮਨ ਵਿਚ ਐਸੀ ਭਾਵਨਾ ਹੋਇਆ ਕਰਦੀ ਹੈ, ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਗੁਰ ਗੋਬਿੰਦ-ਗੋਬਿੰਦ ਗੁਰੂ ਹੈ, ਨਾਨਕ ਭੇਦ ਨਾ ਭਾਈ।*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥ ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥ ਅੰਗ – ੪੪੨*

ਉਨ੍ਹਾਂ ਨੂੰ ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਲਗਦਾ, ਵਾਹਿਗੁਰੂ ਤੇ ਗੁਰੂ ਵਿਚ। ਹੈ ਵੀ ਨਹੀਂ ਕੋਈ ਫਰਕ। ਆਪ ਹੀ ਪ੍ਰਮੇਸ਼ਰ ਹੋਇਆ ਕਰਦਾ ਹੈ ਗੁਰੂ।

ਸੋ ਇਹ ਜਿਹੜੀ ਭਾਵਨਾ ਹੈ ਜਿਸ ਸਿੱਖ ਦੀ, ਉਸਨੂੰ ਭਾਵਨੀ ਦਾ ਸਿੱਖ ਕਹਿੰਦੇ ਨੇ। ਉਹ ਗੁਰੂ ਗੋਰ ਵਿਚ ਸਮਾ ਜਾਇਆ ਕਰਦਾ ਹੈ, ਗੁਰੂ ਦੇ ਅੰਦਰ ਪ੍ਰਵੇਸ਼ ਕਰ ਜਾਇਆ ਕਰਦਾ ਹੈ। ਉਹਨੂੰ ਅਭੇਦ ਅਵਸਥਾ ਦਾ ਸਿੱਖ ਕਹਿੰਦੇ ਨੇ –

*ਧਾਰਨਾ – ਗੁਰ ਗੋਰ ਸਮਾਵੈ ਜੀ,*
*ਮੁਰਦਾ ਹੋਇ ਮੁਰੀਦ ਹੋ।*

ਐਸਾ ਜੋ ਗੁਰਸਿੱਖ ਹੋਇਆ ਕਰਦਾ ਹੈ, ਭਾਵਨੀ ਦਾ, ਉਹ ਗੁਰੂ ਦੀ 'ਗੋਰ' ਕਹਿੰਦੇ ਨੇ ਕਬਰ ਨੂੰ, ਗੁਰੂ ਦੇ ਸਰੀਰ ਦੇ ਵਿਚ ਸਮਾ ਜਾਇਆ ਕਰਦਾ ਹੈ। ਗੁਰੂ ਤੇ ਉਹਦੇ ਵਿਚ ਕੋਈ ਭੇਦ ਨਹੀਂ ਰਿਹਾ ਕਰਦਾ –

*ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ।*
*ਭਾਈ ਗੁਰਦਾਸ ਜੀ, ਵਾਰ ੯/੨੨*

ਉਹ ਲੀਨ ਕਾਹਦੇ 'ਚ ਹੁੰਦਾ ਹੈ? ਕਹਿੰਦੇ –

*ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ। (ਓਹੀ)*

ਆਪਣਾ ਆਪਾ ਉਹਦੇ 'ਚੋਂ ਖਤਮ ਹੋ ਜਾਂਦਾ ਹੈ। ਮੈਂ ਨਹੀਂ ਉਹਦੇ 'ਚ ਰਹਿੰਦੀ। ਜਿੰਨਾਂ ਚਿਰ ਮੈਂ ਹੈ ਦੋ ਤਾਂ ਨਹੀਂ ਸਮਾਇਆ ਕਰਦੇ, ਇੱਕ ਚੀਜ਼ ਦੇ ਅੰਦਰ।

*ਤਨ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ। (ਓਹੀ)*

ਤਨ ਨੂੰ ਧਰਤੀ ਵਰਗਾ ਬਣਾ ਦਿੰਦਾ ਹੈ ਧਰਮਸਾਲ, ਧਰਮ ਦੀ ਜਗ੍ਹਾ ਬਣਾ ਦਿੰਦਾ ਹੈ। ਸੇਵਾ ਕਰਦਾ ਹੈ, ਕੀਰਤਨ ਕਰਦਾ ਹੈ, ਬਾਣੀ ਆਪ ਪੜ੍ਹਦਾ ਹੈ ਤੇ ਦੂਜਿਆਂ ਨੂੰ ਪੜ੍ਹਾਉਂਦਾ ਹੈ। ਦੂਜਿਆਂ ਦੇ ਕੰਮ ਆਉਂਦਾ ਹੈ। ਧਰਤੀ ਵਰਗਾ ਸਰੀਰ ਬਣਾ ਦਿੰਦਾ ਹੈ, ਮਨ ਦੀ ਦਭੁ ਵਿਛਾ ਦਿੰਦਾ ਹੈ। ਮਨ ਦੇ ਵਿਚ ਹੈਂਕੜ ਨਹੀਂ ਰਹਿੰਦੀ। ਨਿਮਰਤਾ ਦੇ ਨਾਲ ਚਰਨਾਂ ਦੇ ਵਿਚ ਵਿਛਾ ਦਿੰਦਾ ਹੈ।

*ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ। (ਓਹੀ)*

ਉਹਨੂੰ ਕਿੰਨਾਂ ਹੀ ਮਾੜਾ ਕਹੀ ਜਾਓ, ਕਿੰਨਾਂ ਹੀ ਦੁਖ ਆ ਜਾਏ, ਕਿੰਨਾਂ ਹੀ ਸੁਖ ਆ ਜਾਏ, ਕਿੰਨਾਂ ਹੀ ਮਾਣ ਆ ਜਾਵੇ, ਕਿੰਨਾਂ ਹੀ ਅਪਮਾਨ ਹੋ ਜਾਵੇ, ਕਿੰਨੀਆਂ ਹੀ ਔਖਿਆਈਆਂ ਆ ਜਾਣ। ਜਿਵੇਂ ਲੱਤਾਂ ਹੇਠ ਘਾਹ ਲਿਤਾੜਿਆ ਜਾਂਦਾ ਹੈ, ਇਸ ਤਰ੍ਹਾਂ ਗੁਰੂ ਦਾ ਸ਼ਬਦ, ਲਿਤਾੜ ਦੇ ਵਿਚ ਰਹਿ ਕੇ ਕਮਾਉਂਦਾ ਹੈ–

*ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ। (ਓਹੀ)*

ਨੀਵੇਂ ਥਾਉਂ ਠਹਿਰਦੀ ਹੈ ਚੀਜ਼ ਜਿਹੜੀ ਕੀਮਤੀ ਹੋਵੇ। ਉਚਿਆਂ ਥਾਵਾਂ 'ਤੇ ਤਾਂ ਰਹਿੰਦੀ ਨਹੀਂ –

*ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥*
*ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥ ਅੰਗ – ੧੩੮੩*

ਟਿੱਬੇ 'ਤੇ ਮੀਂਹ ਪਵੇ, ਰੁੜ ਕੇ ਥੱਲੇ ਆ ਜਾਂਦਾ ਹੈ। ਸਮਾਉਂਦਾ ਕਿੱਥੇ ਹੈ, ਜਿੱਥੇ ਨੀਵਾਂ ਥਾਉਂ ਹੈ –

*ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥*
*ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥*
*ਅੰਗ – ੧੩੬੫*

ਕਿਉਂਕਿ ਉੱਚਾ ਹੈ, ਉਹਦੇ reservation ਹੈ ਕਰੜਾ ਹੈ ਉਹ। ਨਰਮਾਈ ਨਹੀਂ ਹੈ ਬਾਂਸ ਵਿਚ, ਕਰੜਾਈ ਬਹੁਤ ਹੈ। ਸੋ ਇਸ ਤਰ੍ਹਾਂ ਦੇ ਨਾਲ ਨੀਵੇਂ ਹੋ ਕੇ ਗੁਰਮਤਿ ਠਹਿਰਦੀ ਹੈ ਉਥੇ, ਜਦੋਂ ਠਹਿਰ ਗਈ ਫੇਰ ਕੀ ਹੁੰਦਾ ਹੈ –

*ਵਰਸੈ ਨਿਝਰ ਧਾਰ ਹੋਇ........॥ (ਓਹੀ)*

ਫੇਰ ਅੰਮ੍ਰਿਤ ਦੀਆਂ ਧਾਰਾਂ ਵਰਸਾਉਂਦਾ ਹੈ, ਆਪਣੇ ਮੁਖ ਤੋਂ। ਜੋ ਬੋਲਦਾ ਹੈ ਅੰਮ੍ਰਿਤ ਬੋਲਦਾ ਹੈ ਉਹ। ਪਿਆਰ ਦੀਆਂ, ਬੰਦਗੀ ਦੀਆਂ, ਨਾਮ ਦੀਆਂ, ਉਹਦੇ ਅੰਦਰੋਂ ਧਾਰਾਂ ਚਲਦੀਆਂ ਨੇ। ਜਿਵੇਂ ਮੋਲੇਧਾਰ ਮੀਂਹ ਵਰਸਦਾ ਹੋਵੇ।

*..........ਸੰਗਤਿ ਚਲਿ ਆਵੈ॥ (ਓਹੀ)*

ਸੰਗਤ ਵਿਚ ਆਉਂਦਾ ਹੈ ਚਲ ਕੇ ਤੇ ਸੰਗਤ ਉਹਦੇ ਕੋਲ ਚੱਲ ਕੇ ਜਾਂਦੀ ਹੈ। ਸੋ ਇਹ ਭਾਵਨੀ ਦਾ ਸਿੱਖ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ, ਪੰਜਵਾਂ ਹੁੰਦਾ ਹੈ, ਸਿਦਕ ਦਾ। ਸਿਦਕੀ ਸਿੱਖ ਜਿਹੜਾ ਹੁੰਦਾ ਹੈ ਦੁੱਖ, ਸੁੱਖ, ਹਾਨ, ਲਾਭ, ਮਾਨ-ਅਪਮਾਨ, ਜਨਮ-ਮਰਨ, ਇਨ੍ਹਾਂ ਨੂੰ ਬਰਾਬਰ ਜਾਣ ਕੇ ਭਾਣਾ ਮੰਨਦਾ ਹੈ ਗੁਰੂ ਦਾ। ਗੁਰੂ ਨਾਲ ਪ੍ਰੀਤ ਨਹੀਂ ਉਹਦੀ ਟੁੱਟਿਆ ਕਰਦੀ। ਗੁਰੂ ਚਾਹੇ ਧੱਕੇ ਮਰਵਾ ਕੇ ਕਢਵਾ ਦੇਵੇ, ਚਾਹੇ ਵੱਡੀ ਵਡਿਆਈ ਦੇ ਦੇਵੇ, ਉਹ ਦੋਹਾਂ ਗੱਲਾਂ ਨੂੰ ਹੀ ਪਿਆਰ ਸਮਝਦਾ ਹੈ। ਐਸੀਆਂ ਬੇਅੰਤ ਮਿਸਾਲਾਂ ਨੇ। ਸੋ ਮੈਂ ਐਨੀ ਹੀ ਬੇਨਤੀ ਕਰਦਾ ਹਾਂ ਕਿ ਐਸਾ ਗੁਰਸਿੱਖ ਜੋ ਹੋਇਆ ਕਰਦਾ ਹੈ, ਉਹਨੂੰ ਅਭੇਦ ਅਵਸਥਾ ਦਾ ਗੁਰਸਿੱਖ ਕਹਿੰਦੇ ਨੇ। ਉਹਦੇ ਵਿਚ ਗੁਰੂ ਰਹਿੰਦਾ ਹੈ ਤੇ ਉਹ ਗੁਰੂ 'ਚ ਰਹਿੰਦਾ ਹੈ।

*'ਚਲਦਾ..........।'*

**********

# ਗੁਰੂ ਅਰਜਨ ਦੇਵ ਜੀ-ਜਾਮੇ ਸ਼ਹਾਦਤ

***ਭਾਈ ਵੀਰ ਸਿੰਘ ਜੀ***

**ਸ਼ਾਹਜ਼ਾਦਾ ਖੁਸਰੋ**

ਅਕਬਰ ਸੀ ਪਾਤਸ਼ਾਹ ਹਿੰਦ ਦਾ, ਇਹ ਕਦੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਗੋਇੰਦਵਾਲ ਆਯਾ ਸੀ ਤੇ ਕਈਪਿੰਡ ਜਾਗੀਰ ਲਈ ਅਰਪਨ ਕੀਤੇ ਸਾਸੁ। ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਗੱਦੀ ਤੇ ਬੈਠੇ ਸਨ ਤਾਂ ਬੀ ਰਾਜ ਅਕਬਰ ਦਾ ਹੀ ਸੀ। ਅਕਬਰ ਇਕ ਵੇਰ ਪੰਜਾਬ ਆਇਆ ਸੀ ਤਦੋਂ ਆਪ ਜੀ ਦੇ ਮੇਲੇ ਅਕਬਰ ਨਾਲ ਹੋਏ ਸਨ। ਪੰਜਾਬ ਵਿਚ ਤਦੋਂ ਕਾਲ ਪਿਆ ਹੋਇਆ ਸੀ ਤੇ ਲੋਕੀ ਮਾਮਲਾ ਦੇਣੋਂ ਆਰੀ ਹੋ ਰਹੇ ਸਨ, ਸਤਿਗੁਰੂ ਜੀ ਨੇ ਅਕਬਰ ਪਾਸ ਸਿਫਾਰਿਸ਼ ਕੀਤੀ ਸੀ ਕਿ ਮਾਲੀਆ ਮਾਫ ਕਰ ਦਿਤਾ ਜਾਵੇ, ਪਰਜਾ ਦੁਖੀ ਹੈ। ਤਦੋਂ ਅਕਬਰ ਨੇ ਮਾਫੀ ਦੇਣੀ ਮੰਨ ਲਈ ਸੀ। ਇਹ ਗੱਲ ਖਾਲਸਾ-ਤੁੱ-ਤਵਾਰੀਖ ਵਿਚ ਲਿਖੀ ਹੈ। ਝਗੜਾ ਨਿਪਟਾਉਣ ਪਿਛੋਂ ਬਿਆਸਾ ਲੰਘ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਡੇਰੇ ਆਇਆ, ਗੁਰੂ ਜੀ ਦੀ ਰਸਨਾ ਤੋਂ ਗੁਰਬਾਣੀ ਸੁਣੀ ਤੇ ਬੜਾ ਖੁਸ਼ ਹੋਇਆ, ਗੁਰੂ ਜੀ ਨੇ ਅਕਬਰ ਨੂੰ ਕਿਹਾ -

> ***ਅਜ ਨਜ਼ੂਲੇ ਅਸਾਕਰੇ ਮਨਸੂਰਹ ਦਰ ਪੰਜਾਬ ਨਿਰਖੇ ਗੱਲਹ ਗਿਰਾਂ ਬੂਦ, ਅਜ਼ੀਂ ਜਿਹਤ ਜਮਅ ਪਰਗਨਾਤ ਜ਼ਿਆਦਹ ਸ਼ੁਦਹ, ਅਲਹਾਲ ਅਜ਼ ਇੰਤਹਾਜ਼ਿ ਅਫਵਾਜੇ ਕਾਹਿਰਾ ਗੱਲਾਤ ਰੂ ਬ-ਅਰਜ਼ਾਨੀ ਆਵੁਰਦਹ ਰਿਆਇਆ ਅਜ਼ ਉਹਦਾ ਅਦਾਏ ਜਮਅ ਨਮੇ ਤਵਾਨਦ ਬਰਾਮਦ। ਹਸਬ ਇਲਤਮਾਸੇ ਓ ਬ-ਦੀਵਾਨੀਆਨੇ ਉਜ਼ਾਮ ਹੁਕਮ ਸ਼ੁਦ ਕਿ ਬ-ਹਿਸਾਬ ਦਹ ਦਵਾਜਦਹ ਅਜ਼ ਜਮਅ ਬ-ਰਿਆਇਆ ਤਖਫੀਫ ਦਿਹੰਦ, ਵ ਤਾਕੀਦ ਬ-ਅਮਾਲ ਕੁਨੰਦ ਕਿ ਮੁਤਾਬਕੇ ਆਂ ਬ-ਰਿਆਯਾ ਰਿਆਯਤ ਨਮੂਦਹ ਜ਼ਿਆਦਹ ਤਲਬੀ ਨ ਨੁਮਾਇਅੰਦ।***
>
> *(ਖਾਲਸਾ-ਤੁੱ-ਤਵਾਰੀਖ, ਪੰਨਾ ੪੦੨)*

ਅਰਥਾਤ-ਬਾਦਸ਼ਾਹੀ ਲਸਕਰ ਦੇ ਏਥੇ ਆ ਉਤਰਨ ਤੇ ਅਨਾਜ ਦਾ ਭਾ ਪੰਜਾਬ ਵਿਚ ਮਹਿੰਗਾ ਸੀ, ਇਸ ਕਰਕੇ ਇਲਾਕਿਆਂ ਦਾ ਮਾਲੀਆ ਜ਼ਿਆਦਾ ਹੋ ਗਿਆ, ਅੱਜਕੱਲ੍ਹ ਫੌਜ ਦੇ ਚਲੇ ਜਾਣ ਤੋਂ ਅਨਾਜ ਦਾ ਭਾ ਸਸਤਾ ਹੋ ਗਿਆ ਹੈ ਤੇ ਪਰਜਾ ਮਾਲੀਆ ਨਹੀਂ ਦੇ ਸਕੀ। (ਗੁਰੂ ਜੀ ਦੇ) ਕਹੇ ਅਨੁਸਾਰ ਵੱਡੇ ਦੀਵਾਨ ਹਾਕਮਾਂ ਨੂੰ ਹੁਕਮ ਹੋਇਆ ਕਿ 10/12ਵੇਂ ਦੇ ਹਿਸਾਬ ਨਾਲ ਮਾਲੀਏ ਵਿਚੋਂ ਛੋਟ ਕਰ ਦਿਤੀ ਜਾਵੇ। (ਭਾਵ ਪੰਜ ਹਿੱਸੇ ਛੋਟ ਕਰਕੇ ਛੀਵਾਂ ਹਿੱਸਾ ਵਸੂਲ ਕੀਤਾ ਜਾਏ) ਤੇ ਮਾਲੀਆ ਵਸੂਲ ਕਰਨ ਵਾਲਿਆਂ ਨੂੰ ਤਾਕੀਦ ਕਰਨ ਕਿ ਇਸ (ਹੁਕਮ) ਅਨੁਸਾਰ ਰਿਆਇਆ ਨੂੰ ਰਿਐਤ ਕਰ ਦੇਣ ਤੇ ਵਧੀਕ ਨਾ ਵਸੂਲ ਕਰਨ।

ਇਹ ਅਕਬਰ ਮੁਗਲਾਂ ਵਿਚੋਂ ਸ੍ਰੇਸ਼ਠ ਪੁਰਖ ਸੀ। 16 ਅਕਤੂਬਰ ਸੰਨ 1605 ਮੁਤਾਬਿਕ 1662 ਬਿ: ਵਿਚ ਇਸ ਦਾ ਦੇਹਾਂਤ ਹੋਇਆ। ਇਹ ਆਪਣੇ ਅੰਤ ਸਮੇਂ ਆਪਣਾ ਤਖਤ ਆਪਣੇ ਪੁੱਤਰ ਸਲੀਮ ਨੂੰ ਦੇ ਗਿਆ ਸੀ। ਇਹ ਅਕਬਰ ਦਾ ਵੱਡਾ ਪੁੱਤਰ ਸੀ, ਪਿਉ ਨੂੰ ਪਿਆਰਾ ਸੀ, ਮਾਂ ਇਸਦੀ ਹਿੰਦੂ ਸੀ ਜੋ ਅੰਬਰ ਦੇ ਰਾਜ ਘਰਾਣੇ ਵਿਚੋਂ ਸੀ। ਪਿਤਾ ਨੇ ਸਲੀਮ ਨੂੰ ਤਾਅਲੀਮ ਚੰਗੀ ਦਿਤੀ ਪਰ ਇਹ ਬੇਥਵਾ ਖੁਦਸਰ ਤੇ ਅੱਯਾਸ਼ ਜੇਹਾ ਸ਼ਾਹਜ਼ਾਦਾ ਨਿਕਲਿਆ। ੧੬੫੭ ਬਿ: ਵਿਚ ਇਹ ਪਿਤਾ ਨਾਲ ਨਾਰਾਜ਼ ਹੋ ਕੇ ਬੰਗਾਲ ਜਾ ਕੇ ਬਗਾਵਤ ਕਰ ਬੈਠਾ। ਇਸ ਤੋਂ ਕੁਛ ਚਿਰ ਮਗਰੋਂ ਇਸ ਨੇ ਆਪਣੇ ਪਿਤਾ ਦੇ ਸਭ ਤੋਂ ਵੱਧ ਵਿਦਵਾਨ ਤੇ ਸੱਚੇ ਮਿਤ੍ਰ ਅੱਬੁਲ ਫਜ਼ਲ ਨੂੰ ਕਤਲ ਕਰਵਾ ਦਿਤਾ। ਅਕਬਰ ਦਾ ਦਿਲ ਟੁੱਟ ਗਿਆ ਤੇ ਆਪਣੇ ਸੱਚੇ ਮਿੱਤ੍ਰ ਦੇ ਵਿਯੋਗ ਵਿਚ ਪਰਮ ਦੁਖੀ ਹੋਇਆ। ਪਰ ਫੇਰ ੧੬੬੧ ਬਿ: ਵਿਚ ਪਿਤਾ ਪੁੱਤਰ ਦੀ ਸੁਲਹ ਹੋ ਗਈ।

ਅਕਬਰ ਦੀ ਰਾਜਸੀ ਵਿਉਂਤ ਇਹ ਸੀ ਕਿ ਹਿੰਦੂ ਮੁਸਲਮਾਨਾਂ ਨੂੰ ਮਿਲਾ ਦੇਵੇ ਤੇ ਦੁਇ ਇਕ ਹੋ ਜਾਣ। ਇਸ ਕਰਕੇ ਉਹ ਹਿੰਦੂ ਦਾਨਿਆਂ ਨੂੰ ਵੱਡੇ ਅਹੁਦੇ ਦੇਂਦਾ ਤੇ ਰਾਜਪੂਤ ਘਰਾਣਿਆਂ ਨਾਲ ਆਪਣੇ ਤੇ ਸ਼ਹਿਜ਼ਾਦਿਆਂ ਦੇ ਨਾਤੇ ਬੀ ਕਰਵਾ ਦੇਂਦਾ ਸੀ। ਇਨ੍ਹਾਂ ਗੱਲਾਂ ਤੇ ਮੁਸਲਮਾਨ ਨਰਾਜ਼ ਸਨ। ਸਲੀਮ ਜਦ ਜਹਾਂਗੀਰ ਦਾ ਖਿਤਾਬ ਲੈ ਕੇ ਗੱਦੀ ਤੇ ਬੈਠਾ ਤਾਂ ਇਸਨੇ ਇਕ ਐਲਾਨ ਜਾਰੀ ਕੀਤਾ ਸੀ, ਜਿਸ ਵਿਚ ਇਕ ਗੱਲ ਇਹ ਸੀ ਕਿ ਮੈਂ ਮੁਸਲਮਾਨ ਮਜ਼ਹਬ ਦੀ ਰਖਿਆ ਕਰਾਂਗਾ। ਇਹ ਮੁਸਲਮਾਨੀ ਪੱਖ ਵਾਲੇ ਅਹਿਲਕਾਰਾਂ, ਕਾਜ਼ੀਆਂ, ਮੁੱਲਾਂ ਤੇ ਮੁਸਲਮਾਨਾਂ ਨੂੰ ਖੁਸ਼ ਕਰਨ ਵਾਸਤੇ ਸੀ। ਉਸ ਵਿਚ ਹੋਰ ਕਈ ਚੰਗੀਆਂ ਗੱਲਾਂ ਬੀ ਸਨ, ਧਾੜੇ ਰੋਕਣੇ, ਸਜ਼ਾਵਾਂ ਵਹਸ਼ੀਆਨਾ ਨਾ ਦੇਣੀਆਂ, ਨਸ਼ੇ ਰੋਕਣੇ, ਇਨਸਾਫ ਕਰਨੇ ਆਦਿ।

ਜਹਾਂਗੀਰ ਦਾ ਪੁੱਤਰ ਸੀ ਖੁਸਰੋ। ਇਹ ਤਦੋਂ ਹੀ ਨੇਕ ਮਸ਼ਹੂਰ ਸੀ। ਇਸਦਾ ਸੁਭਾਉ ਨਰਮ ਸੀ। ਇਹ ਵਿਦਵਾਨ ਬੀ ਸੀ। ਫਰੰਗੀ ਲੇਖਕ ਇਸਨੂੰ ਈਸਾਈਆਂ ਦਾ ਬਹੁਤ ਦੋਸਤ ਤੇ ਪੱਖੀ ਵਰਣਨ ਕਰਦੇ ਹਨ। ਕਦੇ ਅਕਬਰ ਵੇਲੇ ਇਹ ਖਿਆਲ ਬੀ ਸੀ ਕਿ ਸ਼ਾਇਦ ਗੱਦੀ ਤੇ ਏਹੋ ਬੈਠੇ। ਪਰ ਇਹ ਸ਼ਾਹਜ਼ਾਦਾ ਆਪਣੇ ਪਿਉ ਜਹਾਂਗੀਰ ਦੀ ਗੱਦੀ ਨਸ਼ੀਨੀ ਤੋਂ ਮਗਰੋਂ ਸ਼ੱਕ ਹੇਠ ਆਗਰੇ ਵਿਚ ਨਜ਼ਰਬੰਦ ਰਿਹਾ। ਪੰਜ ਕੁ ਮਹੀਨੇ ਬਾਅਦ ਮੌਕਾ ਪਾ ਕੇ ਇਹ ਉਥੋਂ ਨਿਕਲ ਪੰਜਾਬ ਨੂੰ ਟੁਰ ਪਿਆ। ਕੁਛ ਸਾਥੀ ਨਾਲ ਸਨ, ਕੁਛ ਰਲਦੇ ਰਲਾਉਂਦੇ ਹੋਰ ਹੁੰਦੇ ਪੰਜਾਬ ਜਾ ਪਹੁੰਚੇ। ਪਾਤਸ਼ਾਹ ਬੀ ਉਸ ਨੂੰ ਫੜਨ ਲਈ ਮਗਰੇ ਮਗਰ ਟੁਰਿਆ। ਰਸਤੇ ਵਿਚ ਜਿਸ ਕਿਸੇ ਦੀ ਖਬਰ ਮਿਲੀ ਕਿ ਉਸ ਨੇ ਖੁਸਰੋ ਨੂੰ ਮਦਦ ਦਿਤੀ ਹੈ ਸਜ਼ਾਵਾਂ ਦੇਂਦਾ; ਸੁਲਤਾਨਪੁਰ, ਗੋਇੰਦਵਾਲ ਹੁੰਦਾ ਰਾਮਦਾਸ ਪੁਰੇ ਦੇ ਲਾਗੇ ਮਾਝੇ ਵਿਚਦੀ ਜਾਂਦਾ ਲਾਹੌਰੋਂ ਸੱਤ ਮੀਲ ਉਰ੍ਹੇ ਜੈਪਾਲ ਪਿੰਡ ਜਾ ਪਹੁੰਚਾ। ਇਥੋਂ ਟੁਰ ਕੇ ਜਹਾਂਗੀਰ ਮਿਰਜ਼ਾ ਕਾਮਰਾਨ ਦੇ ਬਾਗ ਲਾਹੌਰ ਅੱਪੜ ਗਿਆ।

ਲਾਹੌਰ ਜਦ ਖੁਸਰੋ ਅੱਪੜਿਆ ਸੀ ਤਾਂ ਲਾਹੌਰ ਦੇ ਸੂਬੇਦਾਰ ਨੇ ਖੁਸਰੋ ਦਾ ਸਵਾਗਤ ਨਹੀਂ ਸੀ ਕੀਤਾ ਤੇ ਸ਼ਹਿਰ ਦੇ ਦਰਵਾਜ਼ੇ ਬੰਦ ਰੱਖੇ ਸਨ। ਖੁਸਰੋ ਅੱਗੇ ਨੂੰ ਟੁਰ ਪਿਆ ਸੀ, ਪਰ ਸੋਧਰੇ ਦੇ ਪੱਤਣ ਤੇ ਗ੍ਰਿਫਤਾਰ ਹੋ ਗਿਆ। ੩ ਮੁਹੱਰਮ ਯਾ ੧ ਮਈ ਨੂੰ ਖੁਸਰੋ ਗ੍ਰਿਫਤਾਰ ਹੋਇਆ, ਲਾਹੌਰ ਪਾਤਸ਼ਾਹ ਦੇ ਪੇਸ਼ ਹੋਇਆ, ਉਸ ਦੇ ਵੱਡੇ ਦੋ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਜੀਉਂਦੇ ਸੀਤੇ ਗਏ। ਲੱਗਭੱਗ ਸਤ ਸੌ ਉਸ ਦੇ ਸਾਥੀ ਸੂਲੀ ਟੰਗੇ ਗਏ। ਖੁਸਰੋ ਨੂੰ ਨਜ਼ਰਬੰਦ ਕੀਤਾ ਗਿਆ ਤੇ ਉਸਦੀਆਂ ਅੱਖਾਂ ਖਰਾਬ ਕਰ ਦਿਤੀਆਂ ਗਈਆਂ।

16 ਅਪ੍ਰੈਲ ਨੂੰ ਪਾਤਸ਼ਾਹ ਸੁਲਤਾਨਪੁਰ ਤੇ ਗੋਇੰਦਵਾਲੋਂ ਲੰਘਦਾ ਹੈ ਤੇ ਖੁਸਰੋ ਦੀ ਗ੍ਰਿਫਤਾਰੀ ਸੁਣ ਕੇ ਫੇਰ ਸਹਿਜੇ ਸਹਿਜੇ ਜਾਂਦਾ ਹੈ, 16 ਅਪ੍ਰੈਲ ਤੋਂ 9 ਮਈ ਤਕ ਖੁਸਰੋ ਦੇ ਸਾਰੇ ਮਾਮਲੇ ਮੁੱਕ ਜਾਂਦੇ ਹਨ, ਇਸ ਤੋਂ ਬੀ 13 ਦਿਨ ਮਗਰੋਂ ਕਿਸੇ ਦਿਨ ਅਰਥਾਤ 20 ਮਈ ਤੋਂ ਬਾਦ ਬਾਦਸ਼ਾਹ ਨੂੰ ਖਬਰ ਮਿਲਦੀ ਹੈ ਕਿ ਗੁਰੂ ਅਰਜਨ ਸਾਹਿਬ ਜੀ ਬੀ ਖੁਸਰੋ ਨੂੰ ਮਿਲੇ ਸਨ।

ਪਾਤਸ਼ਾਹ ਨੇ ਖਬਰ ਸੁਣਦੇ ਸਾਰ ਗੁਰੂ ਸਾਹਿਬ ਜੀ ਨੂੰ ਬੁਲਵਾ ਭੇਜਿਆ ਅਰ ਸੱਚ ਝੂਠ ਦਾ ਨਿਰਣਾ ਕਰਨ ਦਾ ਕੋਈ ਤਰੀਕਾ ਵਰਤੇ ਬਿਨਾ ਹੁਕਮ ਦੇ ਦਿਤਾ ਕਿ 'ਯਾਸਾ' ਦੀ ਸਜ਼ਾ ਦਿਤੀ ਜਾਵੇ। ਇਹ 'ਯਾਸਾ' ਪਦ ਤੁਰਕੀ ਬੋਲੀ ਦਾ ਲਫਜ਼ ਹੈ, ਇਸ ਦੇ ਅਰਥ ਹਨ - ਕਤਲ ਕਰਨਾ, ਘਰ ਬਾਰ ਲੁੱਟ ਲੈਣਾ। ਸਾਰੀ ਗੱਲ ਪਾਤਸ਼ਾਹ ਮੁਰਤਜ਼ਾ ਖਾਂ ਦੇ ਹਵਾਲੇ ਛੱਡ ਕੇ ਅੱਗੇ ਟੁਰ ਗਿਆ।

ਇਹ 'ਯਾਸਾ' ਵਾਲੀ ਗੱਲ ਪਾਤਸ਼ਾਹ ਨੇ ਆਪ ਲਿਖੀ ਹੈ ਪਰ ਉਸੇ ਸਮੇਂ ਦਾ ਲੇਖਕ ਦਬਿਸਤਾਨ ਮਜ਼ਾਹਬ ਦਾ ਕਰਤਾ ਲਿਖਦਾ ਹੈ ਕਿ ਪਾਤਸ਼ਾਹ ਨੇ ਜੁਰਮਾਨਾ ਕੀਤਾ ਬਹੁਤ ਭਾਰੀ, ਜੋ ਉਹ ਦੇ ਨਾ ਸਕੇ।

ਪਾਤਸ਼ਾਹ ਦਾ ਆਪਣਾ ਲੇਖ ਜੋ ਤੁਜ਼ਕੇ ਜਹਾਂਗੀਰੀ ਵਿਚ ਹੈ, ਦੱਸਦਾ ਹੈ ਕਿ ਪਾਤਸ਼ਾਹ ਦੇ ਦਿਲ ਵਿਚ ਪਹਿਲੋਂ ਤੋਂ ਇਸਲਾਮੀ ਤਅੱਸਬ ਨੇ ਘਰ ਕੀਤਾ ਹੋਇਆ ਸੀ, ਤੇ ਉਹ ਬਹਾਨਾ ਭਾਲਦੇ ਸੀ ਕਿ ਕਿਸੇ ਤਰ੍ਹਾਂ ਉਨ੍ਹਾਂ ਦੇ ਪ੍ਰਚਾਰ ਨੂੰ, ਜਿਸਨੂੰ ਉਹ ਝੂਠੀ ਦੁਕਾਨ ਲਿਖਦਾ ਹੈ, ਦੂਰ ਕਰੇ। ਉਸਨੂੰ (ਗੁਰੂ ਅਰਜਨ) ਨੂੰ ਇਸਲਾਮ ਵਿਚ ਦਾਖਲ ਕਰ ਲਵੇ। ਉਹ ਲਿਖਦਾ ਹੈ ਕਿ ਹੁਣ ਮੁਸਲਮਾਨ ਬੀ ਉਸ (ਗੁਰੂ ਜੀ) ਦੇ ਮਤ ਵਿਚ ਦਾਖਲ ਹੋ ਰਹੇ ਹਨ। ਇਹ ਸੁਣ ਸੁਣ ਕੇ ਹੀ ਤਅੱਸਬ ਬੱਝਾ ਸੀ। ਸੁਣਾਉਣੇ ਵਾਲੇ ਕੌਣ ਹੋ ਸਕਦੇ ਹਨ? ਲਾਹੌਰ ਦੇ ਕਾਜ਼ੀ, ਮੁੱਲਾਂ, ਉਨ੍ਹਾਂ ਦੇ ਸਿਖਾਏ ਪੜ੍ਹਾਏ ਤੇ ਤਅੱਸਬੀ ਵੱਡੇ ਹਾਕਮ। ਗੁਰੂ ਜੀ ਦੇ ਘਰ ਬਾਹਰ ਦੇ ਦ੍ਰੋਹੀ ਚੰਦੂ ਆਦਿਕ।

ਜਾਪਦਾ ਹੈ ਕਿ ਪਾਤਸ਼ਾਹ ਦਾ ਹੁਕਮ ਸੁਣ ਕੇ ਲਾਹੌਰ ਦੇ ਹਾਕਮਾਂ ਨੂੰ ਫਿਕਰ ਹੋਇਆ ਕਿ ਗੁਰੂ ਅਰਜਨ ਜੈਸੀ ਉੱਚੀ ਤੇ ਸਰਬ ਪ੍ਰਿਯ ਹਸਤੀ ਦੇ ਕਤਲ ਦਾ ਇਲਜ਼ਾਮ ਜਨਤਾ ਵਿਚ ਸਾਡੇ ਸਿਰ ਨਾ ਆਵੇ। ਉਨ੍ਹਾਂ ਤਸੀਹੇ ਦੇਣ ਤੇ ਇਸਲਾਮ ਵੱਲ ਪ੍ਰੇਰਨ ਆਦਿ ਦਾ ਕੰਮ ਚੰਦੂ ਦੇ ਸਪੁਰਦ ਕੀਤਾ ਕਿ ਜੇ ਗੁਰੂ ਜੀ ਇਸਲਾਮ ਵਿਚ ਦਾਖਲ ਹੋ ਜਾਂਦਾ ਇਲਜ਼ਾਮ ਅਗਰ ਜਨਤਾ ਵਿਚ ਆਵੇ ਤਾਂ ਹਿੰਦੂ-ਚੰਦੂ-ਦੇ ਸਿਰ ਰਹੇਗਾ। ਸੋ ਹੁਣ ਗੁਰੂ ਜੀ ਚੰਦੂ ਦੇ ਹਵਾਲੇ ਕਰ ਦਿਤੇ ਗਏ। ਉਸ ਦੀ ਹਵੇਲੀ ਕਿਲ੍ਹੇ ਦੇ ਦੱਖਣ ਵਲ ਨੇੜੇ ਹੀ ਸੀ। ਪਹਿਲਾ ਕੰਮ ਉਸ ਨੇ ਇਹ ਕੀਤਾ ਕਿ ਪੰਜ ਸਿੱਖ; ਜੋ ਨਾਲ ਸਨ, ਉਹ ਵੱਖਰੇ ਡੱਕ ਦਿਤੇ ਤੇ ਗੁਰੂ ਜੀ ਨੂੰ ਇਕੱਲਿਆਂ ਕਰ ਲਿਆ। ਪਹਿਲੀ ਉਸ ਨੇ ਮੰਗ ਤਾਂ ਉਹੋ ਕੀਤੀ ਹੋਣੀ ਹੈ ਜੋ ਪਾਤਸ਼ਾਹ ਨੇ ਆਪਣੇ ਲੇਖ ਵਿਚ ਲਿਖੀ ਹੈ ਕਿ ਮੈਂ ਉਨ੍ਹਾਂ ਨੂੰ ਇਸਲਾਮ ਵਿਚ ਦਾਖਲ ਕਰ ਲੈਣਾ ਚਾਹੁੰਦਾ ਹਾਂ। ਸੋ ਹੁਣ ਵੇਲਾ ਸੀ ਉਹ ਗੱਲ ਮਨਾਉਣ ਦਾ ਕਿ ਜੇ ਉਹ ਦਾਖਲ ਇਸਲਾਮ ਹੋ ਜਾਣ ਤਾਂ ਪਾਤਸ਼ਾਹ ਤੋਂ ਬਖਸ਼ਵਾ ਦਿਆਂਗੇ, ਯਾ ਪਾਤਸ਼ਾਹ ਹੀ ਇਹ ਇਸ਼ਾਰਾ ਦੇ ਗਿਆ ਹੋਵੇ। ਕਈ ਇਤਿਹਾਸਕਾਰ ਇਹ ਬੀ ਲਿਖਦੇ ਹਨ ਕਿ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮੁਹੰਮਦ ਜੀ ਦੀ ਤਾਰੀਫ ਪਾਉਣ ਲਈ ਕਿਹਾ ਗਿਆ। ਜੈਸਾ ਕਿ ਪ੍ਰਸਿੱਧ ਲੇਖਕ ਮੈਕਾਲਫ ਜਿਲਦ ਦੋ ਦੇ ਸਫਾ 92 ਤੇ ਲਿਖਦਾ ਹੈ ਕਿ ਕਾਜ਼ੀਆਂ ਤੇ ਬ੍ਰਾਹਮਣਾਂ ਨੇ ਕਿਹਾ ਕਿ ਗ੍ਰੰਥ ਸਾਹਿਬ ਵਿਚ ਮੁਹੰਮਦ ਤੇ ਹਿੰਦੂ ਦੇਵਤਿਆਂ ਦੀ ਮਹਿਮਾ ਪਾ ਦਿਓ ਤੇ ਜੋ ਵਾਕ (ਸਾਡੇ) ਸੰਬੰਧੀ ਇਤਰਾਜ਼ ਜੋਗ ਹਨ ਕੱਢ ਦਿਓ, ਤਾਂ ਤੁਸੀਂ ਮੌਤ ਤੋਂ ਬਚਾਏ ਜਾ ਸਕਦੇ ਹੋ। ਗੁਰੂ ਜੀ ਨੇ ਉੱਤਰ ਦਿੱਤਾ ਕਿ ਪਵਿੱਤਰ ਗ੍ਰੰਥ ਵਿਚ ਤਬਦੀਲੀ ਕਰਨਾ ਯਾ ਕੁਛ ਪਾਉਣਾ ਘਟਾਉਣਾ ਹੋ ਨਹੀਂ ਸਕਦਾ, ਸੱਚ-ਸੱਚ ਹੈ ਅਰ ਉਹ ਅਬਦਲ ਹੈ।

ਇਸ ਪ੍ਰਕਾਰ ਦੀਆਂ ਧਮਕੀਆਂ ਨੇ ਜਦ ਅਹਿੱਲ ਸਤਿਗੁਰੂ ਤੇ ਅਸਰ ਨਾ ਕੀਤਾ ਤਾਂ ਉਨ੍ਹਾਂ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ।

ਲਿਖਦਿਆਂ ਦਿਲ ਧੜਕਦਾ, ਹੱਥ ਕੰਬਦੇ ਤੇ ਕਲਮ ਥਿੜਕਦੀ ਹੈ, ਪਰ ਜਿਨ੍ਹਾਂ ਕਸ਼ਟਾਂ ਨੂੰ ਭਾਣੇ ਮੰਨਣ ਦੇ ਮਾਲਕ ਨੇ ਮਿੱਠਾ ਕਰ ਭੋਗਿਆ ਉਸ ਦੀ ਕਹਿਣੀ ਕਰਣੀ ਦੀ ਸੂਰਮਗਤੀ ਨੂੰ ਜਗਤ ਉਧਾਰ ਲਈ ਦੱਸਣਾ ਬੀ ਬਣਦਾ ਹੈ।

ਜਾਪਦਾ ਹੈ ਕਿ ਪਹਿਲੋਂ ਬਾਹਰ ਜੇਠ ਹਾੜ ਦੀ ਤਪੀ ਰੇਤ ਵਿਚ ਧੁੱਪੇ ਬਿਠਾਉਣ ਦਾ ਕਸ਼ਟ ਦਿਤਾ ਗਿਆ। ਜਦ ਆਪ ਜੀ ਨੇ ਦੁਖ ਸਹਾਰਿਆ ਤੇ 'ਸਤਿ' ਦਾ ਪੱਲੂ ਨਾ ਛਡਿਆ ਤਾਂ ਦੂਜਾ ਕਸ਼ਟ ਇਹ ਦਿਤਾ ਗਿਆ ਕਿ ਗਰਮ ਪਾਣੀ ਦੀ ਦੇਗ ਵਿਚ ਬਿਠਾਯਾ ਤੇ ਉਸ ਪਾਣੀ ਨੂੰ ਅਸਹਿ ਹਾਲਤ ਤਕ ਗਰਮ ਕੀਤਾ, ਪਰ ਗੁਰੂ ਜੀ ਨੇ ਇਹ ਕਰੜਾ ਕਸ਼ਟ ਬੀ ਸਹਾਰਿਆ ਕਿੰਤੂ ਆਪ ਨੇ ਸਤਿਯ ਤੋਂ ਹਿਲਣਾ ਪਰਵਾਨ ਨਾ ਕੀਤਾ।

ਫੇਰ ਗਰਮ ਦੇਗ ਵਿਚੋਂ ਕਢਵਾ ਕੇ ਬਾਹਰ ਬਿਠਾਇਆ ਤੇ ਕਿਹਾ ਕਿ ਜੇ ਨਹੀਂ ਮੰਨੋਗੇ ਤਾਂ ਹੋਰ ਕਸ਼ਟ ਦਿਤਾ ਜਾਏਗਾ। ਸਰੀਰ ਦੀ ਹਾਲਤ ਖਿਆਲ ਹੀ ਕਰ ਸਕਦੇ ਹੋ ਕਿ ਕਿਤਨੀ ਦਰਦਨਾਕ ਹੋ ਗਈ ਹੋਵੇਗੀ।

ਗੁ:ਪ੍ਰ:ਸੂ; ਗ੍ਰੰਥ ਵਿਚ ਲਿਖਿਆ ਹੈ ਕਿ ਚੰਦੂ ਦੀ ਨੂੰਹ ਇਕ ਸਿੱਖ ਲੜਕੀ ਸੀ। ਆਪਣੀ ਹਵੇਲੀ ਵਿਚ ਆਪਣੇ ਸਹੁਰੇ ਦੇ ਹੱਥੋਂ ਮਿਲਦੀ ਸਤਿਗੁਰੂ ਦੀ ਕਸ਼ਟਣੀ ਸੁਣ ਕੇ ਅਤਿ ਵਿਆਕੁਲ ਹੋਈ। ਅੱਧੀ ਰਾਤ ਕੁਛ ਭੋਜਨ ਤੇ ਸ਼ਰਬਤ ਲੈ ਕੇ ਆਈ, ਪਹਿਰੇਦਾਰਾਂ

ਨੂੰ ਕੁਛ ਮਾਯਾ ਦੇ ਕੇ ਗੁਰੂ ਚਰਨਾਂ ਤੇ ਆ ਡਿੱਗੀ-ਸ਼ਰਬਤ ਪਾਣੀ ਅੱਗੇ ਧਰਿਆ ਤੇ ਪ੍ਰੇਮ ਵਿਚ ਰੋ ਰੋ ਕੇ ਬਿਨੈ ਕੀਤੀ ਕਿ ਮੈਂ ਬੇਵਸ ਆਪ ਦੇ ਕਸ਼ਟ ਦੇਖ ਰਹੀ ਹਾਂ, ਕੋਈ ਸੇਵਾ ਨਾ ਕਰ ਸਕੀ, ਮਰ ਕਿਉਂ ਨਾ ਗਈ ਦੁਖ ਦੇਖਣੋ ਪਹਿਲੇ। ਸਤਿਗੁਰਾਂ ਨੇ ਉਸਨੂੰ ਅਸੀਸ ਦਿਤੀ ਪਰ ਉਸ ਦਾ ਆਂਦਾ ਜਲ ਭੋਜਨ ਅੰਗੀਕਾਰ ਨਾ ਕੀਤਾ।

ਅਗਲੇ ਦਿਨ ਰੇਤ ਮੰਗਵਾ ਕੇ ਗਰਮ ਕੀਤੀ ਗਈ ਤੇ ਹੁਕਮ ਦਿਤਾ ਗਿਆ ਕਿ ਉਸ ਉਤੇ ਬਿਠਾਓ। ਆਪ ਜੀ ਉਸੇ ਤਰ੍ਹਾਂ ਮਨ ਦੀ ਅਡੋਲ ਅਵਸਥਾ ਵਿਚ ਗਹਿਰ ਗੰਭੀਰ ਤੁਰ ਕੇ ਗਰਮ ਰੇਤੇ ਤੇ ਆ ਬੈਠੇ। ਇਸ ਤਰ੍ਹਾਂ ਬਿਨ ਤੜਫੜਾਟ ਬੈਠੇ ਜਿਵੇਂ ਨਿਜ ਆਸਨ ਤੇ ਯੋਗੀ। ਫੇਰ ਗਰਮ ਰੇਤ ਦੇ ਕੜਛੇ ਭਰ ਭਰ ਕੇ ਉਪਰ ਪਾਏ ਗਏ, ਕਵੀ ਜੀ ਲਿਖਦੇ ਹਨ –

*ਬੈਠੇ ਰਹੇ ਅਬੋਲ ਅਡੋਲ।*
*ਸਤਿਗੁਰ ਮਹਿਮਾ ਮਹਾਂ ਅਤੋਲ।*
*ਅਜਰ ਜਰਨ ਕੀ ਔਧ ਜਨਾਈ।*
*ਇਤੇ ਕਸ਼ਟ ਤੇ ਨਹੀਂ ਦਿਖਾਈ।*
*ਇੰਦ੍ਰ ਆਦਿ ਜੇਤਿਕ ਸੁਰ ਸਾਰੇ।*
*ਚਕ੍ਰਿਤ ਚਿਤ ਗੁਰ ਚਲਿਤ ਨਿਹਾਰੇ।* *(ਰਾਸ ੪. ਅੰਸੁ ੩੫)*

ਫੇਰ ਉਥੋਂ ਉਠ ਕੇ ਬਾਹਰ ਲਿਆ ਬਿਠਾਏ। ਅੱਜ ਬਦਲਣ ਤੇ ਫਲੂਹੇ ਪੈ ਗਏ ਸਨ ਪਰ ਆਪ ਦੇ ਮੁਖੋਂ 'ਸੀ' 'ਹਾਇ' ਨਹੀਂ ਨਿਕਲੀ। ਅਗਲੇ ਦਿਨ ਲੋਹ ਤੱਤੀ ਕੀਤੀ ਗਈ, ਇਸ ਪਰ ਬੈਠਣੇ ਦਾ ਹੁਕਮ ਹੋਇਆ, ਆਪ ਜੀ-ਤਪਤ ਲੋਹ ਪਰ ਥਿਰੇ ਅਡੋਲ ਪਰ ਅੱਜ 'ਪਰੇ ਫਲੂਹੇ ਸਗਰੀ ਦੇਹੀ।' ਇਸ ਪ੍ਰਕਾਰ ਆਪ ਜੀ ਦੀ ਪਵਿਤ੍ਰ ਤੇ ਅਤਿ ਅਮੋਲ ਦੇਹੀ ਨੂੰ ਕਸ਼ਟ ਦਰ ਕਸ਼ਟ ਮਿਲਦੇ ਰਹੇ, ਲਗਭੱਗ ਪੰਜ ਦਿਨ ਲੰਘ ਗਏ।

*ਪੰਜ ਦਿਵਸ ਬੀਤੇ ਇਸ ਭਾਂਤੀ। ਦਈ ਸਜ਼ਾਇ ਅਗਨਿ ਸਮ ਤਾਤੀ।*

ਹੁਣ ਗੁਰੂ ਜੀ ਨੇ ਆਪਣੇ ਕਸ਼ਟ ਦਾਤਿਆਂ ਤੋਂ ਰਾਵੀ ਵਿਚ ਇਸ਼ਨਾਨ ਦੀ ਖੁੱਲ੍ਹ ਮੰਗੀ। ਇਹ ਖੁੱਲ੍ਹ ਉਨ੍ਹਾਂ ਨੇ ਦੇ ਦਿਤੀ ਕਿ ਨਹਾ ਕੇ ਕੁਛ ਠੰਢੇ ਹੋ ਕੇ ਸ਼ਾਯਦ ਮੰਨ ਜਾਣ ਤੇ ਕੁਛ ਪਏ ਘਾਉ ਹੋਰ ਦਰਦ ਕਰਨਗੇ ਤਾਂ ਆਪੇ ਸਜ਼ਾ ਇਕ ਹੋਰ ਹੋ ਗਈ, ਉਸ ਦਰਦ ਹੇਠਾਂ ਝੁਕ ਜਾਣਗੇ। ਸੋ ਆਪ ਜੀ ਚੰਦੂ ਦੇ ਘਰੋਂ ਰਾਵੀ ਦੇ ਛੋਟੇ ਵਾਹੇ ਤੇ ਆਏ ਜੋ ਤਦੋਂ ਕਿਲ੍ਹੇ ਦੇ ਪਾਸ ਵਾਰ ਵਹਿੰਦਾ ਸੀ ਤੇ ਹੁਣ ਬੀ ਕੁਛ ਦੂਰ ਵਹਿੰਦਾ ਹੈ।

ਆਪ ਦੇ ਨਾਲ ਪੰਜ ਸਿੱਖਾਂ ਨੂੰ, ਜੋ ਕੈਦ ਸਨ, ਆਉਣ ਦੀ ਆਗਿਆ ਮਿਲ ਗਈ ਸੀ। ਦਸ ਸਿਪਾਹੀ ਪਹਿਰੇਦਾਰਾਂ ਨਾਲ ਆਏ ਸਨ। ਇਥੋਂ ਆਪ ਨਦੀ ਕਿਨਾਰੇ ਉਥੇ ਆਏ ਜਿਥੇ ਕਿ ਹੁਣ ਡੇਹਰਾ ਸਾਹਿਬ ਗੁਰਦੁਆਰਾ ਹੈ। ਇਹ ਪੰਧ ਆਪ ਨੇ ਬਹੁਤ ਹੀ ਹਉਲੇ ਟੁਰ ਕੇ ਫਲੂਹਿਆਂ ਨਾਲ ਭਰੇ ਸਰੀਰ ਨੂੰ ਚੁੱਕੀ ਮਸਾਂ ਮੁਕਾਇਆ। ਪਿਰਾਣਾ ਸੇਵਕ, ਜੋ ਪੰਜਾਂ ਵਿਚੋਂ ਸੀ, ਤੁਰਨ ਵਿਚ ਆਸਰਾ ਦੇਂਦਾ ਗਿਆ। ਪਰ ਕਵੀ ਸੰਤੋਖ ਸਿੰਘ ਜੀ ਦਸਦੇ ਹਨ – ਕਸ਼ਟ ਹੁਣ ਅਸਹਿ ਸੀ, ਸਿਵਾ ਆਪ ਜੈਸੇ ਸਾਈਆਂ ਵਿਚ ਜੁੜੇ ਜੋਗੀ ਬਿਨ ਕੋਈ ਨਹੀਂ ਝੱਲ ਸਕਦਾ।

*ਚਿਤ ਕੀ ਬ੍ਰਿੱਤਿ ਏਕ ਰਸ ਤੈਸੇ।*
*ਨਿਜਾਨੰਦ ਮਹਿਂ ਪੂਰਬ ਜੈਸੇ।*
*ਤਨ ਪੀਰਾ ਤੇ ਡਿੱਗੀ ਨ ਸੋਈ।*
*ਮੇਰੇ ਹਿਲਾਇ ਨ ਜਿਮ ਨਰ ਕੋਈ।*
*ਸਨੈ ਸਨੈ ਰਾਵੀ ਕੇ ਤੀਰ।*
*ਪਹੁੰਚ ਛੁਯੋ ਨੀਰ ਬਡ ਸੀਰ।*
*ਕਰ ਪੰਕਜ ਤੇ ਮੁਖ ਅਰਬਿੰਦ।*
*ਕਰਯੋ ਪਖਾਰਨਿ ਧੀਰ ਮੁਕੰਦ।*
*ਬ੍ਰਿੰਦ ਚੁਰੇ ਕਰਿ ਮੁਖ ਸਿਤਲਾਯੋ।*
*ਮਹਾਂ ਉਸਨਤਾ ਜੋ ਤਪਤਾਯੋ।*
*ਗਹਿ ਪਦ ਪਦਮ ਲਙ੍ਹਾਹ ਪਖਾਰੇ।*
*ਪ੍ਰਵਿਸ਼ੇ ਜਲ ਮਹਿਂ ਮੱਜਨ ਧਾਰੇ।*
*ਵਹਿਰ ਨਿਕਸਿ ਪਟ ਸ਼ੁਸ਼ਕ ਲਿਯੋ ਹੈ।*
*ਦੇਹ ਅਛਾਦਨਿ ਪੁਨਹ ਕਿਯੋ ਹੈ।*
*ਜਪੁਜੀ ਪਾਠ ਕਰਤਿ ਉਰ ਪ੍ਰੇਮਾ।*
*ਜੋ ਸਿੱਖਨਿ ਕੀ ਠਾਨਤਿ ਛੇਮਾ।*
*ਪੁਨ ਪੰਚਹੁੰ ਸਿਖ ਕੀਨਿ ਸ਼ਨਾਨੇ।*
*ਗੁਰ ਬਾਨੀ ਕੋ ਪਾਠ ਬਖਾਨੇ।*
*ਖਰੇ ਭਏ ਸਤਿਗੁਰੂ ਪਰਵਾਰ।*
*ਜਪੁਜੀ ਪਾਠ ਸੁਨਯੋ ਨਿਰਧਾਰ।*
*ਭੋਗ ਪਾਇ ਕਰਿ ਸੀਸ ਨਿਵਾਯੋ।*
*ਪੁਨ ਸਿੱਖਨਿ ਸਨਿ ਬਾਕ ਅਲਾਯੋ।*
*ਅਬ ਹਮ ਚਹਿ ਪਰਲੋਕ ਪਿਆਨਾ।*
*ਚਿਤ ਜ਼ਿਮ ਚਹਤ ਸਕਲਹਮ ਠਾਨਾ।* *(ਰਾਸ ੪, ਅੰਸੂ ੩੭)*

ਇਥੇ ਕਵੀ ਜੀ ਫੇਰ ਲਿਖਦੇ ਹਨ –

*ਇਨ ਸਮ ਧੀਰਜ ਧਰਨੀ ਮਾਂਹਿ।*
*ਜਗ ਮਹਿਂ ਅਪਰ ਬਿਚਰੀਅਹਿ ਕਾਹਿ।*
*ਅਜਰ ਜਰਨਿ ਕੀ ਅਵਧਿ ਦਿਖਾਈ।*
*ਅਠਤਿ ਸ਼ਕਤਿ ਅਤਿ ਦੁਖ ਅਤਿ ਪਾਈ।*
*ਨਹਿਂ ਸੰਕਲਪ ਰਿਦੇ ਮਹਿਂ ਕੀਨਾ।*
*ਦੋਖੀ ਕਹੁ ਕਰਿਬੇ ਸੁਖ ਹੀਨਾ।*
*ਇਨ ਕੀ ਉਪਮਾ ਇਨਹੂੰ ਬਨੈ।*
*ਸਹੀ ਸਜਾਇ ਨ ਆਨੀ ਮਨੈ।* *(ਰਾਸ ੪, ਅੰਸੂ ੩੭)*

ਫੇਰ ਆਪ ਲੇਟ ਗਏ, ਚਾਦਰਾ ਇਕ ਉਪਰ ਲੈ ਕੇ ਮਾਨੋ ਸੁਖ ਆਸਨ ਹੋ ਗਏ ਤੇ ਆਪਣੀ ਪਵਿਤ੍ਰ ਆਤਮਾ ਲੈ ਕੇ ਆਪਣੀ ਅਸਹਿ ਸਹਣ ਵਾਲੀ ਪਾਵਨ ਦੇਹੀ ਨੂੰ ਛੋੜ ਕੇ ਅਕਾਲ ਪੁਰਖ ਦੀ ਚਰਣ ਸਰਣ ਪਹੁੰਚ ਗਏ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਆਪ ਉਥੇ ਪਹੁੰਚੇ –

*ਸਰਬ ਲੋਕ ਤੇ ਅਹੈ ਜੁ ਊਚੇ॥*

**ਅੰਤਮ ਸੰਸਕਾਰ** – ਕਵੀ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਾਸ ੪ ਅੰਸੀ ੩੮ ਵਿਚ ਪਾਵਨ ਸਰੀਰ ਦਾ ਅੰਤਮ ਸੰਸਕਾਰ ਜਲ ਪ੍ਰਵਾਹ ਜਣਾਉਂਦੇ ਹਨ, ਪਰ ਆਪ ਹੀ

ਅੱਗੇ ਚਲ ਕੇ ਅੱਸੂ ੧● ਰਾਸ ੫ ਵਿਚ ਸਰੀਰ ਦਾ ਸਸਕਾਰ ਹੋਇਆ ਲਿਖਦੇ ਹਨ, ਯਥਾ -

*ਚੰਦੂ ਦੁਸ਼ਟ ਕੇ ਘਰ ਤੇ ਆਏ।*
*ਇਹ ਤਟ ਐਰਾਵਤੀ ਨਹਾਏ।*
*ਜਪੁਜੀ ਪਾਠ ਕੀਨਿ ਇਕ ਮਨ ਤੇ।*
*ਪੌਢਿ ਪਧਾਰੇ ਨਿਕਸੇ ਤਨ ਤੇ।*
*ਸੁਨਿ ਸੁਨਿ ਲਵਪੁਰਿ ਕੀ ਬਡ ਸੰਗਤਿ।*
*ਆਨਿ ਕਰਯੋ ਉਤਸਵ ਕਰ ਪੰਗਤਿ।*
*ਸਬਦ ਕੀਰਤਨ ਫੂਲ ਬਿਸਾਲੇ।*
*ਕਰਿ ਸਸਕਾਰਿ ਭਲੀ ਬਿਧਿ ਨਾਲੇ।*

ਫੇਰ ਰਾਸ ੪ ਅੰ: ੬੪: ਦੇ ਅੰਕ ੩੯ ਵਿਚ ਬੀ ਲਿਖਯਾ ਹੈ-

*ਚੰਦਨ ਚਿਖਾ ਜਲਾਇ ਸਰੀਰ।*

ਇਸੀ ਤਰ੍ਹਾਂ ਸੂਰਜ ਪ੍ਰਕਾਸ਼ ਤੋਂ ਪੁਰਾਣਾ ਮਹਿਮਾ ਪ੍ਰਕਾਸ਼ ਛੰਦਾ ਬੰਦੀ ਹੈ, ਉਸ ਵਿਚ ਐਉਂ ਲਖਯਾ ਹੈ -

*ਮਿਲ ਸੰਗਤ ਬੇਬਾਨ ਬਨਾਇਆ।*
*ਅਖੰਡ ਭਜਨ ਸਤਿਗੁਰ ਗੁਨ ਗਾਇਆ।*
*ਇਸਨਾਨ ਕਰਾਇ ਨਿਰਮਲ ਤਨ ਦਿਆਲ।*
*ਪਹਿਰਾਏ ਬਸਤ੍ਰ ਪਾਵਨ ਤਿਹ ਕਾਲ।*
*ਐਰਾਵਤੀ ਨਦੀ ਪਰ ਲਿਆਏ।*
*ਚੰਦਨ ਚਿਤਾ ਪਰ ਆਨ ਰਖਾਏ।*
*ਪਾਵਨ ਦੇਹ ਕਰਾ ਸਿਸਕਾਰ।*
*ਤੀਨ ਲੋਕ ਭਇਆ ਜੈ ਜੈ ਕਾਰ।*

ਮਹਿਮਾ ਪ੍ਰਕਾਸ਼ ਵਾਰਤਕ ਜੋ ਉਸ ਤੋਂ ਬੀ ਪੁਰਾਣਾ ਗ੍ਰੰਥ ਹੈ ਐਉਂ ਲਿਖਦਾ ਹੈ -

**ਦੀਨ ਦਿਆਲ ਪਰਮ ਗੁਰੂ ਜਗਤ ਉਧਾਰਣਿ**
**ਅਪਨੀ ਇਛਾ ਸਿਉਂ**
**ਅਪਨੇ ਅਬਿਨਾਸੀ ਪਦ ਮੈ ਲੀਨ ਭਏ ਜੋਤੀ ਜੋਤਿ ਸਮਾਣੀ।**
**ਸਰਬਤ ਸੰਗਤ ਨੇ ਸੁੰਦਰ ਬਿਬਾਣ ਬਨਾਇ ਕਰ**
**ਪਰਮ ਪਵਿਤ੍ਰ ਸਰੀਰ ਕੋ ਲੈਕਰ ਸਸਕਾਰ ਕੀਆ**
**ਕੀਰਤਨ ਭਜਨ ਹੋਇਆ।**

ਇਸ ਕੁਰਬਾਨੀ ਦੇ ਕ੍ਰਿਸ਼ਮੇ - ਸੰਗੀਤ ਤੇ ਕਾਵਯ ਆਦਿ ਕੋਮਲ ਉਨਰਾਂ ਦੇ ਪਰਮ ਗਯਾਤਾ ਸ੍ਰੀ ਗੁਰੂ ਅਰਜਨ ਦੇਵ ਜੀ ਰਸਿਕ ਵੈਰਾਗੀ ਤੇ ਪਰਮ ਉੱਚ ਰਸੀਏ, ਫਿਲਸਫੇ ਤੇ ਦਾਰਸਨਿਕ ਵਿਦਯਾ ਦੇ ਸਿਰਮੌਰ, ਵਾਹਿਗੁਰੂ ਜੀ ਦੇ ਦਰੋਂ ਆਏ ਪੈਗੰਬਰ ਤੇ ਅਵਤਾਰ, ਹਾਂ ਹਾਂ ਨਿਰੇ ਅਵਤਾਰ ਨਹੀਂ ਪਰ ਗੁਰ ਅਵਤਾਰ, ਕਿਸ ਇਨਸਾਨੀ ਸੰਗ-ਦਿਲੀ ਦੀ ਕਸ਼ਟਣੀਆਂ ਵਾਲੀ ਪੀੜਾ ਨੂੰ ਕਿਸ ਅਡੋਲਤਾ ਨਾਲ ਸਹਾਰਦੇ ਰਹੇ? ਹਾਂ ਐਡੀ ਸੁਹਲ ਭਾਵਾਂ ਨਾਲ ਭਰੀ ਜ਼ਿੰਦਗੀ ਕਿਸ ਵਹਿਸ਼ੀਆਨਾ ਤਸੀਹਿਆਂ ਨਾਲ ਸਮਾਪਤ ਕੀਤੀ ਗਈ, ਵਾਚ ਕੇ ਹੋਸ਼ ਹੋਸ਼ ਵਿਚ ਨਹੀਂ ਰਹਿੰਦੀ। ਹੈਰਾਨੀ ਦੀ ਹੱਦ ਨਹੀਂ ਰਹਿੰਦੀ ਕਿ ਜਿਸ ਬੇਰਹਿਮੀ ਨਾਲ ਕੀਤੇ ਗਏ ਵਾਕਿਆ ਨੂੰ ਪੜਦਿਆਂ ਨੈਣ ਵਹਿੰਦੇ ਨਹੀਂ ਠੱਲੇ ਰਹਿੰਦੇ, ਜਿਨ੍ਹਾਂ ਨੂੰ ਓਹ ਕਹਿਰ ਰਵਾ ਰਖੇ, ਉਹ ਕੌਣ ਇਨਸਾਨ ਸਨ ਜਿਨ੍ਹਾਂ ਨੇ ਓਹ ਕਹਿਰ ਅਪਣੇ ਹਥੀਂ ਵਰਤਾਏ? ਇਨਸਾਨ ਦੀ ਨੀਵੀਂ ਖਲਸਤ ਦੇ ਅਤਿਅੰਤਤਾ ਦੇ ਦਰਸ਼ਨ ਹਨ, ਜੋ ਖਸਲਤ ਕਿ ਵਹਿਸ਼ੀ ਪਨੇ ਵਿਚ ਦਰਿੰਦਿਆਂ ਨੂੰ ਬੀ ਪਿੱਛੇ ਛੋੜ ਜਾਂਦੀ ਹੈ। ਦਰਿੰਦਾ ਜ਼ਾਲਮ ਪੇਟ ਖਾਤਰ ਨਿਰਦਯਤਾ ਕਰ ਬੈਠਦਾ ਹੈ, ਇਹੋ ਇਨਸਾਨ ਉਸਨੂੰ ਦੇਖ ਕੇ ਮਾੜਾ ਆਖਦਾ ਹੈ, ਪਰ ਆਪ ਇਨਸਾਨ ਆਪਣੇ ਖੋਟੇ ਭਾਵਾਂ ਹੇਠ ਉਨ੍ਹਾਂ ਤੋਂ ਵੱਧ ਵਹਿਸ਼ੀਪਨੇ ਕਰ ਗੁਜ਼ਰਦਾ ਹੈ, ਫੇਰ ਇਨਸਾਨ ਕਹਿਲਾਉਣ ਦਾ ਫਖਰ ਕਰਦਾ ਹੈ।

ਪਰ ਦੇਖੋ ਇਸੇ ਦਰਦਨਾਕ ਹੋਣੀ ਦੀ ਵਿਸਮਾਦ ਪੈਦਾ ਕਰ ਦੇਣ ਵਾਲੀ ਤੇ ਸਿਫਤ ਸਲਾਹ ਵਿਚ ਡੋਬ ਦੇਣ ਵਾਲੀ ਇਕ ਹੋਰ 'ਤਸਵੀਰ' ਉਹ ਹੈ ਇਹ ਕਿ ਇਤਨੀ ਬੜੀ ਕੋਮਲ ਹੁਨਰਾਂ ਤੇ ਸੁਹਲ ਭਾਵਾਂ ਦੀ ਮਾਲਕ ਵਿਅਕਤੀ ਕੀਕੂੰ ਸਹਿਨਸ਼ੀਲਤਾ ਨਾਲ, ਕਿਸ ਸਹਾਰੇ ਨਾਲ, ਕਿਸ ਅਡੋਲ ਅਹਿੱਲ ਧੈਰਯ ਨਾਲ ਵਹਿਸ਼ੀਆਨਾ ਜ਼ੁਲਮਾਂ ਤੇ ਅਸਹਿ ਕਸ਼ਟਾਂ ਨੂੰ ਸਹਾਰਦੀ ਹੈ। ਇਹ ਸੋਚ ਕੇ ਭਾਈ ਗੁਰਦਾਸ ਨਾਲ 'ਗੁਰ ਅਰਜਨ ਵਿਟਹੁ ਕੁਰਬਾਣੀ' ਦੀ ਸੱਦ ਆਮੁਹਾਰੀ ਕਲੇਜੇ ਤੋਂ ਗੂੰਜ ਉਠਦੀ ਹੈ।

ਤੀਸਰਾ ਦ੍ਰਿਸ਼ਯ ਇਸ ਅਸਹਿ ਕਸਟਣੀਆਂ ਦੀ ਸੱਚੀ ਦਾਸਤਾਨ ਤੋਂ ਉਹ ਸੁਮਤਿ ਉੱਭਰ ਖੜੋਂਦੀ ਹੈ ਜੋ ਪ੍ਰਜਾ ਦਾ ਰੰਗ ਪਲਟ ਜਾਂਦੀ ਹੈ। ਉਹ ਦਬੇਲ, ਕੌਮ, ਜੋ ਪਠਾਣਾਂ ਦੇ ਰਾਜ ਹੇਠ ਜ਼ੁਲਮ ਸਹਿ ਸਹਿ ਕੇ ਮਰਦਊ ਗੁਆ ਬੈਠੀ ਸੀ, ਜੋ ਬਾਬਰ ਦੀ ਕਤਲਾਮ ਤੋਂ ਸਹਿਮ ਖਾ ਕੇ ਇਨਸਾਨੀਅਤ ਤੋਂ ਨੀਵੀਂ ਹੋ ਗਈ ਸੀ, ਜਿਸਨੂੰ ਮਾੜਾ ਜੇਹਾ ਸਾਹ ਅਕਬਰ ਦੇ ਸਮੇਂ ਅਜੇ ਆਇਆ ਹੀ ਸੀ ਤੇ ਹੁਣ ਫੇਰ ਉਹੋ ਇਸਲਾਮੀ ਤਅੱਸਬ, ਜਿਸਨੇ ਹਿੰਦ ਨਪੀੜ ਘੱਤਿਆ ਸੀ, ਜਹਾਂਗੀਰ ਵਰਗੇ ਅਬਿਵਸਥਿਤ ਪਾਤਸ਼ਾਹ ਦੀ ਦਿਲ-ਪਟਾਰੀ ਵਿਚੋਂ ਫੁੰਕਾਰੇ ਮਾਰ ਉੱਠਿਆ। ਉਸ ਦੁਬੇਲ ਕੌਮ ਵਿਚ ਇਸ ਮਹਾਂਪੁਰਖ, ਮਹਾਂ ਗੁਰੂ ਤੇ ਮਹਾਨ ਕਲਾ ਕੌਸਲੀਏ ਦੀ ਕਸ਼ਟ ਝੱਲਣੀ ਤੇ ਜਿੰਦ ਵਾਰਨੀ ਨੇ ਨਵੀਂ ਜਿੰਦ ਫੂਕ ਦਿਤੀ। ਹਾਂ, ਉਸ ਵਿਚ ਅਹਿਸਾਸ ਆ ਗਿਆ ਕਿ ਬਦੇਸ਼ੋਂ ਆਈ ਮੁਗਲੀਆ ਹਕੂਮਤ ਦਾ ਟਾਕਰਾ ਅਸੀਂ ਕਰ ਸਕਦੇ ਹਾਂ। ਜਿਸ ਕ੍ਰੋੜਾਂ ਦੀ ਹਿੰਦ ਆਬਾਦੀ ਵਿਚੋਂ ਮਹਮੂਦ ਗਜ਼ਨਵੀ ਸੋਮਨਾਥ ਦਾ ਮੰਦਰ ਢਾਹ ਕੇ ਅਰਬਾਂ ਰੁਪੈ ਦੇ ਜਵਾਹਰਾਤ ਤੇ ਸੋਨਾ ਚਾਂਦੀ ਇਕ ਮੁੱਠੀ ਭਰ ਪਠਾਣਾਂ ਦੀ ਫੌਜ ਨਾਲ ਲੁੱਟ ਕੇ ਲੈ ਜਾਂਦਾ ਹੈ ਤੇ ਕ੍ਰੋੜਾਂ ਹਿੰਦ ਵਾਸੀ ਤੱਕਦੇ ਹੀ ਰਹਿ ਜਾਂਦੇ ਹਨ, ਹਾਂ ਉਸ ਦੁਬੇਲ ਤੇ ਹੀਣੀ ਹੋ ਚੁੱਕੀ ਪਰਜਾ ਵਿਚ ਇਹ ਦਿਲਕਾਹ ਸ਼ਹਾਦਤ ਇਹ ਦੀਦਾਰਾ ਦੇ ਜਾਂਦੀ ਹੈ ਕਿ ਅਸੀਂ ਏਸਨੂੰ ਭੰਨ ਕੇ ਸੁਤੰਤਰ ਹੋ ਸਕਦੇ ਹਾਂ। ਇਹ ਉਸ ਪਵਿੱਤਰ ਖੂਨ ਦੇ ਲਾਹੌਰ ਦੇ ਰੇਤ ਥਲਿਆਂ ਵਿਚ ਡਿੱਗੀਆਂ ਬੂੰਦਾਂ ਦਾ ਜਾਦੂ ਭਰਿਆ ਬੂਟਾ ਉੱਗ ਖੜੋਤਾ।

ਚੌਥੀ ਹੋਰ ਇਕ ਗੱਲ ਸਾਰੇ ਭਗਤ ਦੁੱਖਾਂ ਵੇਲੇ ਪ੍ਰਭੂ ਦੀ ਸਹਾਇਤਾ ਮੰਗਦੇ ਆਏ ਤੇ ਸਹਾਇਤਾ ਮਿਲਦੀ ਆਈ। ਵਾਚੋ ਪ੍ਰਹਿਲਾਦ ਦੇ ਬਚਾਉ, ਕਬੀਰ ਜੀ ਨੂੰ ਡੁੱਬਣ ਨਹੀਂ ਦੇਣਾ। ਨਾਮਦੇਵ ਜੀ ਦੀ ਗਾਂ ਜੀ ਉਠਣੀ, ਪਰ ਅੱਜ ਦੇਖੋ, ਅੱਜ ਏਸ ਸੁਹਲ

ਜਿੰਦੜੀ ਨੇ, ਇਸ ਮਲੂਕ ਜਾਨ ਨੇ, ਇਸ ਕਲਾ ਕੌਸਲੀਏ ਮੁਲਾਯਮ ਦੇਹ ਵਾਲੇ ਦਾਤੇ ਨੇ ਉਲਟਾ ਦਿਖਾਈ। ਕੀਹ ਸਬਕ ਦਿੱਤਾ ਕਿ ਜੋ ਕੁਛ ਆਵੇ ਸਹੋ, ਸਹਾਰੋ, ਭਾਣਾ ਸਮਝੋ ਤੇ ਭਾਣਾ ਮਿੱਠਾ ਕਰਕੇ ਮੰਨੋ। ਆਪਣੇ ਤੇ ਕਸ਼ਟ ਝੱਲ ਕੇ ਸਰਬ ਸਾਧਾਰਣ ਨੂੰ ਮੱਤ ਦਿਤੀ ਕਿ ਜ਼ਾਲਮ ਦਾ ਜ਼ੁਲਮ ਸਹਾਰੋ ਪਰ ਅਸੂਲ ਨਾ ਛੋੜੋ, ਸਤਯ ਹੱਥੋਂ ਨਾ ਦਿਓ। ਗਊ ਜਿਵਾ ਕੇ, ਨਾ ਡੁੱਬ ਕੇ ਜ਼ਾਲਮ ਜ਼ੁਲਮੋਂ ਨਾ ਟਲਿਆ ਪਰ ਹੁਣ ਦੂਜਾ ਪੱਖ ਲਓ। ਝੱਲੋ ਤੇ ਝੱਲ ਕੇ ਨਿਜ ਤਾਣ ਵਧਾਓ ਤੇ ਜ਼ਾਲਮ ਨੂੰ ਜ਼ੁਲਮ ਕਰਨੋਂ ਅਪਾਹਜ ਕਰ ਦਿਓ। ਇਹ ਦੇਸ਼ ਨੂੰ ਜ਼ਾਲਮਾਂ ਤੋਂ ਆਜ਼ਾਦ ਕਰਾਉਣ ਲਈ ਮੱਤ ਸਿਖਾਈ। ਜਾਣਦੇ ਸਨ ਕਿ ਜਾਨ ਪਿਆਰੀ ਕਰਨੀ ਤੇ ਸੱਚ ਨੂੰ ਛੱਡਣਾ ਸੌਖਾ ਕੰਮ ਹੈ, ਪਰ ਜਾਨ ਪਿਆਰੀ ਕਰਨੀ ਗੁਲਾਮੀ ਦਾ ਜੀਵਨ ਲੈਣਾ, ਜ਼ਿੱਲਤ ਦਾ ਜੀਵਨ ਹੈ, ਉਸ ਤੋਂ ਮਰਨਾ ਸ੍ਰੇਸ਼ਟ ਹੈ। ਹਰ ਕੋਈ ਪ੍ਰਹਿਲਾਦ ਨਹੀਂ ਹੋ ਸਕਦਾ, ਹਰ ਕੋਈ ਕਬੀਰ ਨਹੀਂ ਹੋ ਸਕਦਾ, ਹਰ ਕੋਈ ਵਿਚ ਉਹ ਜੀਵਨ ਕਿਵੇਂ ਆਵੇ ਕਿ ਉਹ ਜ਼ਿੱਲਤ ਦੇ ਜੀਵਨ ਨਾਲੋਂ ਇੱਜ਼ਤ ਦੀ ਮੌਤ ਨੂੰ ਉੱਚਾ ਸਮਝੇ। ਇਹ ਹੋਰ ਗੱਲ ਸੀ ਜੋ ਗੁਰੂ ਅਰਜਨ ਦੇਵ ਜੀ ਨੇ ਪਰਜਾ ਨੂੰ ਸਿਖਾਈ, ਉਪਦੇਸ਼ ਮਾਤ੍ਰ ਨਾਲ ਹੀ ਨਹੀਂ, ਦੁਖ ਪੀੜਾ ਕਸ਼ਟ ਆਪ ਸਹਿ ਸਹਿ ਕੇ ਸਿਖਾਈ। ਜੇ ਆਪ ਨਾ ਸਹਿੰਦੇ ਤਾਂ ਸਿੱਖ ਪੰਜ ਕਤਲਾਮਾਂ ਕੀਕੂੰ ਸਹਾਰਦੇ ਤੇ ਫੇਰ ਜੀਉਂਦੇ ਰਹਿੰਦੇ? ਏਹ ਹਨ ਨਜ਼ਾਰੇ, ਏਹ ਹਨ ਸਬਕ, ਏਹ ਹਨ ਅਮਲੀ ਤਾਲੀਮਾਂ ਜੋ ਇਸ ਅਦੁੱਤੀ ਸ਼ਹਾਦਤ ਨੇ ਬਖਸ਼ੀਆਂ।

## ਇਤਿਹਾਸਕ ਖੋਜ

ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਚੌਥੀ ਰਾਸ ਦੇ ਅੰਸੂ ੨੯ ਅੰਕ ੧੩ ਦੀ ਟੂਕ ਵਿਚ ਦੱਸ ਆਏ ਹਾਂ ਕਿ ਮਹਿਮਾ ਪ੍ਰਕਾਸ਼ ਨੇ ਕੇਵਲ ਸਤਿਗੁਰਾਂ ਵਲੋਂ ਸ਼ਾਹਜ਼ਾਦੇ ਖੁਸਰੋ ਨੂੰ ਰੋਟੀ ਪਾਣੀ ਦੇਣੀ ਲਿਖੀ ਹੈ, ਯਥਾ –

*ਸੋ ਬਡਾ ਦੁਖੀ ਤਾਂ ਪਰ ਭਈ ਆਫਤ।*
*ਦੇਖ ਦਿਆਲ ਗੁਰ ਕਰੀ ਜ਼ਿਆਫਤ।*
*ਤਾਕੋ ਖਾਨ ਪਾਨ ਸਭ ਦੀਆ।*
*ਨਿਜ ਕਰ ਗੁਜਰਾਨ ਕੂਚ ਤਿਨ ਕੀਆ।*

ਕਿਸੇ ਨੇ ਉਸੇ ਸਮੇਂ ਅੱਖੀਂ ਦੇਖੀ ਲਿਖੀ ਹੋਵੇ, ਐਸੀ ਕੋਈ ਲਿਖਤ ਅਜੇ ਨਹੀਂ ਮਿਲੀ, ਤੇ ਇਹ ਗੱਲ ਕਿ ਸੱਚਮੁੱਚ ਗੁਰੂ ਜੀ ਨੂੰ ਖੁਸਰੋ ਮਿਲਿਆ ਸੀ, ਨਿਸਚੇ ਸਿੱਧ ਕਿਸੇ ਨੇ ਨਹੀਂ ਕੀਤੀ, ਪਰੰਤੂ ਜੇ ਇਹ ਗੱਲ ਸੱਚ ਬੀ ਹੋਵੇ ਤਾਂ ਕੋਈ ਅਣੋਖੀ ਗੱਲ ਨਹੀਂ ਸਤਿਗੁਰਾਂ ਨੂੰ ਸਭ ਮਿਲਣ ਵਾਲੇ ਲੰਗਰੋਂ ਪ੍ਰਸ਼ਾਦਿ ਛਕਦੇ ਸੀ, ਅਕਬਰ ਪਾਤਸ਼ਾਹ ਨੇ ਵੀ ਸ੍ਰੀ ਗੁਰੂ ਅਮਰਦਾਸ ਜੀ ਪਾਸ ਆ ਕੇ ਸਤਿਗੁਰਾਂ ਦੇ ਗ੍ਰਹਿ ਦਾ ਓਗਰਾ ਛਕਿਆ ਸੀ। ਹਰੀਪੁਰ ਵਾਲੇ ਰਾਜੇ ਵੀ ਲੰਗਰ ਦਾ ਪ੍ਰਸਾਦਿ ਛਕਿਆ ਸੀ। ਜੋ ਜਿੱਥੇ ਕਿ ਅਟੁੱਟ ਲੰਗਰ ਦਾ ਅਸੂਲ ਵਰਤੋਂ ਵਿਚ ਸੀ ਤੇ ਬਿਨਾਂ ਲਿਹਾਜ਼ ਜ਼ਾਤ ਜਨਮ ਤੇ ਕੁਲ ਦੇ ਸਭ ਨੂੰ ਰੋਟੀ ਮਿਲਦੀ ਸੀ, ਉਥੇ ਜੇ ਸ਼ਾਹਜ਼ਾਦੇ ਨੇ ਰੋਟੀ ਮੰਗੀ ਤੇ ਸਤਿਗੁਰਾਂ ਨੇ ਦਿਤੀ ਤਾਂ ਆਪਣੇ ਅਸੂਲ ਤੋਂ ਉਨ੍ਹਾਂ ਨੇ ਠੀਕ ਕੀਤਾ ਹੈ। ਸਤਿਗੁਰਾਂ ਨੇ ਆਪਣੇ ਆਤਮਕ ਤੇ ਸਦਾਚਾਰਕ ਅਸੂਲਾਂ ਨੂੰ ਮੁਹਰੇ ਰੱਖਣਾ ਹੈ, ਤੇ ਕਿਸੇ ਭੈ ਤੋਂ ਡਰ ਕੇ ਅਸੂਲ ਨਹੀਂ ਤੋੜਨੇ; ਹਉਮੈ ਵਿਚ ਆਫਰੇ ਜਰਵਾਣੇ ਹਾਕਮਾਂ ਤੇ ਪਾਤਸ਼ਾਹ ਨੇ ਜੇ ਨਹੀਂ ਸਮਝਣਾ ਤਾਂ ਨਾ ਸਮਝਣ। ਕੁਛ ਬਰਸ ਹੋਏ 'ਹੋਮ ਲਾਇਬਰੇਰੀ ਕਲੱਬ' ਦੇ ਨਾਮ ਹੇਠ ਇਕ ਕਿਤਾਬ ਛਪੀ ਸੀ, "ਦੀ ਗਰੇਟ ਮੈੱਨ ਆਫ ਇੰਡੀਆ" ਇਸ ਵਿਚ ਜਹਾਂਗੀਰ ਉਤੇ ਇਕ ਲੇਖ ਸੀ ਜੋ ਐਚ, ਜੀ. ਗਲਿਨਸਨ ਸੀ.ਆਈ. ਵਲੋਂ ਲਿਖਿਆ ਗਿਆ ਛਪਿਆ ਸੀ, ਇਨ੍ਹਾਂ ਨੇ ਸ਼ਾਹਜ਼ਾਦਾ ਖੁਸਰੋ ਨੂੰ ਗੁਰੂ ਜੀ ਵਲੋਂ ਦਿਤੀ ਸਹਾਇਤਾ ਪਰ ਉਸ ਪੁਸਤਕ ਵਿਚ ਲਿਖਿਆ ਹੈ –

The Sikh Pontiff Arjun gave him a sum of money and his blessings not because he was a prince, but because he was needy and friendless.

ਅਰਥਾਤ – ਸਿਖ ਗੁਰੂ ਅਰਜਨ ਨੇ ਉਸ (ਖੁਸਰੋ) ਨੂੰ ਕੁਛ ਰਕਮ ਤੇ ਆਪਣੀ ਅਸ਼ੀਰਵਾਦ ਜੇ ਦਿਤੀ ਸੀ ਤਾਂ ਇਸ ਲਈ ਨਹੀਂ ਕਿ ਉਹ ਸ਼ਾਹਜ਼ਾਦਾ ਸੀ ਪਰ ਇਸ ਲਈ ਕਿ ਉਹ ਲੋੜਵੰਦ ਤੇ ਮਿਤ੍ਰ-ਹੀਨ ਸੀ।

ਇਸ ਲੇਖਕ ਦੇ ਲਫਜ਼ ਸਾਡੇ ਮਹਿਮਾ ਪ੍ਰਕਾਸ਼ ਦੇ ਲੇਖ ਨਾਲ ਹੀ ਮਿਲਦੇ ਜੁਲਦੇ ਹਨ ਕਿ ਇਸ ਕਰਕੇ ਮਦਦ ਨਹੀਂ ਸੀ ਦਿਤੀ ਕਿ ਉਹ ਸ਼ਾਹਜ਼ਾਦਾ ਸੀ ਪਰ ਇਸ ਕਰਕੇ ਕਿ ਲੋੜਵੰਦ ਸੀ ਤੇ ਮਿਤ੍ਰਹੀਨ ਸੀ ਤੇ ਉਸ ਉਤੇ ਇਕ ਆਫਤ ਆ ਪਈ ਸੀ।

ਜੇਕਰ ਦੂਸਰਾ ਪਹਿਲੂ ਲਿਆ ਜਾਵੇ ਤੇ ਇਹ ਸੋਚਿਆ ਜਾਏ ਕਿ ਗੁਰੂ ਜੀ ਨਾਲ ਖੁਸਰੋ ਦਾ ਕੋਈ ਪਹਿਲਾ ਮੇਲ ਜੋਲ ਸੀ। ਜਿਵੇਂ ਉਸਦਾ ਈਸਾਈਆਂ ਨਾਲ ਸੀ, ਜਿਨ੍ਹਾਂ ਦਾ ਉਹ ਬੜਾ ਸਤਿਕਾਰ ਕਰਦਾ ਸੀ, ਜੈਸਾ ਕਿ ਤਦੋਂ ਅੰਗ੍ਰੇਜ਼ ਸਫੀਰ ਸਰ ਥਾਮਸਰੋ ਲਿਖਦਾ ਹੈ, ਸੋ ਕਿਸੇ ਪਹਿਲੇ ਤਅੱਲਕ ਕਰਕੇ ਗੁਰੂ ਜੀ ਪਾਸ ਆਇਆ ਤੇ ਉਨ੍ਹਾਂ ਨੇ ਉਸ ਪਹਿਲੀ ਵਾਕਫੀ ਕਰਕੇ ਉਸਨੂੰ ਜਹਾਂਗੀਰ ਤੋਂ ਚੰਗਾ ਜਾਣ ਕੇ ਮਦਦ ਦਿਤੀ ਤਦ ਸਾਨੂੰ ਕੋਈ ਲਿਖਤ ਸਿੱਖਾਂ ਦੀ, ਮੁਸਲਮਾਨਾਂ ਦੀ ਕਿ ਈਸਾਈਆਂ ਦੀ ਨਹੀਂ ਮਿਲਦੀ ਕਿ ਕਦੇ ਪਹਿਲੋਂ ਉਹ ਗੁਰੂ ਜੀ ਨੂੰ ਮਿਲਿਆ ਹੋਵੇ ਯਾ ਆਗਰੇ ਕਿ ਦਿਲੀ ਦੇ ਸਿੱਖਾਂ ਨਾਲ ਕੋਈ ਉਸਦਾ ਮੇਲ ਜੋਲ ਹੋਇਆ ਹੋਵੇ। ਨਾ ਉਸਦੀ ਬਗਾਵਤ ਦੀ ਵਿਉਂਤ ਨਾਲ, ਜੋ ਆਗਰੇ ਦੇ ਕਿਲ੍ਹੇ ਵਿਚ ਜੰਮੀ, ਗੁਰੂ ਜੀ ਦਾ ਕੋਈ ਵਾਸਤਾ ਕਿਸੇ ਲੇਖਕ ਨੇ ਲਿਖਿਆ ਹੈ।

ਜੇਕਰ ਦਲੀਲ ਦੀ ਖਾਤਰ ਇਹ ਫਰਜ਼ ਕਰ ਬੀ ਲਓ ਕਿ ਭਾਵੇਂ ਵਾਕਫ਼ ਵਾਸਤਾ ਤਾਂ ਕੋਈ ਨਹੀਂ ਸੀ ਪਰ ਗੁਰੂ ਜੀ ਨੇ ਖੁਸਰੋ ਦੀ ਤਾਰੀਫ ਸੁਣੀ ਹੋਈ ਸੀ ਤੇ ਉਹ ਜਾਣਦੇ ਸਨ ਕਿ ਪਰਜਾ ਦੀ ਭਲਿਆਈ ਲਈ ਖੁਸਰੋ ਦਾ ਰਾਜ ਜਨਤਾ ਲਈ ਸੁਖਦਾਈ ਹੋਵੇਗਾ, ਇਸ ਪਰਸੁਆਰਥ ਦੇ ਨੁਕਤੇ ਤੋਂ ਉਸਨੂੰ ਘਰ ਆਏ ਨੂੰ ਕੁਛ ਮਦਦ ਦਿਤੀ ਹੋਵੇ ਤਾਂ ਬੀ ਇਹੋ ਮੰਨਣਾ ਪਏਗਾ

*(ਬਾਕੀ ਪੰਨਾ 38 'ਤੇ)*

# ਰਤਵਾੜਾ ਸਾਹਿਬ ਵਿਚ ਚੱਲ ਰਹੇ ਵਿਦਿਅਕ ਕੇਂਦਰਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ



ਸੰਤ ਮਾਤਾ ਜੀ ਰਤਵਾੜਾ ਸਾਹਿਬ



ਸੰਤ ਮਹਾਰਾਜ ਰਤਵਾੜਾ ਸਾਹਿਬ

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਵਿਚ ਇਸ ਸਮੇਂ ਕੁੱਲ 2100 ਵਿਦਿਆਰਥੀ ਵਿਦਿਆ ਪ੍ਰਾਪਤ ਕਰ ਰਹੇ ਹਨ। ਦਸਵੀਂ ਜਮਾਤ ਵਿਚ 118 ਅਤੇ 12ਵੀਂ ਦੇ ਇਮਤਿਹਾਨਾਂ ਵਿਚ 54 ਵਿਦਿਆਰਥੀ ਮਾਰਚ 2014 ਦੀ, ਸੈਕੰਡਰੀ ਬੋਰਡ ਦੀ ਪ੍ਰੀਖਿਆ ਵਿਚ ਸ਼ਾਮਲ ਹੋਏ।



ਪਿਛਲੇ ਸਾਲ 2013 ਦੀ ਪ੍ਰੀਖਿਆ ਵਿਚ 54 ਪ੍ਰਥਮ ਭਾਗ ਵਿਚ 41 ਦੂਜੀ ਸ਼੍ਰੇਣੀ ਵਿਚ 8 ਅਤੇ ਤੀਜੀ ਸ਼੍ਰੇਣੀ ਵਿਚ 2

ਸਮੁੱਚਾ ਨਤੀਜਾ 94% ਰਿਹਾ।

## ਵਿਦਿਅਕ ਅਦਾਰਿਆਂ ਦੀਆਂ ਗਤੀਵੀਧੀਆਂ

ਰਤਵਾੜਾ ਸਾਹਿਬ ਵਿਖੇ ਚੱਲ ਰਹੇ ਵਿਦਿਅਕ ਅਦਾਰਿਆਂ ਨੇ ਸੈਸ਼ਨ 2013-14 ਵਿਚ ਅਨੇਕ ਗਤੀਵਿਧੀਆਂ ਵਿਚ ਭਾਗ ਲਿਆ ਅਤੇ ਅੰਤਰ-ਸਕੂਲ ਮੁਕਾਬਲਿਆਂ ਵਿਚ ਸ਼ੋਭਾ ਹਾਸਲ ਕੀਤੀ ਤੇ ਇਨਾਮ ਪ੍ਰਾਪਤ ਕੀਤੇ। ਗੁਰਦੁਆਰਾ ਸਾਹਿਬ ਸੈ: 22 ਚੰਡੀਗੜ੍ਹ ਵਿਚ ਆਯੋਜਿਤ ਅੰਤਰ ਸਕੂਲ – ਕੀਰਤਨ, ਕਵਿਤਾ, ਲੈਕਚਰ, ਗੁਰਬਾਣੀ ਕੰਠ ਅਤੇ ਸੁੰਦਰ ਦਸਤਾਰ ਸਜਾਉਣ ਮੁਕਾਬਲਿਆਂ ਵਿਚ 50 ਬੱਚਿਆਂ ਨੇ ਭਾਗ ਲਿਆ ਅਤੇ ਸਭ ਪਹਿਲੇ, ਦੂਜੇ ਅਤੇ ਤੀਜੇ ਦਰਜੇ ਦੇ ਇਨਾਮ ਪ੍ਰਾਪਤ ਕੀਤੇ।



ਸਾਲ 2013 ਸੰਤ ਵਰਿਆਮ ਸਿੰਘ ਜੀ ਦੇ ਜਨਮ–ਦਿਵਸ ਅਤੇ ਮਾਤਾ ਰਣਜੀਤ ਕੌਰ ਦੇ ਜਨਮ ਦਿਵਸ ਤੇ ਸਜਾਏ ਗਏ ਦੀਵਾਨਾਂ ਵਿਚ ਬੱਚਿਆਂ ਨੇ ਸ਼ਬਦ ਕੀਰਤਨ, ਕਵਿਤਾਵਾਂ, ਲੈਕਚਰ ਅਤੇ ਵਾਰਾਂ ਗਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਕਰਵਾਏ ਗਏ ਗੁਰਬਾਣੀ ਕੰਠ, ਕਵਿਤਾ, ਲੈਕਚਰ ਅਤੇ ਸ਼ਬਦ ਕੀਰਤਨ ਮੁਕਾਬਲਿਆਂ ਵਿਚ ਭਾਗ ਲੈਂਦੇ ਵਿਦਿਆਰਥੀਆਂ ਨੇ ਪਹਿਲੇ, ਦੂਜੇ ਅਤੇ ਤੀਜੇ ਦਰਜੇ ਵਿਚ ਅਨੇਕ ਇਨਾਮ ਹਾਸਲ ਕੀਤੇ।









## ਸ਼ੈਸਨ 2013-14 ਦੀਆਂ ਵੱਖ-ਵੱਖ Extra mural ਖੇਤਰਾਂ ਵਿਚ ਪ੍ਰਾਪਤੀਆਂ -

ਗੁਰਦੁਆਰਾ ਸਾਹਿਬ ਸੈਕਟਰ 22-ਬੀ ਚੰਡੀਗੜ੍ਹ ਵਿਚ ਕੀਰਤਨ, ਕਵਿਤਾ, ਲੈਕਚਰ, ਗੁਰਬਾਣੀ ਕੰਠ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ ਜਿਸ ਵਿਚ ਸਕੂਲ ਦੇ 50 ਬੱਚਿਆਂ ਨੇ ਹਿੱਸਾ ਲਿਆ। ਜਿਸ ਵਿਚ ਵਿਦਿਆਰਥੀਆਂ ਨੇ ਭਾਸ਼ਣ ਮੁਕਾਬਲੇ ਵਿਚ ਪਹਿਲਾ, ਗੁਰਬਾਣੀ ਕੰਠ ਵਿਚ ਦੂਜਾ ਅਤੇ ਜਮਾਤ ਪਹਿਲੀ ਦੇ ਵਿਦਿਆਰਥੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਵਿਤਾ ਮੁਕਾਬਲੇ ਵਿਚ ਮਨਦੀਪ ਕੌਰ ਜਮਾਤ ਛੇਵੀਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਦਸਤਾਰ ਮੁਕਾਬਲੇ ਵਿਚ ਜੋਗਾ ਸਿੰਘ ਜਮਾਤ ਬਾਰ੍ਹਵੀਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।



ਪਿੰਡ ਸੁੱਕ ਵਿਖੇ ਸੰਤ ਬਾਬਾ ਲਖਬੀਰ ਸਿੰਘ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।

ਟਰੱਸਟ ਦੇ ਬਾਨੀ ਸੰਤ ਵਰਿਆਮ ਸਿੰਘ ਜੀ ਮਹਾਰਾਜ ਦੇ ਜਨਮ ਦਿਹਾੜੇ ਤੇ 17 ਜੂਨ 2013 ਨੂੰ, ਜੋ ਸਮਾਗਮ ਹੋਇਆ, ਉਸ ਵਿਚ ਬੱਚਿਆਂ ਨੇ ਸ਼ਬਦ ਕੀਰਤਨ, ਕਵਿਤਾਵਾਂ, ਲੈਕਚਰ ਅਤੇ ਵਾਰਾਂ ਗਾ ਕੇ ਸਮਾਗਮ ਵਿਚ ਆਪਣੀ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਪਹਿਲੀ ਜਮਾਤ ਦੇ ਦੋ ਵਿਦਿਆਰਥੀਆਂ ਗੁਰਕੀਰਤ ਸਿੰਘ ਅਤੇ ਜਸ਼ਨਦੀਪ ਸਿੰਘ ਨੇ ਪਾਠ ਸੁਣਾਇਆ, ਜਿਸ ਤੋਂ ਖੁਸ਼ ਹੋ ਕੇ ਟਰੱਸਟ ਦੇ ਚੇਅਰਮੈਨ ਬਾਬਾ ਲਖਬੀਰ ਸਿੰਘ ਜੀ ਨੇ ਇਨਾਮ ਦਿਤਾ ਅਤੇ ਪੂਰੇ ਸਾਲ ਦੀ ਫੀਸ ਮੁਆਫ ਕਰ ਦਿਤੀ।



ਜੁਲਾਈ 2013 ਵਿਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਸੈਕਟਰ 34 ਚੰਡੀਗੜ੍ਹ ਵਿਖੇ ਗੁਰਬਾਣੀ ਕੰਠ, ਕਵਿਤਾ, ਲੈਕਚਰ, ਸ਼ਬਦ ਕੀਰਤਨ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿਚ ਸਕੂਲ ਦੇ ਬੱਚਿਆਂ ਨੇ ਭਾਗ ਲਿਆ ਅਤੇ ਇਨਾਮ ਪ੍ਰਾਪਤ ਕੀਤੇ। ਗੁਰਬਾਣੀ ਕੰਠ ਵਿਚ ਗੁਰਕੀਰਤ ਸਿੰਘ ਪਹਿਲੀ ਜਮਾਤ ਨੇ ਪਹਿਲਾਂ ਸਥਾਨ ਪ੍ਰਾਪਤ ਕੀਤਾ। ਸ਼ਬਦ ਗਾਇਨ ਵਿਚ ਜਮਾਤ ਅੱਠਵੀਂ ਦੇ ਗਰੁੱਪ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਵਿਤਾ ਮੁਕਾਬਲੇ ਵਿਚ ਸੁਖਦੀਪ ਸਿੰਘ ਜਮਾਤ ਛੇਵੀਂ ਨੇ ਦੂਜਾ ਸਥਾਨ, ਹਰਮਨਦੀਪ ਸਿੰਘ ਜਮਾਤ ਸੱਤਵੀਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।



ਪਿੰਡ ਸੈਣੀ ਮਾਜਰਾ ਵਿਖੇ ਸੰਤ ਬਾਬਾ ਲਖਬੀਰ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ।

8 ਅਗਸਤ 2013 ਨੂੰ ਸੰਤ ਮਾਤਾ ਰਣਜੀਤ ਕੌਰ ਜੀ ਜਨਮ ਦਿਹਾੜੇ ਤੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਗੁਰਮਤਿ ਸਮਾਗਮ ਹੋਇਆ ਜਿਸ ਵਿਚ ਬੱਚਿਆਂ ਨੇ ਸ਼ਬਦ ਗਾਇਨ, ਕਵਿਤਾਵਾਂ ਅਤੇ ਢਾਡੀ ਵਾਰਾਂ ਗਾ ਕੇ ਸ਼ਮੂਲੀਅਤ ਕੀਤੀ।

ਅਕਤੂਬਰ 2013 ਵਿਚ ਸੰਤ ਬਾਬਾ ਵਰਿਆਮ ਸਿੰਘ ਜੀ ਦੇ ਸਾਲਾਨਾ ਬਰਸੀ ਸਮਾਗਮ 28







ਪਿੰਡ ਹਾਜੀਪੁਰ ਨੇੜੇ ਨੰਗਲ ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।

ਅਕਤੂਬਰ ਤੋਂ 31 ਅਕਤੂਬਰ ਤੱਕ ਮਨਾਏ ਗਏ। ਜਿਸ ਦੌਰਾਨ 27 ਅਕਤੂਬਰ ਨੂੰ ਸਕੂਲ ਦੇ ਬੱਚਿਆਂ ਨੇ ਸਿੱਖ ਇਤਿਹਾਸ ਸੰਬੰਧਿਤ ਗਾਥਾਵਾਂ, ਕਵਿਤਾਵਾਂ ਪੇਸ਼ ਕੀਤੀਆਂ। ਮਹਾਂਪੁਰਸ਼ਾਂ ਦੇ ਜੀਵਨ ਸੰਬੰਧਿਤ ਕਵਿਤਾਵਾਂ ਅਤੇ ਲੈਕਚਰ, ਸੰਤ ਮਹਿਮਾ ਸੰਬੰਧੀ ਸ਼ਬਦ ਗਾਇਨ ਕੀਤਾ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਤੌਰ ਤੇ ਅਪੇਰਾ ਪੇਸ਼ ਕੀਤਾ। ਸਕੂਲ ਦੇ ਬੱਚਿਆਂ ਨੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਪ੍ਰੋਗਰਾਮ ਪੇਸ਼ ਕੀਤਾ। ਦਸਤਾਰ ਮੁਕਾਬਲੇ ਵਿਚ ਸਕੂਲ ਦੇ ਲੜਕਿਆਂ ਨੇ ਹਿੱਸਾ ਲਿਆ, ਜਿਸ ਵਿਚ ਤਲਵਿੰਦਰ ਸਿੰਘ ਜਮਾਤ ਨੌਵੀਂ ਨੇ ਪਹਿਲਾ, ਪਰਮਿੰਦਰ ਸਿੰਘ ਜਮਾਤ ਨੌਵੀਂ ਨੇ ਦੂਜਾ ਅਤੇ ਪ੍ਰਭਜੋਤ ਸਿੰਘ ਜਮਾਤ ਨੌਵੀਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।



ਨਵੰਬਰ 2013 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ "ਕੌਣ ਬਣੇਗਾ ਕੌਮ ਦਾ ਲਾਡਲਾ" ਕੁਇਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਵਿਚ ਪੂਰੇ ਪੰਜਾਬ ਦੇ ਸਕੂਲਾਂ ਨੇ ਹਿੱਸਾ ਲਿਆ। ਉਥੋਂ ਰਤਵਾੜਾ ਸਾਹਿਬ ਦੇ ਸਕੂਲ ਦੇ ਬੱਚਿਆਂ ਨੇ ਵੀ ਹਿੱਸਾ ਲਿਆ ਅਤੇ ਤਿੰਨ ਰਾਊਂਡ ਪਾਸ ਕਰਕੇ ਫਾਈਨਲ ਵਿਚ ਚੁਣੇ ਗਏ।

<u>ਖੇਡ ਖੇਤਰ</u> – ਜਿਸ ਵਿਚ ਬੱਚਿਆਂ ਨੇ ਹੇਠ ਲਿਖੇ ਅਨੁਸਾਰ ਜਿੱਤਾਂ ਪ੍ਰਾਪਤ ਕੀਤੀਆਂ।

– ਖੋ-ਖੋ-ਚੈਂਸ

– ਅਗਸਤ ਮਹੀਨੇ ਮੋਹਾਲੀ ਜ਼ੋਨ ਦੀਆਂ ਖੇਡਾਂ ਮੁੰਨਾ ਲਾਲ ਪੁਰੀ ਮੁੱਲਾਂਪੁਰ (ਗਰੀਬਦਾਸ) ਸਕੂਲ ਵਿਚ ਹੋਈਆਂ। ਜਿਸ ਵਿਚ ਲੜਕਿਆਂ ਨੇ ਜਿੱਤਾਂ ਪ੍ਰਾਪਤ ਕੀਤੀਆਂ।

– ਅੰਡਰ – 14 – ਦੂਜਾ ਦਰਜਾ

– ਅੰਡਰ – 17 – ਦੂਜਾ ਦਰਜਾ

– ਅੰਡਰ – 19 – ਪਹਿਲਾਂ ਸਥਾਨ ਪ੍ਰਾਪਤ ਕੀਤਾ।

ਸਾਰੀਆਂ ਟੀਮਾਂ ਜ਼ਿਲ੍ਹਾ ਪੱਧਰ ਲਈ ਚੁਣੀਆਂ ਗਈਆਂ।




ਗਧਰਾਮ ਸਲਾਨਾ ਸਮਾਗਮ ਸਮੇਂ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।









ਪਿੰਡ ਪਤੌਲ ਵਿਖੇ ਸੰਤ ਬਾਬਾ ਲਖਬੀਰ ਸਿੰਘ ਜੀ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।



* ਇਸੇ ਤਰ੍ਹਾਂ ਸਕੂਲ ਦੀਆਂ ਲੜਕੀਆਂ ਨੇ ਵੀ ਜਿੱਤਾਂ ਪ੍ਰਾਪਤ ਕੀਤੀਆਂ –

ਅੰਡਰ – 14 – ਦੂਜਾ ਸਥਾਨ

ਅੰਡਰ – 17 – ਦੂਜਾ ਸਥਾਨ

ਸਾਰੀਆ ਟੀਮਾਂ ਜ਼ਿਲਾ ਪੱਧਰ ਲਈ ਚੁਣੀਆਂ ਗਈਆਂ।

ਬਾਸਕਟ ਬਾਲ –

ਲੜਕੀਆਂ – ਅੰਡਰ – 14 – ਪਹਿਲਾ ਸਥਾਨ

ਅੰਡਰ – 17 – ਪਹਿਲਾ ਸਥਾਨ

ਅੰਡਰ – 19 – ਪਹਿਲਾ ਸਥਾਨ

ਲੜਕੇ – ਅੰਡਰ – 17 – ਦੂਜਾ ਸਥਾਨ

ਅੰਡਰ – 19 – ਦੂਜਾ ਸਥਾਨ

ਸਾਰੀਆਂ ਟੀਮਾਂ ਜ਼ਿਲਾ ਪੱਧਰ ਲਈ ਚੁਣੀਆਂ ਗਈਆਂ।

ਹਾਕੀ – ਸਤੰਬਰ 2013

ਅੰਡਰ – 17 ਨੇ ਰਾਜ ਪੱਧਰੀ ਹਾਕੀ ਮੈਚਾਂ ਵਿਚ ਹਿੱਸਾ ਲਿਆ।

ਅੰਡਰ – 19 ਨੇ ਦੂਜਾ ਸਥਾਨ ਪ੍ਰਾਪਤ ਕੀਤਾ।



## – FINE ART

ਹਿੰਦੋਸਤਾਨ ਟਾਈਮਜ਼ ਅਖਬਾਰ ਵਲੋਂ 10 ਫਰਵਰੀ 2014 ਨੂੰ ਸਕਰੈਪ ਬੁੱਕ ਮੁਕਾਬਲਾ ਕਰਵਾਇਆ ਗਿਆ। ਜਿਸ ਵਿਚ ਬੱਚਿਆਂ ਨੇ ਹਿੱਸਾ ਲਿਆ ਅਤੇ ਇਨਾਮ ਪ੍ਰਾਪਤ ਕੀਤੇ।

ਨਗਰ ਬਹਿਰਾਮ ਵਿਖੇ ਸੰਤ ਬਾਬਾ ਲਖਬੀਰ ਸਿੰਘ ਜੀ ਸਾਲਾਨਾ ਸਮਾਗਮ ਸਮੇਂ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।







ਮੋਹਾਲੀ ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਆਪਣੀ
ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।

ਪਿੰਡ ਮਜਾਰਾ (ਭਲਾਣ) ਵਿਖੇ
ਸੰਤ ਬਾਬਾ ਹਰਪਾਲ ਸਿੰਘ ਜੀ ਆਪਣੇ
ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।











ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਅਮਰਕੋਟ (ਫਤਿਹਗੜ੍ਹ) ਵਿਖੇ
ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।



ਪਿੰਡ ਰਤਵਾੜਾ ਵਿਖੇ ਬਾਬਾ ਲਖਬੀਰ ਸਿੰਘ ਜੀ ਟੂਰਨਾਮੈਂਟ ਸਮੇਂ ਖਿਡਾਰੀਆਂ ਵਿਚ







ਪਿੰਡ ਕਾਕਰਾਂ ਵਿਖੇ ਸੰਤ ਬਾਬਾ ਲਖਬੀਰ ਸਿੰਘ ਜੀ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।



# ਕਲਜੁਗ ਮਹਿ ਕੀਰਤਨੁ ਪਰਧਾਨਾ ॥

ਹਿੰਦੋਸਤਾਨ ਟਾਈਮਜ਼

ਸਤਰੰਗ ਬੁੱਕ ਮੁਕਾਬਲਾ, 10 ਫਰਵਰੀ 2014

| | ਨਾਮ | ਜਮਾਤ | ਇਨਾਮ | |
|---|---|---|---|---|
| 1. | ਸੁਖਦੀਪ ਸਿੰਘ | ਛੇਵੀਂ ਪੈਂਨਸੀ | ਤੀਸਰਾ ਸਥਾਨ | ਸਾਈਕਲ |
| 2. | ਵਰਿੰਦਾ ਵਸ਼ਿਸ਼ਟ | ਨੌਵੀਂ ਰੋਜ਼ | ਦੂਜਾ ਸਥਾਨ | ਐਲ.ਈ.ਡੀ |
| 3. | ਹਰਿੰਦਰ ਸਿੰਘ | ਅੱਠਵੀਂ ਲੋਟਸ | ਤੀਸਰਾ ਸਥਾਨ | ਸਾਈਕਲ |
| 4. | ਨੇਹਾ | ਛੇਵੀਂ ਰੋਜ਼ | Consolation | |
| 5. | ਅਕਸ਼ਿਤਾ | ਛੇਵੀਂ ਟਿਊਲਿਪ | Consolation | |
| 6. | ਅਵਨੀਤ | ਛੇਵੀਂ ਟਿਊਲਿਪ | Consolation | |
| 7. | ਹਰਸਿਮਰਨ ਕੌਰ | ਛੇਵੀਂ ਪੈਂਨਸੀ | Consolation | |
| 8. | ਅੰਮ੍ਰਿਤਪ੍ਰੀਤ ਕੌਰ | ਸੱਤਵੀਂ ਲੋਟਸ | Consolation | |
| 9. | ਅਮਨਪ੍ਰੀਤ ਕੌਰ | ਸੱਤਵੀਂ ਟਿਊਲਿਪ | Consolation | |
| 10. | ਪਵਨਪ੍ਰੀਤ | ਅੱਠਵੀਂ ਪੈਂਨਸੀ | Consolation | |
| 11. | ਅਕਸ਼ੇ | ਅੱਠਵੀਂ ਪੈਂਨਸੀ | Consolation | |
| 12. | ਸਤਵਿੰਦਰ ਕੌਰ | ਅੱਠਵੀਂ ਪੈਂਨਸੀ | Consolation | |
| 13. | ਹਰਪ੍ਰੀਤ ਕੌਰ | ਨੌਵੀਂ ਰੋਜ਼ | Consolation | |
| 14. | ਕਮਲਪ੍ਰੀਤ ਕੌਰ | ਅੱਠਵੀਂ ਲੋਟਸ | Consolation | |
| 15. | ਨਵਦੀਪ ਕੌਰ | ਅੱਠਵੀਂ ਰੋਜ਼ | Consolation | |



ਨਗਰ ਮੋਹਾਲੀ ਵਿਖੇ ਸੰਤ ਬਾਬਾ ਲਖਬੀਰ ਸਿੰਘ ਜੀ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।





# ਕਲਜੁਗ ਮਹਿ ਕੀਰਤਨੁ ਪਰਧਾਨਾ ॥





ਗੁਰੂ ਕਾ ਖੂਹ ਰਾਏਪੁਰ ਅਸਥਾਨ ਬਾਬਾ ਸਰਦਾਰ ਸਿੰਘ ਜੀ ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।

## ਟ੍ਰਿਬਿਊਨ

### ਸਕਰੈਪ ਬੁੱਕ ਮੁਕਾਬਲਾ, 15 ਫਰਵਰੀ 2014

| | | | | |
|---|---|---|---|---|
| 1. | ਸੁਖਦੀਪ ਸਿੰਘ | ਸੱਤਵੀਂ ਪੌਨਜ਼ੀ | ਦੂਜਾ ਸਥਾਨ | - ਟੈਬਲੇਟ |
| 2. | ਪ੍ਰਭਜੋਤ ਕੌਰ | ਛੇਵੀਂ | ਚੌਥਾ ਸਥਾਨ | - ਸਾਈਕਲ |
| 3. | ਬਲਪ੍ਰੀਤ ਸਿੰਘ | ਪੰਜਵੀਂ ਰੋਜ਼ | Consolation | |
| 4. | ਰਮਨਦੀਪ ਕੌਰ | ਪੰਜਵੀਂ ਲੋਟਸ | Consolation | |
| 5. | ਸਿਮਰਨਜੀਤ ਕੌਰ | ਪੰਜਵੀਂ ਲੋਟਸ | Consolation | |
| 6. | ਪ੍ਰਭਸਿਮਰਨ ਕੌਰ | ਪੰਜਵੀਂ ਲੋਟਸ | Consolation | |
| 7. | ਪ੍ਰਭਜੋਤ ਕੌਰ | ਪੰਜਵੀ ਰੋਜ਼ | Consolation | |
| 8. | ਜਸਲੀਨ ਕੌਰ | ਪੰਜਵੀਂ ਰੋਜ਼ | Consolation | |
| 9. | ਅਨੀਸ਼ਾ | ਪੰਜਵੀਂ ਲੋਟਸ | Consolation | |
| 10. | ਗੁਨੀਤ ਕੌਰ | ਛੇਵੀਂ ਪੌਨਜ਼ੀ | Consolation | |
| 11. | ਦੀਪਾਂਕਸ਼ੀ | ਛੇਵੀਂ ਪੌਨਜ਼ੀ | Consolation | |
| 12. | ਅਰਸ਼ਦੀਪ ਕੌਰ | ਛੇਵੀਂ ਪੌਨਜ਼ੀ | Consolation | |
| 13. | ਅਨੀਸ਼ਾ | ਸੱਤਵੀਂ ਲੋਟਸ | Consolation | |
| 14. | ਗਗਨਪ੍ਰੀਤ ਕੌਰ | ਅੱਠਵੀਂ ਰੋਜ਼ | Consolation | |
| 15. | ਸੁਖਦੀਪ ਕੌਰ | ਅੱਠਵੀਂ ਰੋਜ਼ | Consolation | |
| 16. | ਸਿਮਰਨਜੀਤ ਕੌਰ | ਅੱਠਵੀਂ ਰੋਜ਼ | Consolation | |







ਪਿੰਡ ਮਾਮੂਪੁਰ ਲਹਿਰਾ ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।







ਮਹਾਂਪੁਰਖਾਂ ਦੇ ਨਿਵਾਸ ਅਸਥਾਨ ਮੋਹਾਲੀ ਵਿਖੇ ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਦੀ ਨਿਘੀ ਯਾਦ ਵਿੱਚ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਸੰਤ ਸਮਾਗਮ ਸਮੇਂ ਦੇ ਦ੍ਰਿਸ਼।















ਸਿਲਾਈ ਸੈਂਟਰ - ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਰਤਵਾੜਾ ਸਾਹਿਬ ਵਲੋਂ ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ ਖੋਲ੍ਹਿਆ ਗਿਆ ਹੈ। ਇਸ ਸਿਲਾਈ ਸੈਂਟਰ ਦਾ ਉਦਘਾਟਨ ਟਰੱਸਟ ਦੇ ਚੇਅਰਮੈਨ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਮਿਤੀ 14-4-2014 ਨੂੰ ਵਿਸਾਖੀ ਦੇ ਦਿਹਾੜੇ 'ਤੇ ਕੀਤਾ ਗਿਆ। ਇਸ ਸਿਲਾਈ ਸੈਂਟਰ ਵਿਚ 100 ਦੇ ਕਰੀਬ ਇਲਾਕੇ ਦੀਆਂ ਬੱਚੀਆਂ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ। ਲੜਕੀਆਂ ਨੂੰ ਲਿਆਉਣ ਤੇ ਛੱਡਣ ਲਈ ਟਰੱਸਟ ਵਲੋਂ ਟਰਾਂਸਪੋਰਟ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਇਸ ਸੈਂਟਰ ਵਿਚ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਮੁੱਢ ਤੋਂ ਸਿਲਾਈ-ਕਢਾਈ ਦੇ ਨਾਲ-ਨਾਲ ਘਰਾਂ ਵਿਚ ਵਰਤਿਆ ਜਾਣ ਵਾਲਾ ਸਮਾਨ ਜਿਵੇਂ ਚਾਦਰਾਂ, ਸਰ੍ਹਾਣੇ, ਕੁਸ਼ਨ ਆਦਿ ਤਿਆਰ ਕਰਨ ਵਿਚ ਪੂਰੀ ਤਰ੍ਹਾਂ ਨਿਪੁੰਨ ਬਣਾਇਆ ਜਾਂਦਾ ਹੈ। ਸੈਂਟਰ ਦਾ ਸਮਾਂ ਸਵੇਰੇ 9.00 ਵਜੇ ਤੋਂ ਦੁਪਹਿਰ 1.00 ਵਜੇ ਤੱਕ ਦਾ ਰੱਖਿਆ ਗਿਆ ਹੈ। ਇਸ ਸੈਂਟਰ ਦਾ ਸਾਰਾ ਪ੍ਰਬੰਧ ਇੰਜ. ਜਸਵੰਤ ਸਿੰਘ ਦੀ ਯੋਗ ਅਗਵਾਈ ਤੇ ਸੀਨੀਅਰ ਅਧਿਆਪਕ ਬੀਬੀ ਮਨਜੀਤ ਕੌਰ ਦੀ ਨਿਗਰਾਨੀ ਹੇਠ, ਸੈਂਟਰ ਦੀ ਇੰਚਾਰਜ ਬੀਬੀ ਮਨਦੀਪ ਕੌਰ ਵਲੋਂ ਕੀਤਾ ਜਾਂਦਾ ਹੈ। ਇਸ ਸੈਂਟਰ ਵਿਚ ਸਿੱਖਿਆ ਪ੍ਰਾਪਤ ਕਰ ਰਹੀਆਂ ਸਮੂੰਹ ਲੜਕੀਆਂ ਲਈ ਹਰ ਤਰ੍ਹਾਂ ਦੀਆਂ ਲੋੜੀਂਦੀਆਂ ਸਹੂਲਤਾਂ ਦਾ ਪ੍ਰਬੰਧ ਮਾਨਯੋਗ ਬਾਬਾ ਲਖਬੀਰ ਸਿੰਘ ਜੀ ਵਲੋਂ ਕੀਤਾ ਜਾ ਰਿਹਾ ਹੈ।







(ਪੰਨਾ 29 ਦੀ ਬਾਕੀ)

ਕਿ ਗੁਰੂ ਜੀ ਨੇ ਪਰਸੁਆਰਥ ਲਈ ਐਸਾ ਜਾਨ ਹੂਲਵਾਂ ਪਰਉਪਕਾਰ ਕੀਤਾ; ਉਨ੍ਹਾਂ ਦੀ ਸ਼ਹਾਦਤ ਦੀ ਕੀਮਤ ਕੂਤ ਕਿਸੇ ਪਹਿਲੂ ਤੋਂ ਬੀ ਸੋਚੋ, ਘਟਦੀ ਨਹੀਂ। ਕਿਉਂਕਿ ਆਪ ਜੀ ਦੀ ਸ਼ਹਾਦਤ ਦੀ ਕੇਂਦਰੀ ਵਜਹ ਤਾਂ ਤੁਜ਼ਕੇ ਜਹਾਂਗੀਰੀ ਤੋਂ ਲੱਭ ਗਈ ਹੈ ਕਿ ਪਾਤਸ਼ਾਹ ਪਹਿਲੇ ਤੋਂ ਹੀ ਇਸ ਇਰਾਦੇ ਵਿਚ ਸੀ ਕਿ ਦੁਕਾਨ ਉਠਾ ਦੇਵੇ ਯਾ ਗੁਰੂ ਜੀ ਨੂੰ ਦਖਲ ਇਸਲਾਮ ਕਰ ਲਵੇ।

ਸੋ ਹੁਣ ਪੱਜ ਯਾ ਬਹਾਨਾ ਮਿਲ ਗਿਆ, ਚਾਹੋ ਉਹ ਕੂੜੂ ਉਜ ਸੀ, ਚਾਹੋ ਬਾਤ ਦਾ ਬਤੰਗੜ ਬਣ ਗਿਆ, ਚਾਹੋ ਲੋੜਵੰਦ ਤੇ ਮਿਤ੍ਰ ਹੀਨ ਦੀ ਮਦਦ ਬਗਾਵਤ ਵਿਚ ਸਮਝੀ ਗਈ ਤੇ ਚਾਹੋ ਗੁਰੂ ਜੀ ਨੇ ਪਰਜਾ ਦੇ ਸੁੱਖ ਨੂੰ ਮੁੱਖ ਰੱਖ ਕੇ ਕੁਛ ਮਦਦ ਕੀਤੀ ਤੇ ਉਹ ਬਗਾਵਤ ਵਿਚ ਸਰੀਹਨ ਮਦਦ ਕਹੀ ਗਈ; ਗੁਰੂ ਜੀ ਦੀ ਸਜ਼ਾ ਹਰ ਹਾਲ ਵਿਚ ਸ਼ਹਾਦਤ ਸੀ।

ਜ਼ਰਾ ਗੌਰ ਕਰੋ ਕਿ ਜੇ ਪਾਤਸ਼ਾਹ ਦਾ ਮਤਲਬ ਕੇਵਲ 'ਯਾਸਾ' ਹੀ ਸੀ ਤਾਂ ਫੌਰਨ ਕਤਲ ਕਿਉਂ ਨਾ ਕੀਤੇ ਗਏ? ਖੇਚਲਾਂ ਦੇ-ਦੇ ਕੇ ਵਿਚ ਵਿਚ ਵੇਹਲ ਦੇਣੀ ਇਸੇ ਲਈ ਸੀ ਕਿ ਦਾਖਲ ਇਸਲਾਮ ਹੋ ਜਾਣ ਤਾਂ ਹੁਣ ਬੀ ਜਾਨ ਬਚਾ ਲੈਣ। ਇਹ ਦਲੀਲ ਆਪਣੇ ਆਪ ਸਵੁਟ ਬੀ ਹੈ ਤੇ ਕਈ ਲੇਖਕਾਂ ਨੇ ਲਿਖੀ ਬੀ ਹੈ ਕਿ ਹਰ ਖੇਚਲ ਦੇਣ ਦੇ ਮਗਰੋਂ ਇਹ ਗੱਲ ਕਹੀ ਜਾਂਦੀ ਸੀ ਕਿ ਪਵਿੱਤਰ ਆਦਿ ਬੀੜ ਵਿਚ ਮੁਹੰਮਦ ਦੀ ਤਾਰੀਫ ਪਾ ਦਿਓ, ਇਹ ਗੱਲ ਦਾਖਲ ਇਸਲਾਮ ਹੀ ਕਰਨ ਦੀ ਕਾਇਲ ਹੈ। ਸੋ ਆਪ ਦੀ ਸ਼ਹਾਦਤ ਇਸ ਕਰਕੇ ਹੋਈ ਕਿ ਜਿੰਦ ਬਚਾਉਣ ਖਾਤਰ ਦਾਖਲ ਇਸਲਾਮ ਨਾ ਹੋਏ। ਜੋ ਕੁਛ ਕਿਸੇ ਹੋਰ ਨੇ ਲਿਖਿਆ ਸਾਰ ਇਹੋ ਹੈ ਕਿ ਗੁਰੂ ਜੀ ਆਪਣੇ 'ਸਚ' ਤੇ ਟਿਕੇ ਰਹੇ, ਦੁਖ ਪਾਏ ਤੇ ਜਾਨ ਕੁਰਬਾਨ ਕਰ ਦਿਤੀ ਪਰ ਸੱਚ ਨਾ ਦਿਤਾ।

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਜਦ ਹਰ 'ਅਗਲਬ' ਪਹਿਲੂ ਤੋਂ ਸ਼ਹਾਦਤ 'ਸਚੀ ਸ਼ਹਾਦਤ' ਦਿਸ ਪੈਂਦੀ ਹੈ ਤਾਂ ਹੋਰ ਇਤਿਹਾਸਿਕ ਖੋਜ ਦੀ ਕੀਹ ਲੋੜ ਹੈ?

ਸੱਚ ਟੋਲੀਦਾ ਹੈ ਸੱਚ ਦੀ ਖਾਤਰ, ਇਤਿਹਾਸਿਕ ਖੋਜ ਕਰੀਦੀ ਹੈ ਇਤਿਹਾਸਿਕ ਸਚਾਈ ਦੀ ਖਾਤਰ। ਕਿਸੇ ਆਪਣੇ ਖਿਆਲ ਮਾਤ੍ਰ ਨੂੰ ਯਾ ਪ੍ਰਯੋਜਨ ਨੂੰ ਸਿਰੇ ਚਾੜ੍ਹਨ ਦੇ ਬ੍ਰਿਥਾ ਯਤਨ ਨਹੀਂ ਕਰੀਦੇ।

ਇਹ ਬੀ ਮਨੋਰਥ ਹੁੰਦਾ ਹੈ ਕਿ ਖੋਜ ਜਾਰੀ ਰਹੇ ਤਾਂ ਅਗਲੇ ਆਉਣ ਵਾਲੇ ਖੋਜੀ ਇਸ ਤੋਂ ਅੱਗੇ ਹੋਰ ਖੋਜ ਕਰਨ ਤੇ ਇਹ ਪਹਿਲੀ ਖੋਜ ਕੀਤੀ ਕਰਾਈ ਉਨ੍ਹਾਂ ਨੂੰ ਮਿਲ ਜਾਏ।

ਇਸ ਪ੍ਰਕਾਰ ਦੀਆਂ ਵੀਚਾਰਾਂ ਕਰਕੇ ਅਗਲੇ ਸਫਿਆਂ ਤੇ ਖੋਜ ਅੰਕਿਤ ਹੈ।

੧. ਜਹਾਂਗੀਰ ਦੀ ਲਿਖਤ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮੁਸਲਮਾਨ ਦੋਖੀਆਂ ਨੇ, ਜੋ ਸਿੱਖੀ ਦੇ ਪ੍ਰਚਾਰ ਨਾਲ ਖੁਣਸ ਖਾ ਰਹੇ ਸਨ, ਤੇ ਮੁਸਲਮਾਨਾਂ ਦੇ ਸਿੱਖ ਬਣਨ ਪਰ ਵਧੇਰੇ ਦੁਖੀ ਸਨ ਅਤੇ ਚੰਦੂ ਵਰਗੇ ਸੁਆਰਥੀਆਂ ਨੇ, ਪਾਤਸ਼ਾਹ ਨੂੰ ਕੋਲੋਂ ਪਾ-ਪਾ ਕੇ ਤੇ ਆਪਣੇ ਰੰਗ ਵਿਚ ਰੰਗ ਕੇ ਗੱਲਾਂ ਦੱਸਣੀਆਂ ਸਨ। ਕਿਸੇ ਕਿਹਾ, ਖੁਸਰੋ ਦੇ ਹੱਕ ਵਿਚ ਦੁਆ ਕੀਤੀ (ਦੇਖੋ ਦਬਿਸਤਾਨ ਮਜ਼ਾਹਬ) ਪਰ ਜਹਾਂਗਰੀ ਆਪ ਲਿਖਦਾ ਹੈ ਕਿ ਖੁਸਰੋ ਦੇ ਮੱਥੇ ਤੇ ਤਿਲਕ ਲਾਇਆ ਤੇ ਖਾਸ ਤਰ੍ਹਾਂ ਦਾ ਵਰਤਾਉ ਕੀਤਾ। ਤਿਲਕ ਵਾਲੀ ਗੱਲ ਵੀ ਬਨਾਵਟੀ ਚੁਗਲੀ ਹੈ। ਜੋ ਗੁਰੂ ਜੀ ਦੇ ਵਰਤਾਉ ਨੂੰ ਵਧੇਰੇ ਸੰਗੀਨ ਕਰਨੇ ਲਈ ਪਾਤਸ਼ਾਹ ਨੂੰ ਦੱਸੀ ਗਈ ਹੈ। ਸਤਿਗੁਰਾਂ ਦੇ ਘਰ ਵਿਚ ਤਿਲਕ ਕੇਵਲ ਆਪਣੇ ਜਾਨਸ਼ੀਨ ਨੂੰ ਦੇਂਦੇ ਸਨ, ਹੋਰ ਕਦੇ ਕਿਸੇ ਨੂੰ ਨਹੀਂ ਸਨ ਦੇਂਦੇ। ਅਕਬਰ ਤੀਸਰੇ ਸਤਿਗੁਰਾਂ ਪਾਸ ਆਇਆ ਤਿਲਕ ਨਹੀਂ ਦਿਤਾ, ਇਕ ਰਾਜਾ ਤੀਸਰੇ ਸਤਿਗੁਰਾਂ ਪਾਸ ਇਕ ਪੰਜਵੇਂ ਪਾਤਸ਼ਾਹ ਪਾਸ ਆਇਆ ਤਿਲਕ ਨਹੀਂ ਦਿਤਾ। ਸੋ ਇਹ ਬੀ ਠੱਪੀ ਹੋਈ ਊਜ ਹੀ ਸੀ।

੨. ਭਾਈ ਸੰਤੋਖ ਸਿੰਘ ਜੀ ਨੂੰ ਜੋ ਖਬਰ ਜਹਾਂਗੀਰ ਦਾ ਦਿਲ ਗੁਰਾਂ ਨਾਲ ਚੰਗੇ ਹੋਣ ਦੀ ਮਿਲੀ ਹੈ, ਠੀਕ ਨਹੀਂ। ਪਤਾ ਨਹੀਂ ਉਹਨਾਂ ਨੇ ਇਹ ਕਿਸੇ ਮੁਸਲਮਾਨ ਪੱਖੀ ਤੋਂ ਸੁਣੀ ਹੈ, ਯਾ ਪਾਤਸ਼ਾਹ ਨੇ ਜੋ ਚੰਦੂ ਨੂੰ ਅਖੀਰ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿਤਾ ਸੀ ਇਸ ਗੱਲ ਤੋਂ ਉਸ ਨੂੰ ਨਿਰਦੋਸ਼ ਮੰਨ ਕੇ ਸ਼ਰਧਾਲੂ ਬੀ ਮੰਨ ਲਿਆ ਹੈ, ਪਰ ਜਹਾਂਗੀਰ ਦੀ ਲਿਖਤ ਦੱਸਦੀ ਹੈ ਕਿ ਉਸ ਦੇ ਜੀ ਵਿਚ ਸਖਤ ਤਅੱਸਬ ਭਰਿਆ ਪਿਆ ਸੀ, ਉਹ ਆਪ ਐਉਂ ਤੁਜ਼ਕੇ ਜਹਾਂਗੀਰ ਵਿਚ ਲਿਖਦਾ ਹੈ -

"ਦਰ ਗੋਇੰਦਵਾਲ ਕਿ ਬਰ ਕਿਨਾਰੇ ਦਰਿਯਾਏ ਬਿਆਹ ਵਾਕਿਆ ਅਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸੇ ਪੀਰੀ-ਓ-ਸ਼ੈਖੀ, ਚੁਨਾਂਚਿ ਬਿਸ਼ੀਆਰੇ ਅਜ਼ ਸਾਦਹ ਲੌਹਾਨੇ ਹਨੂਦ ਬਲਕਿ ਨਾਦਾਨ ਵ ਸਫੀਹਾਨੇ ਇਸਲਾਮ ਰਾ ਮੁਕੱਯਦੇ ਅਤਵਾਰੋ ਔਜ਼ਾਏ ਖੁਦ ਸਾਖਤਰ ਕੋਸੇ ਪੀਰੀ-ਓ-ਵਲਾਇਤ ਰਾ ਬਲੰਦ ਆਵਾਜ਼ਹ ਗਰਦਾਨੀਦਹ ਬੂਦ। ਓਰਾ ਗੁਰੂ ਰਾ ਗਰਮ ਮੇ ਦਾਸ਼ਤੰਦ। ਮੁੱਦਤਹਾ ਬ-ਖਾਤਿਰ ਮੇ ਗੁਜ਼ਸ਼ਤ ਕਿ ਈਂ ਦੁਕਾਨੇ ਬਾਤਿਲਰਾ ਬਰਤਰਫ ਬਾਇਦ ਸਾਖਤ ਯਾ ਊ ਰਾ ਦਹ ਜਿਰਗਹਏ ਅਹਿਲੇ ਇਸਲਾਮ ਦਰ-ਬਾਇਦ ਆਵੁਰਦ।

ਅਰਥਾਤ "ਗੋਇੰਦਵਾਲ, ਜੋ ਕਿ ਦਰਿਆਇ ਬਿਆਸ ਦੇ ਕੰਢੇ ਤੇ ਹੈ; ਵਿਚ ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੇਖ ਦੇ ਭੇਸ ਵਿਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿਚੋਂ ਬਹੁਤ ਸਾਰਿਆਂ ਨੂੰ, ਬਲਕਿ ਮੂਰਖ ਤੇ ਵਿਆਕੁਲ ਮੁਸਲਮਾਨਾਂ ਨੂੰ ਭੀ ਆਪਣੀ ਬਣਾਈ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੀ ਪੀਰੀ ਤੇ ਗੁਰੂ ਪੁਣੇ ਦਾ ਢੋਲ ਜ਼ੋਰ ਸ਼ੋਰ ਨਾਲ ਵਜਾਇਆ ਹੋਇਆ ਸੀ। ਉਸਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੀੜੀਆਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਦੂਰ ਕਰ ਦਿਤਾ ਜਾਏ ਯਾ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਇਸਲਾਮ ਦੀ ਜਮਾਤ ਵਿਚ ਲੈ ਆਂਦਾ ਜਾਏ।

ਇਹ ਉਸ ਦੇ ਆਪਣੇ ਲੇਖ ਤੋਂ ਸਾਬਤ ਹੈ ਕਿ ਪਾਤਸ਼ਾਹ ਦੇ ਦਿਲ ਵਿਚ ਤਅੱਸਬ ਤੇ ਵੈਰ ਪਹਿਲੋਂ ਤੋਂ ਸੀ, ਦੂਰ ਕਰ ਦੇਣਾ

ਅਰਥਾਤ ਮੂਲੋਂ ਮਿਟਾ ਦੇਣਾ ਯਾ ਇਸਲਾਮ ਵਿਚ ਦਾਖਲ ਕਰ ਲੈਣਾ ਉਸ ਦੇ ਜੀ ਵਿਚ ਪਹਿਲੋਂ ਤੋਂ ਹੀ ਆ ਰਹੀ ਸੀ। ਉਸਨੂੰ ਬਹੁਤ ਗੁੱਸਾ ਮੁਸਲਮਾਨਾਂ ਦੇ ਸਿੱਖ ਬਣਨੇ ਦਾ ਸੀ। ਇਹ ਜ਼ਾਹਰ ਹੀ ਹੈ ਕਿ ਸੁਣੇ ਸੁਣਾਏ ਖਿਆਲ ਸਨ, ਜੋ ਗਾਲਬਨ ਚੁਗਲਖੋਰਾਂ ਦੇ ਪੁਚਾਏ ਹੋਏ ਸਨ। ਆਪੂੰ ਉਸਨੇ ਕੋਈ ਖੇਚਲ ਕਰਕੇ ਤਹਿਕੀਰਤ ਥੋੜਾ ਕੀਤੀ ਸੀ। ਫੇਰ ਬਾਕੀ ਜੋ ਬੇਅਦਬੀ ਦੇ ਵਾਕ ਪਾਤਸ਼ਾਹ ਨੇ ਲਿਖੇ ਹਨ ਉਸ ਤਅੱਸਬ ਭਰੇ ਦਿਲ ਤੋਂ ਹੋਰ ਆਸ ਹੀ ਕੀਹ ਹੋ ਸਕਦੀ ਸੀ। ਪਾਤਸ਼ਾਹ ਵਲੋਂ ਬੇਅਦਬੀ ਦੇ ਵਾਕ ਪੜ੍ਹ ਕੇ ਘਬਰਾਉਣਾ ਨਹੀਂ ਚਾਹੀਦਾ, ਇਹ ਵਾਕ ਦਲੀਲ ਹਨ ਉਸ ਦੇ ਦਿਲ ਵਿਚ ਪਹਿਲੇ ਭਰੇ ਕੀਨੇ, ਵੈਰ ਤੇ ਤਅੱਸਬ ਦੀ।

੩. ਫਿਰ ਪਾਤਸ਼ਾਹ ਲਿਖਦਾ ਹੈ ਕਿ -

ਤਾ ਆਂਕਿ ਦਰੀਂ ਅੱਯਾਮ ਖੁਸਰੋ ਅਜ਼ਾਂ ਰਾਹ ਅਬੂਰ ਮੇ ਨਮੂਦ। ਈਂ ਮਰਦਕੇ ਮਜਹੂਲ ਇਰਾਦਾ ਕਰਦ ਕਿ ਮੁਲਾਜ਼ਮ ਤੇ ਓ ਦਰ ਯਾਫਤ। ਦਰ ਮਨਜ਼ਲੇ ਕਿ ਜਾਓ ਮੁਕਾਮੇ ਊ ਬੂਦ ਖੁਸਰੋ ਰਾ ਨਜ਼ੂਲ ਉਫਤਾਦ। ਆਮਦਹ ਊਰਾ ਦੀਦ, ਵ ਬਅਜ਼ ਮੁਕੱਦਿਮਾਤ ਫਰਾ ਯਾਫਤਹ ਬ-ਊ ਰਸਾਨੀਦ ਵ ਬਰ ਪੇਸ਼ੀਨੀਏ ਊ ਅੰਗੁਸ਼ਤੇ ਅਜ਼ ਜ਼ੁਅਫਰਾਨ, ਕਿ ਬ-ਇਸਤਲਾਹੇ ਹਿੰਦੂਆਂ ਕਸ਼ਕਹ ਗੋਇਅੰਦ, ਕਸ਼ੀਦ ਵ ਆਂ ਰਾ ਸ਼ੰਗੂਨ ਮੇ ਦਾਨਦ। ਚੂੰ ਈਂ ਮੁਕੱਦਮਾ ਬ-ਮੁਸਾਮਿਅ ਜਾਹੋ ਜਲਾਲ ਮੇ ਰਸਦ ਵ ਬੁਤਲਾਨੇ ਊਰਾ ਬ-ਵਜਹ ਅਕਮਲ ਮੇ ਦਾਨਿਸ਼ਤਮ, ਅਮਰ ਕਰਦਮ ਕਿ ਊਰਾ ਹਾਜ਼ਿਰ ਸਾਖਤਮਦ ਵ ਮਸਾਕਨੇ ਮਨਾਜ਼ਲੋ ਫਰਜੰਦਾਨੇ ਊਰਾ ਬ-ਮੁਰਤਜ਼ਾਖਾਨ ਇਨਾਯਤ ਨਮੂਦਮ ਵ ਅਸਬਾਬੋ ਅਮਵਾਲੇ ਊ ਰਾ ਬ-ਵਜਹ ਅਕਮਲ ਮੇ ਦਾਨਿਸ਼ਤਮ, ਅਮਰ ਕਰਦਮਕਿ ਊਰਾ ਨਮੂਦਮ ਵ ਅਸਬਾਬੋ ਅਮਵਾਲੇ ਊ ਰਾ ਬਕੈਦੇ ਜ਼ਬਤ ਦਰ ਆਵੁਰਦਹ ਫਰਮੂਦਮ ਕਿ ਊਰਾ ਬ ਸਿਆਸ ਵ ਬ-ਯਾਸਾ ਰਸਾਨੰਦ।

ਅਰਥਾਤ - ਕਿ ਇਨ੍ਹਾਂ ਹੀ ਦਿਨਾਂ ਵਿਚ ਖੁਸਰੋ ਉਸ ਰਸਤੇ ਲੰਘਿਆ। ਇਸ.........ਪੁਰਸ਼ (ਭਾਵ ਗੁਰੂ ਜੀ ਨੇ) ਇਰਾਦਾ ਕੀਤਾ ਕਿ ਉਸ (ਖੁਸਰੋ) ਨੂੰ ਮਿਲੇ। ਉਸ ਪਤੇ ਉਤੇ ਜਿੱਥੇ ਕਿ ਉਸ ਦੀ ਜਗਾ ਤੇ ਟਿਕਾਣਾ ਸੀ, ਖੁਸਰੋ ਦਾ ਉਤਾਰਾ ਹੋਇਆ। ਆ ਕੇ ਉਸਨੂੰ ਦੇਖਿਆ ਮਿਲਿਆ। ਕਈ ਗੱਲਾਂ ਕੀਤੀਆਂ ਤੇ ਕਈ ਮਾਮਲੇ ਉਸ ਨੂੰ ਪੁਚਾਏ ਤੇ ਉਸ ਦੇ ਮੱਥੇ ਪਰ ਆਪਣੀ ਉਂਗਲ ਨਾਲ ਕੇਸਰ ਦਾ, ਜਿਸਨੂੰ ਹਿੰਦੂ ਕਸ਼ਕਹ (ਤਿਲਕ) ਆਖਦੇ ਤੇ ਸ਼ਗਨ ਸਮਝਦੇ ਹਨ, ਲਾਇਆ। ਜਦ ਇਹ ਖਬਰ ਮੇਰੇ ਕੰਨਾਂ ਵਿਚ ਪਹੁੰਚੀ ਮੈਂ ਉਸਦੇ ਝੂਠ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸਾਂ, ਮੈਂ ਹੁਕਮ ਦਿਤਾ ਕਿ ਉਸਨੂੰ ਹਾਜ਼ਰ ਕਰਨ, ਉਸ ਦੇ ਘਰ ਬਾਰ ਤੇ ਪੁੱਤਰਾਂ ਨੂੰ ਮੁਰਤਜ਼ਾ ਖਾਂ ਨੂੰ ਬਖਸ਼ ਦਿਤਾ ਤੇ ਉਸਦੇ ਮਾਲ ਜਾਇਦਾਦ ਨੂੰ ਜ਼ਬਤ ਕਰਕੇ ਮੈਂ ਹੁਕਮ ਦਿਤਾ ਕਿ (ਸਿਆਸਤ) ਸ਼ਾਹੀ ਕਾਨੂੰਨ ਅਨੁਸਾਰ ਉਸਨੂੰ (ਯਾਸਾ) ਕਤਲ ਦੀ ਕਰੜੀ ਸਜ਼ਾ ਦਿਤੀ ਜਾਵੇ।

ਇਸ ਲਿਖਤ ਤੋਂ ਸਾਬਤ ਹੋਇਆ ਕਿ ਪਾਤਸ਼ਾਹ, ਜਿਸਦੇ ਦਿਲ ਵਿਚ ਪਹਿਲਾਂ ਮਜ਼ਹਬੀ ਤਅੱਸਬ ਭਰਿਆ ਹੋਇਆ ਸੀ, ਗੱਲ ਸੁਣਦੇ ਸਾਰ ਅੱਗ ਬਗੋਲਾ ਹੋ ਗਿਆ ਤੇ ਜੋ ਪਹਿਲਾਂ ਹੀ ਚਿਤਵਦਾ ਹੁੰਦਾ ਸੀ ਕਿ ਸਮਾਪਤੀ ਕਰ ਦਿਆਂ ਉਸ ਨੇ ਇਸ ਬੇਹੂਦਾ ਜੋਸ਼ ਵਿਚ ਮੌਕਾ ਸਮਝ ਕੇ ਅਤਿਆਚਾਰ ਦਾ ਹੁਕਮ ਦੇ ਦਿਤਾ। ਫਿਰ ਇਹ ਬੀ ਇਸ ਤੋਂ ਸਾਫ ਸਿੱਟਾ ਨਿਕਲ ਰਿਹਾ ਹੈ ਕਿ ਪਾਤਸ਼ਾਹ ਨੇ ਤਹਿਕੀਕਾਤ ਨਹੀਂ ਕੀਤੀ, ਨਿਆਂ ਨਹੀਂ ਕੀਤਾ ਤੇ ਐਵੇਂ ਸੁਣ ਕੇ ਹੀ ਆਪਣੇ ਬਣੇ ਤਅੱਸਬ ਵਿਚ ਗੁੱਸਾ ਖਾ ਕੇ ਹੁਕਮ ਦੇ ਦਿਤਾ ਹੈ।

ਹੁਣ ਜਦ ਅਸਲੀਅਤ ਦੀ ਖੋਜ ਕਰੀਏ ਤਾਂ ਥਹੁ ਇਹ ਪੈਂਦਾ ਹੈ ਕਿ ਸਤਿਗੁਰੂ ਜੀ ਦਾ ਤੇ ਖੁਸਰੋ ਦਾ ਮੇਲ ਹੋਇਆ ਹੀ ਨਹੀਂ। ਇਹ ਇਕ ਊਜ ਸੀ ਜੋ ਤਅੱਸਬੀ ਮੁਸਲਮਾਨਾਂ ਤੇ ਹੋਰ ਵਿਦ੍ਰੋਹੀ ਲੋਕਾਂ ਵਲੋਂ ਘੜੀ ਗਈ ਸੀ। ਉਹ ਖੋਜ ਇਸ ਪ੍ਰਕਾਰ ਹੈ -

ਆਗਰੇ ਤੋਂ ਪਾਤਸ਼ਾਹ ਖੁਸਰੋ ਦੇ ਮਗਰੇ ਮਗਰ ਟੁਰ ਪੈਂਦਾ ਹੈ। ਰਸਤੇ ਵਿਚ, ਖੁਸਰੋ ਦੇ ਠਹਿਰਨ ਕਿਸੇ ਤੋਂ ਮਦਦ ਮਿਲਣ ਤੇ ਅੱਗੇ ਭੱਜੇ ਜਾਣ ਦੀ ਖਬਰ ਉਸਨੂੰ ਮਿਲਦੀ ਜਾਂਦੀ ਹੈ। ਮਦਦ ਦੇਣਹਾਰਾਂ ਨੂੰ ਸਜ਼ਾਵਾਂ ਦੇਈ ਜਾਂਦਾ ਹੈ। ਚੁਨਾਂਚਿ ਕਰਨਾਲ ਦੇ ਪਰਗਨੇ ਵਿਚ ਵੜਦਿਆਂ ਉਸਨੂੰ ਪਤਾ ਲਗਦਾ ਹੈ ਕਿ ਨਜ਼ਾਮ ਥਾਨੇਸਰੀ ਨੇ ਖੁਸਰੋ ਨੂੰ ਮਦਦ ਦਿਤੀ ਹੈ, ਜੈਸਾ ਕਿ ਪਾਤਸ਼ਾਹ ਆਪਣੀ 'ਤੁਜ਼ਕ ਜਹਾਂਗੀਰੀ' ਵਿਚ ਆਪ ਲਿਖਦਾ ਹੈ। "ਸੇਖ ਨਜ਼ਾਮ ਥਾਨੇਸਰੀ' ਜੋ ਆਪਣੇ ਸਮੇਂ ਦਾ ਮਸ਼ਹੂਰ ਦੰਭੀ ਹੈ, ਖੁਸਰੋ ਨੂੰ ਮਿਲਿਆ ਤੇ ਉਸਨੂੰ ਦੁਆਈਂ ਦੇ ਕੇ ਠੀਕ ਰਸਤੇ ਤੋਂ ਗੁਮਰਾਹ ਕਰ ਦਿਤੋਸੁ ਤੇ ਫੇਰ ਹੁਣ ਮੈਨੂੰ ਮਿਲਣ ਆਇਆ। ਚੂੰਕਿ ਮੈਂ ਇਹ ਗੱਲ ਸੁਣ ਚੁੱਕਾ ਸਾਂ ਮੈਂ ਉਸਨੂੰ ਰਸਤੇ ਦਾ ਖਰਚ ਦੇ ਕੇ ਮੱਕੇ ਟੋਰ ਦਿਤਾ।

ਫਿਰ ਪਾਤਸ਼ਾਹ ਲਿਖਦਾ ਹੈ ਕਿ ੧੬ ਤਰੀਕ ਜ਼ਿਲਹੱਜ ਨੂੰ ਮੈਂ ਸਰਾਇ ਕਾਜ਼ੀ ਸਾਂ, ੧੭ ਜਿਲਹੱਜ (ਮੁਤਾ: ੧੫ ਅਪ੍ਰੈਲ ੧੬●੬ ਈ:) ਦੀ ਸਵੇਰੇ ਸੁਲਤਾਨਪੁਰ ਪੁੱਜਾ, ਇਥੇ ਦੁਪਹਿਰ ਤਕ ਰਿਹਾ। ਫਿਰ ਪੁਲ ਤੋਂ ਪਾਰ ਹੋ ਗੋਇੰਦਵਾਲ ਪੁੱਜਾ। ਏਥੇ ਖਬਰ ਮਿਲੀ ਕਿ ਖੁਸਰੋ ਤੇ ਫਤੇ ਹੋ ਗਈ ਹੈ। ਹੁਣ ਪਾਤਸ਼ਾਹ ਸਹਿਜੇ ਸਹਿਜੇ ਮੁਕਾਮ ਕਰਦਾ ਟੁਰਦਾ ਹੈ ੨੮ ਜ਼ਿਲਹੱਜ ੧●੧੪ ਹਿ: (੨੬ ਅਪ੍ਰੈਲ) ਨੂੰ ਜੈਪਾਲ ਅੱਪੜਦਾ ਹੈ। ਇਹ ਪਿੰਡ ਲਾਹੌਰੋਂ ੭ ਕੋਹ ਉਰੇ ਹੈ। ੧੭ ਤੋਂ ੨੮, ਗੋਯਾ ਲੱਗਭੱਗ ੧੨ ਦਿਨ ਮਾਝੇ ਵਿਚ ਪਾਤਸ਼ਾਹ ਰਹਿੰਦਾ ਹੈ, ਪਰ ਖੁਸਰੋ ਦੇ ਗੁਰੂ ਸਾਹਿਬ ਨੂੰ ਮਿਲਣ ਦੀ ਗੱਲ ਪਾਤਸ਼ਾਹ ਦੇ ਕੰਨਾਂ ਤਕ ਨਹੀਂ ਅੱਪੜਦੀ। ਹੋਰ ਖੁਸਰੋ ਦੀਆਂ ਸਾਰੀਆਂ ਖਬਰਾਂ, ਥਾਨੇਸਰੀ ਪੀਰ ਵਰਗੇ ਦੀਆਂ ਖੁਸਰੋ ਨੂੰ ਮਿਲਣ ਦੀਆਂ ਸੋਆਂ ਸਭ ਪਾਤਸ਼ਾਹ ਨੂੰ ਭੱਜਿਆਂ ਜਾਂਦਿਆਂ ਮਿਲਦੀਆਂ ਰਹੀਆਂ, ਹੁਣ ੧੨ ਦਿਨ ਮਾਝੇ ਵਿਚ ਰਹਿ ਕੇ ਪਾਤਸ਼ਾਹ ਨੂੰ ਕਿਉਂ ਖਬਰ ਨਾ ਮਿਲੀ। ਇਹ ਹੋ ਨਹੀਂ ਸਕਦਾ ਕਿ ਖੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਖਬਰ ਨਾ ਮਿਲਦੀ। ਪਾਤਸ਼ਾਹ ਦੇ ਸੂੰਹੀਏਂ ਤੇ ਇਨਾਮ ਲੈਣ ਦੇ ਲਾਲਚੀ ਚੁਗਲਖੋਰ ਚੱਪੇ-ਚੱਪੇ ਤੇ ਭਰੇ ਪਏ ਸਨ। ਜਿਸ ਦਿਨ ਖੁਸਰੋ ਨੱਸਾ ਹੈ ਉਸੇ ਦਿਨ ਪਾਤਸ਼ਾਹ ਨੇ ਰਾਜਾ ਬਾਸੂ ਨੂੰ ਖੁਸਰੋ ਬਾਬਤ ਖਬਰਾਂ

ਲੈਣ ਤੇ ਉਸ ਨੂੰ ਪਕੜਨ ਲਈ ਮਗਰੇ ਨਸਾਇਆ ਹੈ। ਇਹ ਰਾਜਾ ਬਾਸੂ ਪੰਜਾਬੀ ਸੀ। ਇਸਨੂੰ ਬੀ ਗੁਰੂ ਜੀ ਦੀ ਖਬਰ ਨਾ ਮਿਲੀ। ਕਦੇ ਹੋ ਸਕਦਾ ਹੈ ਕਿ ਜੇ ਖੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਸੁਲਤਾਨਪੁਰ, ਗੋਬਿੰਦਵਾਲ ਤੇ ੧੨ ਦਿਨ ਮਾਝੇ ਵਿਚ ਫਿਰਦਿਆਂ ਕਿਸੇ ਪਾਸਿਓਂ ਖਬਰ ਨਾ ਮਿਲਦੀ?

੨੯ ਜ਼ਿਲਹੱਜ (੨੭ ਅਪ੍ਰੈਲ) ਨੂੰ ਪਾਤਸ਼ਾਹ ਜੈਪਾਲ ਤੋਂ ਟੁਰ ਕੇ ਮਿਰਜ਼ਾ ਕਾਮਰਨ ਦੇ ਬਾਗ (ਲਾਹੌਰ ਦੇ ਲਾਗੇ) ਅੱਪੜਦਾ ਹੈ। ਇਥੇ ਖੁਸਰੋ ਦੇ ਲਾਹੌਰੋਂ ਹਾਰ ਖਾ ਕੇ ਭੱਜੇ ਜਾਂਦੇ ਦੀ ਸੋਧਰੇ ਦੇ ਪੱਤਣ ਤੇ ਫੜੇ ਜਾਣ ਦੀ ਖਬਰ ਪੁੱਜੀ ਤੇ ਚੌਥੇ ਦਿਨ ਅਰਥਾਤ ੩ ਮੁਹੱਰਮ (੧ ਮਈ) ਨੂੰ ਖੁਸਰੋ ਗ੍ਰਿਫਤਾਰ ਹੋਇਆ ਪਾਤਸ਼ਾਹ ਦਾ ਪੇਸ਼ ਹੋਇਆ, ਉਸੇ ਵੇਲੇ ਖੁਸਰੋ ਦੇ ਦੋ ਵੱਡੇ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਸੀਤੇ ਗਏ। ਕਈ ਸੌ ਖੁਸਰੋ ਦੀ ਫੌਜ ਦੇ ਆਦਮੀ, ਜੋ ਗ੍ਰਿਫਤਾਰ ਸਨ ਸੂਲੀ ਦਿਤੇ ਗਏ। ਪਾਤਸ਼ਾਹ ੯ ਮੁਹੱਰਮ ੧●੧੫ ਹਿ: (੭ ਮਈ) ਤਕ ਕਾਮਰਾਨ ਦੇ ਬਾਗ ਵਿਚ ਰਿਹਾ। ਜੋ ਜੋ ਲੋਕ ਅਪਰਾਧੀ ਸਮਝੇ ਗਏ ਸਜ਼ਾਵਾਂ ਪਾ ਗਏ, ਜਿਨ੍ਹਾਂ ਖਿਦਮਤਾਂ ਕੀਤੀਆਂ ਸਨ, ਇਨਾਮ ਪਾ ਗਏ ਤੇ ਇਸੇ ਦਿਨ ਪਾਤਸ਼ਾਹ ਲਾਹੌਰ ਸ਼ਹਿਰ ਦਾਖਲ ਹੋਇਆ। ਗੋਇਆ ਇਸ ਤਾਰੀਖ ਖਸਰੋ ਦਾ ਮਾਮਲਾ ਮੁੱਕ ਚੁਕ ਗਿਆ, ਦੋਸ਼ੀ ਦੰਡੇ ਗਏ, ਸਹਾਇਕ ਇਨਾਮੇ ਗਏ। ਪਰ ਗੁਰੂ ਸਾਹਿਬ ਦੇ ਖੁਸਰੋ ਨੂੰ ਮਿਲਣ ਦੀ ਗੱਲ ਅਜੇ ਬੀ ਪਾਤਸ਼ਾਹ ਨੂੰ ਨਹੀਂ ਸੁਣਾਈ ਦੇਂਦੀ, ਕੈਸਾ ਅਸਚਰਜ ਹੈ। ਹੋਰ ਸੋਚ ਵਾਲੀ ਗੱਲ ਹੈ, ਹੁਣ ਤਾਂ ਦੋਸ਼ੀ ਸਾਰੇ ਗ੍ਰਿਫਤਾਰ ਹੋ ਗਏ ਸਨ, ਉਨ੍ਹਾਂ ਤੋਂ ਪਾਤਸ਼ਾਹ ਦੇ ਪੱਖੀ ਅਹਿਲਕਾਰਾਂ ਨੇ ਤਸੀਹੇ ਦੇ ਕੇ ਯਾ ਲਾਲਚ ਪੇਸ਼ ਕਰ ਕਰ ਕੇ ਖੁਸਰੋ ਦੇ ਪੱਖੀਆਂ ਦੇ ਵੇਰਵੇ ਜ਼ਰੂਰੀ ਪੁੱਛੇ ਹੋਣਗੇ, ਪਰ ਕਿਤੋਂ ਕੋਈ ਗੱਲ ਸਤਿਗੁਰਾਂ ਦੇ ਮਿਲਣ ਦੀ ਇਨ੍ਹਾਂ ਤੋਂ ਬੀ ਨਾ ਮਿਲੀ, ਜੋ ਸਾਰੇ ਖੁਸਰੋ ਦੇ ਨਾਲ ਸਨ, ਜੇ ਗੁਰੂ ਜੀ ਨੂੰ ਖੁਸਰੋ ਮਿਲਿਆ ਹੁੰਦਾ ਤਾਂ ਸਭ ਨੂੰ ਪਤਾ ਹੁੰਦਾ। ਹੁਣ ਹੋਰ ਦੇਖੋ; ੯ ਮੁਹੱਰਮ ਤੋਂ ਬਾਦ ੨੨ ਤਰੀਕ ਤੱਕ ੧੩ ਦਿਨ ਹੋਰ ਬੀਤ ਜਾਂਦੇ ਹਨ। ਗੋਯਾ ਮਾਮਲਾ ਮਿਲ ਚੁੱਕੇ ਨੂੰ ੧੩ ਕੁ ਦਿਨ ਹੋਰ ਬੀ ਉਪਰ ਲੰਘ ਗਏ ਹਨ। ੨੨ ਮੁਹੱਰਮ (੨● ਮਈ ੧੬●੬ ਈ:) ਤੋਂ ਬਾਦ ਕਿਸੇ ਦਿਨ ਪਾਤਸ਼ਾਹ ਨੂੰ ਗੁਰੂ ਸਾਹਿਬ ਬਾਬਤ ਅਚਾਨਕ ਖਬਰ ਮਿਲਦੀ ਹੈ। ਹੁਣ ਵੀਚਾਰ ਕਰ ਲਓ ਕਿ ਵਾਕਿਆਤ ਦੀਆਂ ਤਾਰੀਖਾਂ ਦੀ ਘੋਖ ਸਾਬਤ ਕਰ ਦੇਂਦੀ ਹੈ ਕਿ ਜੇ ਕਦੇ ਗੁਰੂ ਸਾਹਿਬ ਦੇ ਮਿਲਣ ਦੀ ਗੱਲ ਅਮਰ ਵਾਕਿਆ ਹੁੰਦੀ ਤਾਂ ਪਾਤਸ਼ਾਹ ਨੂੰ ਜ਼ਰੂਰ ਵੇਲੇ ਸਿਰ ਖਬਰ ਮਿਲ ਜਾਂਦੀ। ਸਾਰੇ ਮਾਮਲੇ ਦੇ ਮੁੱਕ ਚੁੱਕਣ ਦੇ ਬੀ ੧੩ ਦਿਨ ਮਗਰੋਂ ਅਚਾਨਕ ਇਹ ਖਬਰ ਪਾਤਸ਼ਾਹ ਤਕ ਅਪੜਾਈ ਜਾਣੀ ਵਿਦ੍ਰੋਹੀਆਂ ਦਾ ਕੰਮ ਹੈ, ਜਿਨ੍ਹਾਂ ਨੂੰ ਚੇਤਾ ਆਇਆ ਹੈ ਕਿ ਪਾਤਸ਼ਾਹ ਦੇ ਗੁੱਸੇ ਚੜ੍ਹੇ ਤੋਂ ਲਾਭ ਅਸਾਂ ਕਿਉਂ ਨਾ ਲਿਆ। ਬੱਸ ਉਜ ਘੜੀ ਤੇ ਤਅੱਸਬ ਦੇ ਭਰੇ ਅਫਸਰਾਂ ਰਾਹੀਂ ਪੁਚਾਈ। ਪਾਤਸ਼ਾਹ ਆਪ ਮੰਨਦਾ ਹੈ ਕਿ ਉਹ ਅੱਗੇ ਹੀ ਗੁਰੂ ਸਾਹਿਬ ਦੇ ਵਿਰੁੱਧ ਸੀ, ਮਾਰ ਦੇਣ ਯਾ ਮੁਸਲਮਾਨ ਕਰ ਲੈਣ ਦਾ ਸੰਕਲਪ ਰੱਖਦਾ ਸੀ।

ਹੁਣ ਇਸ ਵਿਚਾਰ ਨਾਲ ਇਕ ਹੋਰ ਵਿਚਾਰ ਰਲਾਉਣੀ ਹੈ ਤੇ ਫਿਰ ਹੋਰ ਸਫੁਟ ਦਿਸ ਪੈਣਾ ਹੈ ਕਿ ਗੁਰੂ ਸਾਹਿਬ ਜੀ ਦਾ ਕੋਈ ਤੁਅੱਲਕ ਖੁਸਰੋ ਦੇ ਮਾਮਲੇ ਨਾਲ ਨਹੀਂ ਸੀ।

ਚਿਰ ਮਗਰੋਂ ਜਦੋਂ ਪਾਤਸ਼ਾਹ ਨੇ ਚੰਦੂ ਨੂੰ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿਤਾ ਹੈ ਕਿ ਜੋ ਸਜ਼ਾ ਚਾਹੋ ਦਿਓ, ਤਦੋਂ ਪਾਤਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਦੀ ਨਿਰਦੋਸ਼ਤਾ ਸਾਬਤ ਹੋ ਗਈ ਹੋਊ, ਤਾਂ ਹੀ ਚੰਦੂ ਨੂੰ ਗੁਰੂ ਜੀ ਦਾ ਦੋਸ਼ੀ ਸਮਝ ਕੇ ਹਵਾਲੇ ਕੀਤਾ ਹੋਊ ਨਾ। ਯਾਦ ਰਹੇ ਕਿ ਇਹ ਉਸ ਸਮੇਂ ਦਾ ਇਕ ਰਿਵਾਜ ਹੈਸੀ ਕਿ ਦੋਸ਼ੀ ਨੂੰ ਜਿਨ੍ਹਾਂ ਦਾ ਉਹ ਅਪਰਾਧੀ ਹੋਵੇ, ਉਨ੍ਹਾਂ ਦੇ ਹਵਾਲੇ ਕਰ ਦੇਂਦੇ ਸਨ, ਅਰ ਅਕਸਰ ਤਦੋਂ, ਜਦ ਬਹੁਤ ਵੱਡਾ ਤੇ ਅਤਿ ਪਾਪ ਹੋਯਾ ਹੋਵੇ।

ਸੋ ਚੰਦੂ ਨੂੰ ਛੇਵੇਂ ਗੁਰਾਂ ਦੇ ਹਵਾਲੇ ਕਰ ਦੇਣਾ ਕਿ ਜੋ ਦੰਡ ਮਰਜ਼ੀ ਹੈ ਦੇ ਲਓ, ਇਕ ਹੋਰ ਦਲੀਲ ਹੈ ਇਸ ਗੱਲ ਦੀ ਕਿ ਪਾਤਸ਼ਾਹ ਨੂੰ ਸਾਬਤ ਹੋ ਗਿਆ ਸੀ ਕਿ ਗੁਰੂ ਅਰਜਨ ਦੇਵ ਜੀ ਨਿਰਦੋਸ਼ ਸਨ, ਤੇ ਇਸ ਨੇ ਮੇਰੇ ਪਾਸ ਕੂੜ ਮਾਰਿਆ ਤੇ ਝੂਠੀਆਂ ਊਜਾਂ ਦਿਤੀਆਂ ਤੇ ਮੈਥੋਂ ਗਲਤੀ ਕਰਵਾਈ ਸੀ ਤੇ ਪਿਛੋਂ ਵਹਿਸ਼ੀਆਨਾ ਤਸੀਹੇ ਦਿਤੇ ਸਨ। ਮਾਮਲਾ ਹੋਰ ਖੋਜ ਦਾ ਮੁਥਾਜ ਹੈ, ਪਰ ਇਹ ਟੋਲ ਇਹ ਗੱਲ ਤਾਂ ਸਪਸ਼ਟ ਕਰਕੇ ਦੱਸ ਦੇਂਦੀ ਹੈ ਕਿ ਸਤਿਗੁਰੂ ਜੀ ਦਾ ਕੋਈ ਸਬੰਧ ਖੁਸਰੋ ਨਾਲ ਨਹੀਂ ਪਿਆ। ਐਤਨੇ ਸਾਰੇ ਦਿਨ ਪਾਤਸ਼ਾਹ ਦੇ ਗੋਇੰਦਵਾਲੋਂ ਲੰਘ ਜਾਣ ਮਗਰੋਂ ਗੁਰਦ੍ਰੋਹੀਆਂ ਨੇ ਘਾੜਤ ਘੜੀ ਤੇ ਪਾਤਸ਼ਾਹ ਦੇ ਕੱਚੇ ਤੇ ਪਹਿਲੋਂ ਤੋਂ ਹੀ ਬੁਗਜ ਨਾਲ ਭਰੇ ਦਿਲ ਨੂੰ ਹੋਰ ਜ਼ਹਿਰ ਆਲੂਦ ਕਰਕੇ ਸਾਕਾ ਵਰਤਾਇਆ।

੪. ਬਹੁਤ ਲੋਕਾਂ ਦਾ ਹੁਣ ਤਕ ਖਿਆਲ ਹੈ ਕਿ ਜਹਾਂਗੀਰ ਬੜਾ ਨਰਮ ਦਿਲ ਤੇ ਨਿਆਇਕਾਰੀ ਸੀ। ਉਹ ਆਪ ਬੀ ਲਿਖਦਾ ਹੈ ਕਿ ਮਚੇ ਜੰਗ ਤੇ ਸ਼ਿਕਾਰ ਬਿਨਾਂ ਕਿਸੇ ਦੀ ਜਾਨ ਨਹੀਂ ਲੈਣੀ ਚਾਹੀਦੀ। ਪਰ ਉਸ ਦੀਆਂ ਬੇ-ਰਹਿਮੀਆਂ ਸਖਤ ਜ਼ਾਲਮਾਨਾਂ ਸਨ। ਉਸ ਦੀ ਨਰਮੀ, ਨਿਆਇ ਤੇ ਅਤਿਆਚਾਰ ਸਾਰੇ ਇਕੱਠੇ ਉਸ ਵਿਚ ਸੇ। ਤੌਜ਼ਕੇ ਜਹਾਂਗੀਰ ਦਾ ਮੁਤਰੱਜਮ 'ਰਾਜਸ' ਲਿਖਦਾ ਹੈ, ਜਹਾਂਗੀਰ ਅਜੀਬ ਮਿਲ-ਗੋਭਾ ਸੀ, ਉਹ ਖੜ੍ਹਾ ਹੋ ਕੇ ਆਪਣੇ ਸਾਮ੍ਹਣੇ ਜਿਉਂਦਿਆਂ ਮਨੁੱਖਾਂ ਦੀਆਂ ਖੱਲਾਂ ਲਹਾਉਂਦਾ ਤੇ ਵੇਖ ਸਕਦਾ ਸੀ। ਤੇ ਜੀਕੂੰ ਉਹ (ਜਹਾਂਗੀਰ) ਆਪ ਦੱਸਦਾ ਹੈ ਕਿ ਇਕ ਆਦਮੀ ਨੂੰ ਮੈਂ ਜਾਨੋ ਮਰਵਾ ਦਿਤਾ ਤੇ ਦੋਹਾਂ ਦੀਆਂ ਸੜ੍ਹਾਂ ਵਢਾ ਦਿਤੀਆਂ ਕਿਉਂਕਿ ਉਹ ਬੇ-ਮੌਕਿਆਂ ਪਾਤਸ਼ਾਹ ਦੇ ਸਾਮ੍ਹਣੇ ਕਿਉਂ ਆ ਖੜੋਤੇ ਯਾ ਮੇਰੇ ਸ਼ਿਕਾਰ ਨੂੰ ਕਿਉਂ ਡਰਾ ਦਿਤਾ। ਫਿਰ ਉਹ ਨਿਆਂ ਦਾ ਯਾਰ ਤੇ ਵੀਰਵਾਰ ਦੀਆਂ ਸ਼ਾਮਾਂ ਉਚੀਆਂ ਗੁਫਤਗੂਆਂ ਵਿਚ ਖਰਚ ਕਰ ਸਕਦਾ ਸੀ।..............ਉਹ (ਜਹਾਂਗੀਰ) ਅੱਬੁਲ ਫਜ਼ਲ ਨੂੰ ਕਤਲ

ਕਰਵਾ ਸਕਦਾ ਸੀ ਤੇ ਬਿਨਾਂ ਪਛੁਤਾਏ ਦੇ ਆਪਣੀ ਕਰਤੂਤ ਮੰਨਦਾ ਸੀ। ਫੇਰ ਉਹ ਹਾਥੀਆਂ ਨੂੰ ਪਾਲਾ ਲਗਦਾ ਵੇਖ ਕੇ ਠੰਢੇ ਪਾਣੀ ਦੀ ਥਾਂ ਗਰਮ ਨਾਲ ਨਹਾਉਣ ਦਾ ਹੁਕਮ ਦੇ ਸਕਦਾ ਸੀ। ਹਿੰਦੂ ਫਕੀਰਾਂ ਨਾਲ ਗੱਲਾਂ ਕਰਦਾ ਸੀ, ਪਰ ਉਨ੍ਹਾਂ ਦੇ ਅਵਤਾਰਾਂ ਤੋਂ ਨਫਰਤ ਸੀ, ਤੇ ਵਿਸ਼ਨੂੰ ਦੀ ਬ੍ਰਾਹ ਅਵਤਾਰ ਦੀ ਮੂਰਤੀ ਤੋੜ ਕੇ ਪੁਸ਼ਕਰ ਵਿਚ ਸੁਟਵਾ ਦਿਤੀ ਸਾਸੁ।

ਐਲਫਿਮਸਟਨ ਲਿਖਦਾ ਹੈ - ਖੁਸਰੋ ਦੇ ਪਾਸ ਸਲਾਹਕਾਰ ਤੇ ਉਸ ਦੇ ਮਗਰ ਲੱਗਣ ਵਾਲੇ ਜੋ ਪਾਤਸ਼ਾਹ ਦੇ ਹੱਥ ਆਏ, ਉਸਨੂੰ ਉਨ੍ਹਾਂ ਪਰ ਆਪਣੇ ਆਚਰਨ ਦਾ ਵਹਿਸ਼ੀ-ਪੁਣਾ ਜ਼ਾਹਰ ਕਰਨ ਦਾ ਪੂਰਾ ਮੌਕਾ ਮਿਲਿਆ। ਸੱਤ ਸੌ ਕੈਦੀ ਲਾਹੌਰ ਦੇ ਦਰਵਾਜ਼ੇ ਤੋਂ ਬਾਹਰ ਕਤਾਰ ਵਿਚ Impale ਕੀਤੇ ਗਏ, ਅਰਥਾਤ ਸੂਲੀ ਚਾੜੇ ਗਏ, ਉਹ (ਜਹਾਂਗੀਰ) ਆਪਣੀ ਤੁਜ਼ਕ ਵਿਚ ਉਹਨਾਂ ਦੀਆਂ ਭਿਆਨਕ ਜਾਨਕਨੀ ਦੀਆਂ ਪੀੜਾਂ ਨੂੰ ਖੁਸ਼ ਹੋ-ਹੋ ਲਿਖਦਾ ਹੈ। ਆਪਣੇ ਵਹਸ਼ੀਪਨੇ ਨੂੰ ਪੂਰਾ ਕਰਨ ਲਈ ਪਾਤਸ਼ਾਹ ਨੇ ਖੁਸਰੋ ਨੂੰ ਹਾਥੀ ਤੇ ਚੜ੍ਹਾ ਕੇ ਇਨ੍ਹਾਂ ਲੋਕਾਂ ਵਿਚ ਦੀ ਲੰਘਾਇਆ, ਜਦੋਂ ਨਕੀਬ ਕਹਿ ਰਿਹਾ ਸੀ ਕਿ ਲੈ ਬੱਚੂ ਆਪਣੇ ਨੌਕਰਾਂ ਦੀਆਂ ਸਲਾਮਾਂ ਆਦਿ।

ਗੁਰੂ ਜੀ ਪਰ ਊਜਾਂ ਥੱਪਣ ਬਾਬਤ ਮੈਕਾਲਫ ਨੇ ਐਉਂ ਦੱਸਿਆ ਹੈ -

ਪੰਡਤਾਂ ਤੇ ਕਾਜ਼ੀਆਂ ਨੂੰ ਬੀ (ਇਹ) ਸਮਾਂ ਚੰਗਾ ਲੱਭਾ ਕਿ ਗੁਰੂ (ਜੀ ਤੇ) ਲਾਏ ਗਏ ਪੁਰਾਣੇ ਦੋਸ਼ਾਂ ਨੂੰ ਕਿ (ਉਨ੍ਹਾਂ ਨੇ ਇਕ) ਪੁਸਤਕ ਰਚੀ ਹੈ ਜਿਸ ਵਿਚ ਹਿੰਦੂਆਂ ਦੀਆਂ ਰਸਮਾਂ ਪੂਜਾ ਤੇ ਮੁਸਲਮਾਨਾਂ ਦੇ ਨਮਾਜ਼ ਰੋਜ਼ਿਆਂ ਨੂੰ ਨਿੰਦਿਆ ਹੈ, ਨਵੇਂ ਸਿਰੇ ਫੇਰ ਚੁੱਕਿਆ। ਇਸ ਤਰ੍ਹਾਂ ਦੇ ਦੋਸ਼ ਲਾ ਕੇ ਚੰਦੂ ਨੇ ਪਾਤਸ਼ਾਹ ਨੂੰ ਗੁਰੂ ਅਰਜਨ (ਦੇਵ ਜੀ) ਦੇ ਬੁਲਾ ਭੇਜਣ ਲਈ ਪ੍ਰੇਰਿਆ, ਚੰਦੂ ਦਾ ਦਿਲ ਹੁਣ ਪ੍ਰਸੰਨ ਸੀ, ਉਹ ਜਾਣਦਾ ਸੀ ਕਿ ਆਖਰ ਬਦਲਾ ਲੈਣਾ ਦਾ ਸਮਾਂ ਉਸਨੂੰ ਮਿਲ ਹੀ ਪਿਆ।

੫. ਇਕ ਅਚਰਜ ਗੱਲ ਹੈ ਕਿ ਪਾਤਸ਼ਾਹ ਲਿਖਦਾ ਹੈ ਕਿ ਮੈਂ ਮਾਰ ਦੇਣ ਦਾ ਹੁਕਮ ਦਿਤਾ ਹੈ ਤੇ ਫਰਾਸੀ ਲੇਖਕ ਦਬਿਸਤਾਨ ਮਜ਼ਾਹਬ ਵਾਲਾ ਲਿਖਦਾ ਹੈ ਭਾਰੀ ਜੁਰਮਾਨਾ ਕੀਤਾ, ਕਵਿ ਜੀ ਜੁਰਮਾਨਾ ਤਾਂ ਲਿਖਦੇ ਹਨ, ਪਰ ਪਾਤਸ਼ਾਹ ਵਲੋਂ ਬੇਅਦਬੀ ਤੇ ਮਾਰਨ ਦੇ ਹੁਕਮ ਦਾ ਪਤਾ ਨਹੀਂ ਲਿਖਦੇ। ਇਸ ਦਾ ਕਾਰਨ ਇਹੋ ਜਾਪਦਾ ਹੈ ਕਿ ਜੁਰਮਾਨੇ ਦੀ ਗੱਲ ਲਾਹੌਰ ਦੇ ਹਾਕਮਾਂ ਨੇ ਟੋਰੀ ਹੋਣੀ ਹੈ ਤੇ ਦੋਸ਼ ਚੰਦੂ ਨੂੰ ਦਿਤਾ ਹੋਣਾ ਹੈ ਕਿ ਇਸਨੇ ਜੁਰਮਾਨਾ ਵਸੂਲ ਕਰਨ ਲਈ ਗੁਰੂ ਜੀ ਨੂੰ ਦੁੱਖ ਦਿਤੇ ਤੇ ਜਾਨ ਲੀਤੀ। ਸੋ ਜਦ ਪਾਤਸ਼ਾਹ ਨੇ ਚੰਦੂ ਨੂੰ ਦੋਸ਼ੀ ਠਹਿਰਾਇਆ ਤੇ ਸਜ਼ਾ ਲਈ ਛੇਵੇਂ ਗੁਰਾਂ ਦੇ ਹਵਾਲੇ ਕਰ ਦਿਤਾ ਤਾਂ ਪਾਤਸ਼ਾਹ ਨੇ ਲੋਕਾਂ ਵਿਚ ਆਪਣੀ ਨਿਰਦੋਸ਼ਤਾ ਦਾ ਸਿੱਕਾ ਬਿਠਾ ਲਿਆ। ਇਹੋ ਖਿਆਲ ਆਮ ਪ੍ਰਚਾਰ ਹੋ ਗਿਆ ਤੇ ਸਰਬ ਸਾਧਾਰਨ ਦੇ ਸੀਨੇ ਬਸੀਨੇ ਟੁਰਿਆ ਆਇਆ। ਇਥੋਂ ਤਾਈਂ ਇਹ ਗੱਲ ਹੈ ਕਿ ਪਾਤਸ਼ਾਹ ਵਲੋਂ ਕਤਲ ਕਰ ਦੇਣ ਦੇ ਹੁਕਮ ਦਾ ਪਤਾ ਫਾਰਸੀ ਇਤਿਹਾਸਕਾਰ ਦਬਿਸਤਾਨ ਮਜ਼ਾਹਬ ਵਾਲੇ ਨੂੰ ਵੀ ਨਹੀਂ ਲੱਗਾ ਤੇ ਕਈ ਅੰਗ੍ਰੇਜ਼ੀ ਤੇ ਹੋਰ ਫਾਰਸੀ ਉਰਦੂ ਦੇ ਇਤਿਹਾਸਕਾਰਾਂ ਨੂੰ ਬੀ ਥਹੁ ਨਹੀਂ ਪਿਆ।

੬. ਬਾਕੀ ਰਹੀ ਇਡੇ ਕਰੜੇ ਤਸੀਹਿਆਂ ਵਿਚ, ਜੋ ਭਾਈ ਸੰਤੋਖ ਸਿੰਘ ਜੀ ਤੇ ਹੋਰ ਇਤਿਹਾਸਾਂ ਨੇ ਵਰਣਨ ਕੀਤੇ ਹਨ, ਸਤਿਗੁਰੂ ਅਰਜਨ ਦੇਵ ਜੀ ਦੀ ਬ੍ਰਿਤੀ ਕਿਸ ਪ੍ਰਕਾਰ ਦੀ ਰਹੀ? ਇਸ ਦੀ ਉਗਾਹੀ ਉਨ੍ਹਾਂ ਦੇ ਪਰਮ ਨਿਕਟਵਰਤੀ ਸੱਚੇ ਮਹਾਂਪੁਰਖ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਪਾਸ ਰਹੇ ਸਿੱਖਾਂ ਤੋਂ ਅੱਖੀ ਡਿੱਠੀ ਸੁਣ ਕੇ ਇਉਂ ਦਿਤੀ -

*ਰਹਿਦੇ ਗੁਰ ਦਰੀਅਉ ਵਿਚ ਮੀਨ ਕੁਲੀਨ ਹੇਤੁ ਨਿਰਬਾਣੀ।*
*ਦਰਸਨੁ ਦੇਖਿ ਪਤੰਗ ਜਿਉਂ ਜੋਤੀ ਅੰਦਰਿ ਜੋਤਿ ਸਮਾਣੀ।*
*ਸਬਦੁ ਸੁਰਤਿ ਲਿਵ ਮਿਰਗ ਜਿਉਂ ਭੀੜ ਪਈ*
*ਚਿਤਿ ਅਵਰ ਨ ਆਣੀ।*
*ਚਰਨ ਕਵਲ ਮਿਲਿ ਭਵਰ ਜਿਉਂ ਸੁਖ ਸੰਪੁਟ ਵਿਚ ਰੈਣਿ*
*ਵਿਹਾਣੀ।*
*ਗੁਰੁ ਉਪਦੇਸੁ ਨ ਵਿਸਰੇ ਬਾਬੀਹੇ ਜਿਉ ਆਖਿ ਵਖਾਣੀ।*
*ਗੁਰਮੁਖਿ ਸੁਖ ਫਲ ਪ੍ਰੇਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।*
*ਗੁਰ ਅਰਜੁਨ ਵਿਟਹੁ ਕੁਰਬਾਨੀ।*

*ਭਾਈ ਗੁਰਦਾਸ ਜੀ ਵਾਰ ੨੪*

ਅਰਥ - ਗੁਰ ਅਰਜਨ ਦੇਵ ਜੀ (ਤੱਤੇ ਰੇਤਿਆਂ ਵਿਚ ਬੈਠੇ ਅੰਦਰੋਂ) ਰਹਿੰਦੇ ਰਹੇ ਹਨ ਗੁਰੂ ਰੂਪੀ ਸਮੁੰਦਰ ਵਿਚ, ਜਿਵੇਂ ਮੱਛੀ (ਪਾਣੀ ਵਿਚ) ਲੀਨ ਰਹਿੰਦੀ (ਨਿਰਵਾਣ ਰਹਿੰਦੀ) ਹੈ, (ਤਿਵੇਂ ਆਪ ਕਸ਼ਟਾਂ ਵਿਚ) ਨਿਰਬਾਣ ਰਹੇ। (ਵਾਹਿਗੁਰੂ ਜੀ ਦਾ ਉਸ ਵੇਲੇ ਦਰਸ਼ਨ ਉਨ੍ਹਾਂ ਦੇ ਸਾਖਯਾਤਕਾਰ ਹੋ ਰਿਹਾ ਸੀ, ਉਸ) ਦਰਸ਼ਨ ਨੂੰ ਵੇਖ ਕੇ ਪਤੰਗ ਵਾਂਗੂੰ ਉਹਨਾਂ ਦੀ ਜੋਤਿ ਜੋਤੀ ਵਿਚ ਸਮਾ ਗਈ। ਹਾਂ (ਬੜੀ ਕਠਨ) ਭੀੜਾ ਉਹਨਾਂ ਤੇ ਪਈ ਸੀ, ਪਰ ਸੁਰਤ ਸ਼ਬਦ ਵਿਚ ਲੱਗੀ ਰਹੀ ਮ੍ਰਿਗ ਵਾਂਗੂੰ ਹੋਰ ਕੋਈ ਫੁਰਨਾ ਉਨ੍ਹਾਂ ਦੇ ਚਿਤ ਵਿਚ ਨਹੀਂ ਆਯਾ। (ਚਲਾਣੇ ਤੋਂ ਪਹਿਲੀ ਰਾਤ ਬੜੀ ਹੀ ਕਸ਼ਟ ਭਰੀ ਸੀ, ਪਰ ਭਾਈ ਜੀ ਦੱਸਦੇ ਹਨ ਕਿ ਗੁਰੂ ਜੀ ਦੀ ਉਹ) ਰਾਤ (ਭੀ) ਭਵਰ ਦੀ ਤਰ੍ਹਾਂ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਮਿਲੇ ਰਹਿ ਕੇ ਸੁਖਾਂ ਦੇ ਡੱਬੇ ਵਿਚ (ਬੈਠਿਆਂ) ਬੀਤੀ, (ਭਾਵ ਗੁਰੂ ਜੀ ਦੀ ਬਿਰਤੀ ਘਬਰਾ ਵਿਚ ਨਹੀਂ ਗਈ, ਆਪ ਸਹਜਾਨੰਦ ਵਿਚ ਹੀ ਰਹੇ)। (ਅੰਤਮ ਸ੍ਵਾਸਾਂ ਤਕ ਬੀ) ਬਾਬੀਹੇ ਦੀ ਤਰ੍ਹਾਂ ਪੁਕਾਰ ਕੇ ਸ਼ਬਦ ਦਾ ਵਖਿਆਨ ਕਰਦੇ ਰਹੇ। ਗੁਰਮੁਖ (ਗੁਰੂ ਅਰਜਨ ਨੇ) ਸੁਖ ਰੂਪੀ ਫਲ, ਪ੍ਰੇਮ ਰਸ, ਸਹਜ ਸਮਾਧਿ ਤੇ ਸਾਧ ਸੰਗਤ ਹੀ ਜਾਣੀ ਸੀ। (ਮੈਂ) ਗੁਰੂ ਅਰਜਨ ਜੀ ਤੋਂ ਕੁਰਬਾਨ ਹਾਂ, ਜਿਨ੍ਹਾਂ ਦੀ ਇਹ ਅਚਰਜ ਕਰਨੀ ਸੀ।

**********

# ਸੰਤ ਬਚਨ

## (ਭਾਗ ਦੂਜਾ)

## (ਪ੍ਰਸ਼ਨਾਂ ਦੇ ਉੱਤਰ - ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਵਲੋਂ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਅਗਲਾ ਦਿਨ ਆਇਆ, ਲਗਨ ਵਾਲੇ ਜਗਿਆਸੂ ਸਮੇਂ ਤੋਂ ਪਹਿਲਾਂ ਹੀ ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ) ਰਾੜੇ ਸਾਹਿਬ ਵਾਲਿਆਂ ਦੇ ਰਿਹਾਇਸ਼ ਅਸਥਾਨ, (ਕੋਠੀ ਸ. ਅਜਮੇਰ ਸਿੰਘ ਜੀ ਰੈਵੀਨਿਊ ਮਨਿਸਟਰ, ਸੈਕਟਰ 10) ਵਿਚ ਇਕੱਤਰ ਹੋ ਗਏ ਅਤੇ ਬਾਰ-ਬਾਰ ਆਪਣੀਆਂ ਘੜੀਆਂ ਦੇਖਦੇ ਉਹ ਮਹਾਂਪੁਰਸ਼ਾਂ ਦਾ ਇੰਤਜ਼ਾਰ ਕਰ ਰਹੇ ਸਨ। ਕੋਨੇ ਵਾਲੇ ਕਮਰੇ ਦਾ ਦਰਵਾਜ਼ਾ ਖੁਲ੍ਹਿਆ। ਕੋਠੀ ਦੇ ਅੱਗੇ ਬੈਠੇ ਪ੍ਰੇਮੀਆਂ ਨੇ ਦੇਖਿਆ ਅਤੇ ਮਹਾਂਪੁਰਸ਼ਾਂ ਦੇ ਸਤਿਕਾਰ ਲਈ ਸ਼ਰਧਾ ਪੂਰਵਕ ਖੜ੍ਹੇ ਹੋ ਗਏ ਜੋ ਉਸ ਕਮਰੇ ਵਿਚੋਂ ਆਹਿਸਤਾ-ਆਹਿਸਤਾ ਸਾਰਿਆਂ ਵੱਲ ਕ੍ਰਿਪਾ ਦ੍ਰਿਸ਼ਟੀ ਕਰਦੇ ਹੋਏ ਆਪਣੀ ਕੁਰਸੀ ਵਲ ਬਿਰਾਜਮਾਨ ਹੋਏ। ਸਾਰੀਆਂ ਸੰਗਤਾਂ ਦਾ ਸੀਸ ਪਿਆਰ ਅਤੇ ਸਤਿਕਾਰ ਨਾਲ ਝੁਕਿਆ। ਜਦੋਂ ਸਾਰੇ ਆਪੋ ਆਪਣੇ ਥਾਂ ਬੈਠ ਗਏ ਤਾਂ ਮਹਾਂਪੁਰਸ਼ ਸਭਨਾਂ ਵਲ ਦੇਖ ਕੇ ਮੁਸਕਰਾਏ ਅਤੇ ਕਿਹਾ ਕਿ ਅੱਜ ਕੀ ਪ੍ਰਸ਼ਨ ਲੈ ਕੇ ਆਏ ਹੋ? ਮੁਖ ਬੁਲਾਰੇ ਕਹਿਣ ਲਗੇ ਕਿ ਮਹਾਰਾਜ ਜੀ! ਬਚਨ ਤਾਂ ਆਪ ਤੋਂ ਪਿਛਲੇ ਦਸਾਂ ਦਿਨਾਂ ਵਿਚ ਐਨੇ ਸਰਵਣ ਕਰ ਚੁਕੇ ਹਾਂ ਜੋ ਸਾਡੀ ਸਾਰੀ ਜ਼ਿੰਦਗੀ ਲਈ ਹੀ ਬਹੁਤ ਹਨ ਪਰ ਆਪ ਜੀ ਜਾਣਦੇ ਹੀ ਹੋ ਕਿ ਆਦਮੀ ਦੇ ਅੰਦਰ ਹੋਰ-ਹੋਰ ਜਾਨਣ ਦੀ ਲੋਚਾ ਲਗੀ ਹੀ ਰਹਿੰਦੀ ਹੈ। ਜਿਸ ਤਰ੍ਹਾਂ ਦੇ ਨਾਲ ਪੈਸਾ ਕਮਾਉਣ ਵਾਲੇ ਸੰਤੁਸ਼ਟ ਨਹੀਂ ਹੁੰਦੇ ਅਤੇ ਸੰਤੋਖ ਧਾਰਨ ਨਹੀਂ ਕਰਦੇ, ਇਸੇ ਤਰ੍ਹਾਂ ਨਾਲ ਮਨ ਦੇ ਅੰਦਰ ਹੋਰ ਜਾਨਣ-ਹੋਰ ਜਾਨਣ ਦੀ ਲਾਲਸਾ ਲਗੀ ਰਹਿੰਦੀ ਹੈ ਭਾਵੇਂ ਪਹਿਲਾ ਜਾਣਿਆ ਭੁੱਲ ਹੀ ਕਿਉਂ ਨਾ ਜਾਵੇ। ਅਸੀਂ ਬਹੁਤ ਕੁਛ ਆਪ ਜੀ ਤੋਂ ਉਚੀਆਂ ਮੰਜ਼ਲਾਂ ਬਾਰੇ ਪੁੱਛ ਚੁੱਕੇ ਹਾਂ ਜਿਸ ਦੀ ਕਮਾਈ ਪੂਰਨ ਮਹਾਂਪੁਰਸ਼ਾਂ ਦੀ ਮਿਹਰ ਤੋਂ ਬਗੈਰ ਅਸੰਭਵ ਹੀ ਹੈ। ਅਸੀਂ ਆਪ ਦੇ ਦੱਸੇ ਦੇ ਮੁਤਾਬਿਕ ਕਈ ਦਿਨਾਂ ਤੋਂ ਅੰਮ੍ਰਿਤ ਵੇਲੇ ਉਠ ਕੇ ਸਾਧਨ ਵੀ ਕਰਦੇ ਹਾਂ, ਅੰਦਰ ਲਗਨ ਵੀ ਲੱਗੀ ਹੋਈ ਹੈ ਪਰ ਮਨ ਦੀਆਂ ਉਡਾਰੀਆਂ ਨੂੰ ਅਸੀਂ ਰੋਕ ਨਹੀਂ ਸਕਦੇ। ਇਹ ਅਨੇਕਾਂ ਕਿਸਮਾਂ ਦੇ ਖਿਆਲਾਂ ਦੇ ਨਾਲ ਹਿਰਦੇ ਨੂੰ ਗੰਧਲ੍ਹਾ ਰਖਦਾ ਹੈ। ਪਤਾ ਹੀ ਨਹੀਂ ਲਗਦਾ ਕਿ ਕਦੋਂ ਮਨ ਨੇ ਉਡਾਰੀ ਮਾਰੀ, ਕਿਥੇ ਚਲਿਆ ਗਿਆ ਅਤੇ ਕਿੰਨੀ ਦੇਰ ਬਾਅਦ ਵਾਪਸ ਪਰਤਿਆ।

ਇਕ ਪ੍ਰੇਮੀ ਨੇ ਕਿਹਾ ਕਿ ਮਹਾਰਾਜ ਜੀ ਮੈਂ ਬਹੁਤ ਸਾਵਧਾਨੀ ਨਾਲ 'ਜਪੁਜੀ ਸਾਹਿਬ' ਦਾ ਪਾਠ ਸ਼ੁਰੂ ਕਰਦਾ ਹਾਂ, ਮੈਨੂੰ ਬਹੁਤ ਹੈਰਾਨੀ ਹੁੰਦੀ ਹੈ ਕਿ ਐਨਾ ਸਾਵਧਾਨ ਹੋਣ ਦੇ ਬਾਵਜੂਦ ਵੀ ਮਨ ਪਤਾ ਨਹੀਂ ਕਿਹੜੀ ਦੁਨੀਆਂ ਵਿਚ ਜਾ ਕੇ ਪ੍ਰਵੇਸ਼ ਕਰ ਲੈਂਦਾ ਹੈ ਕਿ ਮੈਂ ਬੈਖਰੀ ਬਾਣੀ ਨਾਲ ਬਾਣੀ ਪੜ੍ਹਦਾ ਰਹਿੰਦਾ ਹਾਂ, ਜਪੁਜੀ ਸਾਹਿਬ ਪੂਰਾ ਹੋ ਜਾਂਦਾ ਹੈ, ਤਾਂ ਜਾ ਕੇ ਮੈਨੂੰ ਪਤਾ ਲਗਦਾ ਹੈ ਕਿ ਮੈਂ 'ਜਪੁਜੀ ਸਾਹਿਬ' ਪੂਰਾ ਪੜ੍ਹ ਲਿਆ ਹੈ ਪਰ ਮੇਰੇ ਮਨ ਅੰਦਰ ਵਿਚਾਰ ਸ਼ੁਰੂ ਹੋ ਜਾਂਦੀ ਹੈ ਕਿ ਤੂੰ ਜਪੁਜੀ ਸਾਹਿਬ ਪੂਰਾ ਨਹੀਂ ਪੜ੍ਹਿਆ ਕਿਉਂਕਿ 'ਜਪੁਜੀ ਸਾਹਿਬ' ਦੇ ਪਾਠ ਦੇ ਅੰਦਰ ਬਹੁਤ ਸਾਰੀਆਂ ਪਉੜੀਆਂ ਦੀਆਂ ਅੰਤਲੀਆਂ ਤੁਕਾਂ ਮਿਲਦੀਆਂ ਹਨ। ਕਈ ਵਾਰੀ ਮੈਂ ਦੇਖਿਆ ਹੈ ਕਿ ਮੈਂ - ***'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।।'*** ਦੀ ਇਕੋ ਪਉੜੀ ਪੜ੍ਹ ਕੇ ***'ਜੇ ਜੁਗ ਚਾਰੇ ਆਰਜਾ'*** ਵਿਚ ਚਲਿਆ ਜਾਂਦਾ ਹਾਂ। ***'ਸੁਣਿਐ'*** ਦੀ ਇਕ ਪਉੜੀ ਪੜ੍ਹ ਕੇ, ***'ਮੰਨੈ'*** ਦੀ ਪਉੜੀ ਵਿਚ ਚਲਿਆ ਜਾਂਦਾ ਹਾਂ, ***'ਵਾਰਿਆ ਨ ਜਾਵਾ ਏਕ ਵਾਰ'*** ਦੀ ਪਹਿਲੀ ਪਉੜੀ ਪੜ੍ਹ ਕੇ ਹੀ ***'ਭਰੀਐ ਹਥੁ ਪੈਰੁ ਤਨੁ ਦੇਹ।।'*** ਦੀ ਪਉੜੀ ਤੇ ਚਲਿਆ ਜਾਂਦਾ ਹਾਂ। ਇਸੇ ਤਰ੍ਹਾਂ ਨਾਲ ***'ਸੋ ਦਰੁ'*** ਦੀ ਪਉੜੀ ਤਕ ਪਹੁੰਚਿਆਂ, ਵਿਚੋਂ ਛੱਡ ਹੀ ਜਾਂਦਾ ਹਾਂ। ਉਪਰੰਤ ***'ਤੂ ਸਦਾ ਸਲਾਮਤਿ ਨਿਰੰਕਾਰ'*** ਵਾਲੀ ਇਕੋ ਪਉੜੀ ਪੜ੍ਹ ਕੇ ***'ਇਕ ਦੂ ਜੀਭੌ ਲਖ ਹੋਹਿ'*** ਤੇ ਪਹੁੰਚ ਜਾਂਦਾ ਹਾਂ। ਅੱਗੇ ***'ਸਰਮ ਖੰਡ'*** ਦੀ ਪਉੜੀ ਵਿਚ ਜਦੋਂ ***'ਜੇ ਕੋ ਕਹੈ ਪਿਛੈ ਪਛੁਤਾਇ।।'*** ਪੜ੍ਹ ਕੇ ***'ਕਾਗਦਿ ਕਲਮ ਨ ਲਿਖਣਹਾਰੁ।।'*** ਤੋਂ ***'ਮੰਨੇ'*** ਦੀਆਂ ਪਉੜੀਆਂ ਵਿਚ ਪ੍ਰਵੇਸ਼ ਕਰ ਲੈਂਦਾ ਹਾਂ। ਮੈਨੂੰ ਉਸ ਸਮੇਂ ਹੀ ਪਤਾ ਲਗਦਾ ਹੈ ਜਦੋਂ ਦੁਬਾਰਾ ਉਨ੍ਹਾਂ ਪਉੜੀਆਂ 'ਚੋਂ ਲੰਘਦਾ ਹਾਂ ਅਤੇ ਸੋਚਦਾ ਹਾਂ ਕਿ ਇਹ ਤਾਂ ਮੈਂ ਪੜ੍ਹ ਲਈਆਂ ਸਨ। ਮਹਾਰਾਜ ਜੀ ਮੈਨੂੰ ਬਹੁਤ ਹੀ ਸੰਕਟ ਹੈ, ਆਪ ਕ੍ਰਿਪਾ ਕਰਕੇ ਇਸਦਾ ਕੋਈ ਇਲਾਜ ਦੱਸੋ। ਇਹ ਗੱਲ ਸੁਣ ਕੇ ਬਹੁਤ ਸਾਰੇ ਪ੍ਰੇਮੀ ਬੋਲ ਉਠੇ ਕਿ ਮਹਾਰਾਜ ਜੀ ਜਦੋਂ ਆਪ ਨੇ ਭਾਈ ਗੋਪਾਲੇ, ਹਾਫਜ਼ਾਬਾਦ ਵਾਲੇ ਦਾ ਜ਼ਿਕਰ ਦੀਵਾਨ ਵਿਚ ਕੀਤਾ ਕਿ 'ਜਪੁਜੀ ਸਾਹਿਬ' ਦੇ ਸ਼ੁਧ ਪਾਠ ਦਾ ਫਲ ਗੁਰਗੱਦੀ ਦੇ ਕੇ ਵੀ ਪੂਰਾ ਨਹੀਂ ਹੁੰਦਾ ਤਾਂ ਸਾਨੂੰ ਬਹੁਤ ਖਿਆਲ ਆਇਆ ਕਿ ਬਾਣੀ ਸ਼ੁਧ ਅਤੇ ਇਕਾਗਰ ਚਿਤ ਪੜ੍ਹੀ ਜਾਵੇ। ਨਵਾਬ ਦੌਲਤ ਖਾਂ ਦੀ ਸਾਖੀ ਚਿਤ ਦੀ ਇਕਾਗਰਤਾ ਬਾਰੇ ਸਾਨੂੰ ਯਾਦ ਹੈ। ਇਸ ਸਬੰਧ ਵਿਚ ਕੀ ਕਰੀਏ?

ਇਹ ਸਾਰੀਆਂ ਬੇਨਤੀਆਂ ਸੁਣ ਕੇ ਸੰਤ ਮਹਾਰਾਜ ਜੀ ਮੁਸਕਰਾਏ ਅਤੇ ਕਹਿਣ ਲੱਗੇ ਕਿ ਪਿਆਰਿਓ! ਇਕ ਗੱਲ ਦੀ ਸਾਨੂੰ ਖੁਸ਼ੀ ਹੈ ਕਿ ਤੁਹਾਨੂੰ ਇਹ ਤਾਂ ਪਤਾ ਲਗ ਗਿਆ ਕਿ 'ਮਨ ਨਹੀਂ ਟਿਕਦਾ'। ਤੁਸੀਂ ਧੰਨ ਹੋ, ਤੁਸੀਂ ਕੁਛ ਮੰਜ਼ਿਲ ਤਹਿ ਕਰ ਲਈ ਹੈ, ਜਿਨ੍ਹਾਂ ਨੇ ਮਨ ਦੀਆਂ ਸ਼ਰਾਰਤਾਂ ਨੂੰ ਜਾਣ ਲਿਆ ਹੈ। ਨਹੀਂ ਤਾਂ ਬਹੁਤ ਸਾਰੇ ਜਗਿਆਸੂਆਂ ਨੂੰ ਪਾਠ ਕਰਨ ਸਮੇਂ, ਭਜਨ ਕਰਨ ਸਮੇਂ ਨੀਂਦ ਆ ਘੇਰਦੀ ਹੈ ਅਤੇ ਆਸਣ ਤੇ ਬੈਠੇ ਹੀ ਊਂਘਦੇ ਰਹਿੰਦੇ ਹਨ। ਕਈ ਵਾਰੀ ਵੇਖਣ ਵਾਲਿਆਂ ਨੂੰ ਇਉਂ ਲਗਦਾ ਹੈ ਕਿ ਇਸ ਪ੍ਰੇਮੀ ਦੀ ਸੁਰਤ ਬਹੁਤ ਉਚੀ ਚੜ੍ਹ ਗਈ ਹੈ, ਇਹ ਆਸਣ ਤੇ ਬੈਠਾ ਊਂਘਦਾ ਵੀ ਨਹੀਂ। ਨੇਤਰ ਬੰਦ ਹਨ, ਸਰੀਰ ਪੂਰੀ ਤਰ੍ਹਾਂ ਨਿਚਲਾ ਹੈ ਪਰ ਉਸਦੀ ਸੁਰਤਿ, ਤੁੰਦਰਾ ਨੀਂਦ ਵਿਚ ਗ੍ਰਸਤ ਹੋ ਕੇ ਸਾਰਾ ਸਮਾਂ ਅਜਾਈਂ ਗਵਾ ਦਿੰਦੀ ਹੈ। ਉਸਨੂੰ ਵੀ ਪਤਾ ਨਹੀਂ ਲਗਦਾ। ਉਸ ਨੀਂਦ ਦਾ ਜੋ ਰਸ ਹੈ,

ਉਸ ਨੂੰ ਉਹ ਪ੍ਰੇਮੀ ਸਮਾਧੀ ਗਿਣਦਾ ਹੈ ਪਰ ਹੁੰਦੀ ਉਹ ਯੋਗੀਆਂ ਵਾਲੀ ਨੀਂਦ ਹੀ ਹੈ; ਭਾਵੇਂ ਸਰੀਰ 90 ਦਰਜੇ ਤੇ ਰੀੜ੍ਹ ਦੀ ਹੱਡੀ ਰੱਖ ਕੇ ਆਸਣ ਲਾਈ ਬੈਠਾ ਹੋਵੇ।

ਪਿਛਲੀਆਂ ਵਿਚਾਰਾਂ ਵਿਚ ਅਸੀਂ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਕਾਫੀ ਦੱਸ ਚੁੱਕੇ ਹਾਂ ਪਰ ਤੁਹਾਡੀ ਪੁੱਛ ਦਾ ਉਤਰ ਦਿੰਦਿਆਂ ਨਵੇਂ ਸਿਰੇ ਤੋਂ ਫੇਰ ਦੱਸਿਆ ਜਾਂਦਾ ਹੈ, ਧਿਆਨ ਪੂਰਵਕ ਤੁਸੀਂ ਇਨ੍ਹਾਂ ਬਚਨਾਂ ਨੂੰ ਸ੍ਰਵਣ ਕਰੋ।

ਮਨ ਨੂੰ ਇਕਾਗਰ ਕਰਨ ਵਾਸਤੇ, ਚਿੱਤ ਦੀਆਂ ਬਿਰਤੀਆਂ ਨੂੰ ਸਮਝਣਾ ਜ਼ਰੂਰੀ ਹੈ ਕਿਉਂਕਿ ਜਿੰਨੀ ਦੇਰ ਤਕ ਚਿੱਤ ਸਾਥ ਨਹੀਂ ਦਿੰਦਾ, ਮਨ ਟਿਕਣਾ ਕਾਫੀ ਮੁਸ਼ਕਲ ਹੋਇਆ ਕਰਦਾ ਹੈ।

ਵਾਹਿਗੁਰੂ ਜੀ ਦਾ ਸਰੂਪ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਹੋਣ ਕਰਕੇ ਕੇਵਲ ਅਨੁਭਵ ਦਾ ਵਿਸ਼ਾ ਹੈ। ਇਹ ਅਨੁਭਵ ਬਹੁਤ ਮਿਹਨਤ ਨਾਲ ਅਤੇ ਸਾਧੂ ਦੀ ਸੰਗਤ ਕਰਕੇ ਜਾਗਿਆ ਕਰਦਾ ਹੈ। ਫੇਰ ਇਸ ਨਿਰਾਕਾਰ ਪਰਿਪੂਰਨ ਸਤਾ ਦੀ ਸੋਝੀ ਮਨ ਵਿਚ ਜਾਗਦੀ ਹੈ, ਨਹੀਂ ਤਾਂ ਗਿਆਨ ਇੰਦ੍ਰੇ ਦੇਖਣ, ਸੁਣਨ ਵਾਲੀਆਂ ਚੀਜ਼ਾਂ ਦੇ ਵਿਚ ਗਲਤਾਨ ਰਹਿੰਦੇ ਹਨ ਅਤੇ ਉਨ੍ਹਾਂ ਦੇ ਅਕਸ, ਚਿਤ ਵਿਚ ਐਉਂ ਉਕਰ ਜਾਂਦੇ ਹਨ ਜਿਵੇਂ ਕੈਮਰੇ ਵਿਚ ਫੋਟੋ, ਰੀਲ੍ਹ ਉਪਰ ਉਕਰ ਜਾਂਦੀ ਹੈ। ਦਿਸਣ ਵਾਲੀਆਂ ਚੀਜ਼ਾਂ ਨਾਲ ਚਿਤ ਨੂੰ ਖਾਸ ਲਗਾਉ ਹੋਇਆ ਕਰਦਾ ਹੈ। ਉਨ੍ਹਾਂ ਦੇ ਵਿਚ ਕੁਝ ਪਿਆਰਾ ਲਗਦਾ ਹੈ, ਕੁਝ ਬਾਰੇ ਦ੍ਵੈਸ਼ ਭਾਵਨਾ ਜਾਗਦੀ ਹੈ। ਅੱਖਾਂ ਦੇ ਰਾਹੀਂ ਅਸੀਂ ਸੰਸਾਰ ਹਰ ਸਮੇਂ ਤਕਦੇ ਰਹਿੰਦੇ ਹਾਂ ਅਤੇ ਦੇਖਣ ਵਾਲੀਆਂ ਚੀਜ਼ਾਂ ਦੇ ਅਕਸ ਅਸਾਡੇ ਚਿਤ ਵਿਚ ਉਕਰੇ ਜਾਂਦੇ ਹਨ। ਜਦੋਂ ਅਸੀਂ ਨੇਤਰ ਬੰਦ ਕਰਦੇ ਹਾਂ ਤਾਂ ਸਹਿਜ ਸੁਭਾਅ ਦੇਖੀਆਂ ਚੀਜ਼ਾਂ ਦੀ ਰੀਲ੍ਹ ਯਾਦਾਸ਼ਤ ਦੀ ਮਦਦ ਨਾਲ ਚਲ ਪੈਂਦੀ ਹੈ। ਉਨ੍ਹਾਂ ਦੀਆਂ ਸ਼ਕਲਾਂ ਸਾਮ੍ਹਣੇ ਆਉਂਦੀਆਂ ਰਹਿੰਦੀਆਂ ਹਨ ਅਤੇ ਮਨ ਉਨ੍ਹਾਂ ਵਿਚ ਪਰਚਿਆ ਫੁਰਨੇ ਕਰਦਾ ਰਹਿੰਦਾ ਹੈ। ਇਸਨੂੰ ਪ੍ਰਮਾਣ ਬਿਰਤੀ ਆਖਦੇ ਹਨ। ਇਸ ਬਿਰਤੀ ਵਿਚੋਂ ਨਿਕਲਣ ਲਈ ਅਸਾਨੂੰ ਗੁਰਬਾਣੀ ਦੀ ਵਿਚਾਰ ਦਾ ਆਸਰਾ ਲੈਣਾ ਪੈਂਦਾ ਹੈ ਜਿਵੇਂ ਕਿ –

***ਦ੍ਰਿਸਟਉ ਕਛੁ ਸੰਗਿ ਨ ਜਾਇ***
***ਮਾਨੁ ਤਿਆਗਿ ਮੋਹਾ।।***
***ਏਕੈ ਹਰਿ ਪ੍ਰੀਤਿ ਲਾਇ ਮਿਲਿ ਸਾਧਸੰਗਿ ਸੋਹਾ।।***
***ਅੰਗ – 1230***

ਸੰਸਾਰ ਦੀਆਂ ਪ੍ਰੀਤਾਂ ਛੱਡ ਕੇ ਕੇਵਲ ਵਾਹਿਗੁਰੂ ਨਾਲ ਪ੍ਰੀਤ ਰੱਖ ਕੇ ਮਨ ਦੀ ਸੂਈ ਪ੍ਰਭੂ ਵਲ ਹੋ ਜਾਇਆ ਕਰਦੀ ਹੈ। ਫੁਰਮਾਨ ਹੈ –

***ਮਾਤਰ ਪਿਤਰ ਤਿਆਗਿ ਕੈ***
***ਮਨੁ ਸੰਤਨ ਪਾਹਿ ਬੇਚਾਇਓ।।***
***ਜਾਤਿ ਜਨਮ ਕੁਲ ਖੋਈਐ***
***ਹਉ ਗਾਵਉ ਹਰਿ ਹਰੀ।।***
***ਲੋਕ ਕੁਟੰਬ ਤੇ ਟੂਟੀਐ***
***ਪ੍ਰਭ ਕਿਰਤਿ ਕਿਰਤਿ ਕਰੀ।।***
***ਗੁਰਿ ਮੋ ਕਉ ਉਪਦੇਸਿਆ***
***ਨਾਨਕ ਸੇਵਿ ਏਕ ਹਰੀ।। ਅੰਗ – 1230***

ਇਸ ਤਰ੍ਹਾਂ ਦੇ ਨਾਲ ਗੁਰਬਾਣੀ ਦੀ ਵਿਚਾਰ ਕਰਨੀ ਬਹੁਤ ਹੀ ਜ਼ਰੂਰੀ ਹੈ ਅਤੇ ਵਾਹਿਗੁਰੂ ਜੀ ਨਾਲ ਉਨ੍ਹਾਂ ਨੂੰ ਹਾਜ਼ਰ ਨਾਜ਼ਰ ਸਮਝ ਕੇ ਪਿਆਰ ਕਰਨਾ ਚਾਹੀਦਾ ਹੈ ਕਿਉਂਕਿ ਸੰਸਾਰ ਦੀਆਂ ਦੇਖਣਹਾਰ ਚੀਜ਼ਾਂ ਅਤੇ ਸਨਬੰਧੀ ਵਿਅਕਤੀ ਦਰਗਾਹ ਵਿਚ ਨਾਲ ਨਹੀਂ ਜਾਂਦੇ ਅਤੇ ਨਾ ਹੀ ਸਹਾਇਤਾ ਕਰਦੀਆਂ ਹਨ। ਜੋ ਵਾਹਿਗੁਰੂ ਜੀ ਸੰਗ ਸਹਾਈ ਹੈ, ਉਸ ਨਾਲ ਪ੍ਰੀਤ ਕਰਨੀ ਚਾਹੀਦੀ ਹੈ ਜਿਵੇਂ ਕਿ –

***ਹਰਿ ਬਿਨੁ ਤੇਰੋ ਕੋ ਨ ਸਹਾਈ।।***
***ਕਾਂ ਕੀ ਮਾਤ ਪਿਤਾ ਸੁਤ ਬਨਿਤਾ***
***ਕੋ ਕਾਹੂ ਕੋ ਭਾਈ।।***
***ਧਨੁ ਧਰਨੀ ਅਰੁ ਸੰਪਤਿ ਸਗਰੀ***
***ਜੋ ਮਾਨਿਓ ਅਪਨਾਈ।।***
***ਤਨ ਛੂਟੈ ਕਛੁ ਸੰਗਿ ਨ ਚਾਲੈ***
***ਕਹਾ ਤਾਹਿ ਲਪਟਾਈ।।***
***ਦੀਨ ਦਇਆਲ ਸਦਾ ਦੁਖ ਭੰਜਨ***
***ਤਾ ਸਿਉ ਰੁਚਿ ਨ ਬਢਾਈ।।***
***ਨਾਨਕ ਕਹਤ ਜਗਤ ਸਭ ਮਿਥਿਆ***
***ਜਿਉ ਸੁਪਨਾ ਰੈਨਾਈ।। ਅੰਗ – 1231***

ਅਜਿਹੀਆਂ ਵਿਚਾਰਾਂ ਕਰਨ ਨਾਲ ਪ੍ਰਮਾਣ ਬਿਰਤੀ ਵਿਚੋਂ ਚਿਤ ਨਿਕਲ ਕੇ ਪ੍ਰਭੂ ਨਾਲ ਪਿਆਰ ਪਾ ਲੈਂਦਾ ਹੈ ਅਤੇ ਜਦੋਂ ਇਸ ਵਿਚਾਰ ਵਿਚ ਰਹਿੰਦਾ ਹੈ ਤਾਂ ਦੇਖਣ ਵਾਲੀਆਂ ਚੀਜ਼ਾਂ ਵਿਚ ਚਿਤ ਨਹੀਂ ਪਰਚਦਾ।

ਦੂਸਰੀ ਬਿਰਤੀ ਹੋਇਆ ਕਰਦੀ ਹੈ – ਭਜਨ ਕਰਨ ਵੇਲੇ ਨਿੰਦ੍ਰਾ ਦਾ ਦੋਸ਼ ਬਹੁਤ ਵਿਘਨਕਾਰੀ ਹੁੰਦਾ ਹੈ। ਇਸ ਤੋਂ ਬਚਣਾ ਚਾਹੀਦਾ ਹੈ। ਇਸ ਤੋਂ ਬਚਣ ਲਈ ਥੋੜ੍ਹਾ ਹੱਠ ਧਾਰਨ ਕਰਨਾ ਪੈਂਦਾ ਹੈ ਜਿਵੇਂ ਕਿ ਖੜ੍ਹੇ ਹੋ ਕੇ ਉਚੀ ਬੈਰਾਗਣ ਦੀ ਸਹਾਇਤਾ ਨਾਲ ਨਾਮ ਜਪਣਾ ਜਾਂ ਥੋੜ੍ਹਾ ਤੁਰ ਫਿਰ ਕੇ ਆਲਸ ਨੂੰ ਦੂਰ ਕਰਨਾ।

ਤੀਸਰੀ ਬਿਰਤੀ ਵਿਕਲਪ ਦੀ ਹੋਇਆ ਕਰਦੀ ਹੈ। ਇਸ ਵਿਚ ਮਨ ਕਲਪਨਾ ਕਰਦਾ ਰਹਿੰਦਾ ਹੈ ਕਿ ਮੈਨੂੰ ਭਜਨ ਕਰਨ ਦੇ ਬਦਲੇ ਇੱਛਿਆ ਦੇ ਮੁਤਾਬਿਕ ਫਲ ਮਿਲਣ। ***'ਸੇਵਾ ਥੋਰੀ ਮਾਗਨੁ ਬਹੁਤਾ।।'*** *( ਅੰਗ – 738)* ਵਾਲੀ ਮਨੋ ਬਿਰਤੀ ਹੋਣ ਕਰਕੇ ਬਿਰਤੀ ਵਿਚ ਮੰਗਣ–ਪੁਣਾ ਵਸਿਆ ਰਹਿੰਦਾ ਹੈ। ਇਸ ਦੀ ਨਿਰਵਿਰਤੀ ਵੀ ਵਿਚਾਰ ਨਾਲ ਹੁੰਦੀ ਹੈ ਕਿ ਜੋ ਕੁਛ ਪ੍ਰਭੂ ਨੇ ਲੇਖ ਲਿਖਿਆ ਹੈ, ਉਹਦੇ ਮੁਤਾਬਿਕ ਵਸਤੂ ਮਿਲ ਹੀ ਜਾਣੀ ਹੈ। ਜੇ ***'ਸੇਵਾ ਕਰਤ ਹੋਇ ਨਿਹਕਾਮੀ।।'*** *(ਅੰਗ – 286)* ਵਾਲੀ ਬਿਰਤੀ ਧਾਰਨ ਕਰੀ ਜਾਵੇ ਤਾਂ ਫਲਸਰੂਪ ਵਾਹਿਗੁਰੂ ਜੀ ਦਾ ਮਿਲਾਪ ਹੋ ਜਾਇਆ ਕਰਦਾ ਹੈ।

ਚੌਥੀ ਹੈ ਭਜਨ ਕਰਨ ਵੇਲੇ ਬੀਤ ਗਈ ਦੀ ਯਾਦ ਖਹਿੜਾ ਨਹੀਂ ਛੱਡਦੀ, ਬਚਪਨ 'ਚ ਲੰਘੀਆਂ ਗੱਲਾਂ, ਭੁੱਲੇ ਹੋਏ ਵਰਤ ਵਰਤਾਵੇ, ਯਾਦਗਾਰ ਦੀਆਂ ਪਰਤਾਂ ਵਿਚੋਂ ਆਪਣਾ ਸਿਰ ਚੁਕ ਲੈਂਦੇ ਹਨ ਅਤੇ ਨਾਮ ਰਸ ਵਿਚ ਮਗਨ ਨਹੀਂ ਹੋਣ

ਦਿੰਦੇ ਅਤੇ ਸਿਮ੍ਰਿਤੀ ਬਣੀ ਰਹਿੰਦੀ ਹੈ। ਇਸ ਵਿਚ ਵਿਚਾਰ ਦੀ ਲੋੜ ਹੈ ਕਿ ਜੋ ਸਮਾਂ ਲੰਘ ਗਿਆ, ਉਹ ਤਾਂ ਲੰਘ ਹੀ ਗਿਆ; ਜੋ ਅਜੇ ਆਉਣਾ ਹੈ, ਉਸ ਦੇ ਬਾਰੇ ਸੋਚਣਾ ਹੀ ਨਿਰਮੂਲ ਹੈ ਕਿਉਂਕਿ ਸਾਰੀ ਕ੍ਰਿਆ ਵਾਹਿਗੁਰੂ ਜੀ ਦੇ ਹੁਕਮ ਅਧੀਨ ਹੀ ਚਲ ਰਹੀ ਹੈ। ਜੋ ਸਮਾਂ ਅੱਜ ਦਾ ਅਸਾਡੇ ਪਾਸ ਹੈ, ਉਸਨੂੰ ਸਫਲਾ ਕਰਨਾ ਚਾਹੀਦਾ ਹੈ। ਇਸ ਤੋਂ ਅਗਲੀ ਵਿਚਾਰ ਇਹ ਹੈ ਕਿ ਮਹਾਂਪੁਰਸ਼ ਗੁਰਬਾਣੀ ਦੇ ਦੱਸੇ ਸਿਧਾਂਤਾਂ ਮੁਤਾਬਿਕ ਇਹ ***'ਦ੍ਰਿਸਟਿਮਾਨ ਹੈ ਸਗਲ ਬਿਨਾਸੀ'*** *( ਅੰਗ – **1204)*** ਨਾਸ਼ ਹੋਣ ਵਾਲਾ ਹੈ। ਸੰਸਾਰ 'ਚ ਵੱਡੇ–ਵੱਡੇ ਆਏ, ਕੋਈ ਵੀ ਐਥੇ ਨਹੀਂ ਟਿਕ ਸਕਿਆ, ਸਭ ਚਲੇ ਜਾਂਦੇ ਹਨ। ਜਿਵੇਂ ਕਿ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਦਾ ਫੁਰਮਾਨ ਹੈ –

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ।।***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ।।***
***ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ,***
***ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ।।***
***ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,***
***ਭੂਮ ਹੀ ਤੇ ਹੁਇਕੈ, ਫੇਰੇ ਭੂਮ ਹੀ ਮਿਲਏ ਹੈਂ।।***
***(ਅਕਾਲ ਉਸਤਤਿ)***

***ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ।।***
***ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ।।***
***ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ।।***
***ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ।।***
***ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ।।***
***ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ।।***
***ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ।।***
***ਨਿਹਚਲੁ ਸਚੁ ਖੁਦਾਇ ਏਕੁ***
***ਖੁਦਾਇ ਬੰਦਾ ਅਬਿਨਾਸੀ।। ਅੰਗ – 1100***

ਅਜਿਹੀ ਵਿਚਾਰ ਦੇ ਹੁੰਦਿਆਂ ਜਗਤ ਨੂੰ ਸੱਤਿ ਸਮਝਦਾ ਹੈ, ਵਾਹਿਗੁਰੂ ਜੀ ਨੂੰ ਅਸੱਤਿ ਸਮਝਦਾ ਹੈ; ਇਸ ਬਿਰਤੀ ਨੂੰ ਵਿਪਰਜੇ ਬਿਰਤੀ ਕਿਹਾ ਜਾਂਦਾ ਹੈ।

ਮਹਾਰਾਜ ਜੀ ਪ੍ਰਸ਼ਨ ਕਰਦੇ ਹਨ –

***ਇਹੁ ਜਗੁ ਧੂਏ ਕਾ ਪਹਾਰ।।***
***ਤੈ ਸਾਚਾ ਮਾਨਿਆ ਕਿਹ ਬਿਚਾਰਿ।।***
***ਅੰਗ – 1187***

ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਬਾਣੀ ਦੀ ਵਿਚਾਰ ਦੇ ਨਾਲ ਚਿਤ ਵਿਚ ਪ੍ਰਭੂ ਪ੍ਰਾਪਤੀ ਦੀ ਦ੍ਰਿੜ੍ਹਤਾ ਲਿਆਵਾਂਗੇ ਤਾਂ ਮਨ ਵਿਚਾਰ ਵਸ ਹੋਇਆ–ਹੋਇਆ ਟਿਕਣਾ ਸ਼ੁਰੂ ਕਰ ਦੇਵੇਗਾ।

ਫੇਰ ਵੀ ਮਨ ਨੂੰ ਇਕਾਗਰ ਕਰਨ ਦੇ ਤਰੀਕੇ ਮਹਾਂਪੁਰਸ਼ਾਂ ਪਾਸ ਹੋਇਆ ਕਰਦੇ ਹਨ। ਉਨ੍ਹਾਂ ਨੂੰ ਧਿਆਨ ਨਾਲ ਸੁਣੋ –

1. ਮਨ ਦਾ ਘੋੜਾ ਸੁਆਸ ਹਨ। ਜਿਸ ਤਰ੍ਹਾਂ ਦੇ ਨਾਲ ਕੋਈ ਸਵਾਰ ਘੋੜੇ ਤੇ ਬੈਠਾ ਆਪਣਾ ਕਾਰਜ ਕਰਨ ਜਾਇਆ ਕਰਦਾ ਹੈ, ਇਸੇ ਤਰ੍ਹਾਂ ਦੇ ਨਾਲ ਮਨ ਸੁਆਸਾਂ ਰਾਹੀਂ ਸਵਾਰੀ ਕਰਕੇ ਬਾਹਰ ਉਡਾਰੀਆਂ ਮਾਰਦਾ ਹੈ। ਜੇ ਸਾਨੂੰ breath control ਦੀ ਸਾਇੰਸ ਆਉਂਦੀ ਹੋਵੇ ਤਾਂ ਅਸੀਂ ਮਨ ਨੂੰ ਸਥਿਰ ਕਰ ਸਕਦੇ ਹਾਂ। ਜਿਵੇਂ ਘੋੜੇ ਦੀਆਂ ਵਾਗਾਂ ਫੜ ਲਈਆਂ ਜਾਣ ਤਾਂ ਘੋੜੇ ਦੇ ਖੜੋਣ ਨਾਲ ਸਵਾਰ ਕਿਤੇ ਜਾ ਨਹੀਂ ਸਕਿਆ ਕਰਦਾ ਪਰ ਇਸ ਤੋਂ ਪਹਿਲਾਂ ਮਨ ਦੀਆਂ ਅਨੇਕ ਤਰੰਗਾਂ ਵਾਸ਼ਨਾਵਾਂ ਦੇ ਰੂਪ ਵਿਚ ਉਡਾਰੀਆਂ ਮਾਰ ਰਹੀਆਂ ਹਨ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਨਵਾਬ ਦੌਲਤ ਖਾਨ ਨੂੰ ਦੱਸਿਆ ਸੀ ਕਿ ਵਾਸ਼ਨਾਵਾਂ ਦੇ ਅਸਰ ਵਿਚ ਹੋਇਆ–ਹੋਇਆ ਮਨ ਉਨ੍ਹਾਂ ਵਾਸ਼ਨਾਵਾਂ ਦੀ ਪੂਰਤੀ ਲਈ ਉਡਾਰੀਆਂ ਮਾਰਦਾ ਹੀ ਰਹਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੂੰ ਨਵਾਬ ਨੇ ਮਸਜਿਦ ਵਿਚ ਨਮਾਜ਼ੀਆਂ ਵਿਚ ਸ਼ਾਮਿਲ ਹੋ ਕੇ ਨਮਾਜ਼ ਪੜ੍ਹਨ ਲਈ ਕਿਹਾ ਤਾਂ ਮਹਾਰਾਜ ਜੀ ਗੁਰੂ ਨਾਨਕ ਪਾਤਸ਼ਾਹ ਨਮਾਜ਼ੀਆਂ 'ਚ ਜਾ ਕੇ ਖੜ੍ਹੇ ਹੋ ਗਏ ਪਰ ਨਮਾਜ਼ ਸ਼ੁਰੂ ਹੁੰਦੇ ਹੀ ਇਕ ਪਾਸੇ ਹੋ ਕੇ ਪ੍ਰਭੂ ਦੀ ਯਾਦ ਵਿਚ ਜੁੜੇ ਰਹੇ। ਨਮਾਜ਼ ਦੀ ਸਮਾਪਤੀ ਪਿਛੋਂ ਨਵਾਬ ਦੌਲਤ ਖਾਨ ਨੇ ਕਿਹਾ, "ਹੇ ਨਾਨਕ! ਤੂੰ ਨਮਾਜ਼ ਕਿਉਂ ਨਹੀਂ ਪੜ੍ਹੀ?" ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਨਵਾਬ ਸਾਹਿਬ! ਅਸੀਂ ਤਾਂ ਨਮਾਜ਼ ਵਿਚ ਹੀ ਰਹੇ ਹਾਂ, ਪ੍ਰਭੂ ਦੀ ਯਾਦ ਵਿਚ ਸਾਡਾ ਸਾਰਾ ਸਮਾਂ ਸਫਲ ਹੁੰਦਾ ਹੈ ਪਰ ਤੂੰ ਅੱਧਾ ਮਿੰਟ ਵੀ ਨਮਾਜ਼ ਵਿਚ ਸ਼ਾਮਿਲ ਨਹੀਂ ਹੋਇਆ ਅਤੇ ਕੰਧਾਰ ਘੋੜੇ ਖਰੀਦਣ ਲਈ ਭੇਜਿਆਂ ਆਪਣੇ ਬੰਦਿਆਂ ਨੂੰ ਦਸਦਾ ਰਿਹਾ ਹੈਂ ਕਿ ਕਿਸ–ਕਿਸ ਰੰਗ ਦੇ ਘੋੜੇ ਖਰੀਦਣੇ ਹਨ ਅਤੇ ਕਿਸ–ਕਿਸ ਮਤਲਬ ਲਈ ਘੋੜੇ ਚਾਹੀਦੇ ਹਨ। ਨਮਾਜ਼ ਖਤਮ ਹੋਣ ਪਿਛੋਂ ਤੂੰ ਵਾਪਸ ਆਇਆ। ਸੋ ਨਮਾਜ਼ ਵਿਚੋਂ ਗੈਰ–ਹਾਜ਼ਰ ਰਿਹਾ। ਸਰੀਰ ਦੀ ਹਾਜ਼ਰੀ ਬਹੁਤੀ ਮਹੱਤਵਪੂਰਨ ਨਹੀਂ ਹੋਇਆ ਕਰਦੀ। ਅੱਲਾ ਦੀ ਦਰਗਾਹ ਵਿਚ ਮਨ ਦੀ ਹਾਜ਼ਰੀ ਗਿਣੀ ਜਾਇਆ ਕਰਦੀ ਹੈ। ਨਵਾਬ ਨੇ ਮਨ ਦੀ ਹਾਜ਼ਰੀ ਲਈ ਬੇਨਤੀ ਕਰਕੇ ਪੁਛਿਆ ਤਾਂ ਮਹਾਰਾਜ ਜੀ ਨੇ ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ, ਬਚਨ ਕੀਤਾ ਕਿ ਨਵਾਬ ਸਾਹਿਬ! ਮਨ ਪਵਨ ਸਵਾਰੀ ਕਰਦਾ ਹੈ ਅਤੇ ਵਾਸ਼ਨਾਵਾਂ ਦੇ ਅਧੀਨ ਹੋਇਆ ਉਡਾਰੀਆਂ ਮਾਰਦਾ ਹੈ –

***ਪੰਖੀ ਬਿਰਖਿ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ।।***
***ਜੇਤਾ ਊਡਹਿ ਦੂਖ ਘਣੇ ਨਿਤ ਦਾਝਹਿ ਤੈ ਬਿਲਲਾਹਿ।।***
***ਅੰਗ – 66***

ਜਦੋਂ ਤਕ ਵਾਸ਼ਨਾਵਾਂ ਕਾਬੂ ਨਹੀਂ ਹੁੰਦੀਆਂ, ਓਨੀਂ ਦੇਰ ਤਕ ਮਨ ਨੂੰ ਰੋਕਣ ਲਈ ਕਈ ਸਾਧਨ ਕਰਨੇ ਪਿਆ ਕਰਦੇ ਹਨ।

ਸਾਰਾ ਸੰਸਾਰ ਵਾਸ਼ਨਾਵਾਂ ਦੇ ਵਾ–ਵਰੋਲਿਆਂ ਦੇ ਅਧੀਨ ਸਾਹੋ–ਸਾਹ ਹੋਇਆ ਬੇ–ਹਿਸ ਦਿਮਾਗੀ ਖਿੱਚ ਦੇ ਕਾਰਨ ਭਜਨ ਬੰਦਗੀ ਤੋਂ ਸੁੰਨ ਰਹਿੰਦਾ ਹੈ। ਧਨ ਵਾਸ਼ਨਾ ਬੜੇ ਵੱਡੇ ਉਪਦ੍ਰਵ ਕਰਾਉਂਦੀ ਹੈ। ਵੱਡੇ–ਵੱਡੇ ਖੜਯੰਤਰ ਰਚੇ ਜਾਂਦੇ ਹਨ ਅਤੇ ਇਕ ਦਮ ਅਮੀਰ ਹੋਣ ਲਈ ਕਾਨੂੰਨ ਤੋਂ ਉਲਟ ਕੰਮ ਵੀ ਕੀਤੇ ਜਾਂਦੇ ਹਨ ਭਾਵੇਂ ਪਿਛੋਂ ਜੇਲ੍ਹ ਵਿਚ ਜਾ ਕੇ ਸਜ਼ਾ ਭੁਗਤਣੀ ਪਵੇ। ਪਰ ਇਹ ਵਾਸ਼ਨਾ ਅਜਿਹੀ ਪ੍ਰਬਲ ਹੈ ਕਿ ਬੁਰੇ ਤੋਂ ਬੁਰਾ ਕੰਮ ਕਰਾ ਦਿੰਦੀ ਹੈ। ਦੇਸ਼ ਦਾ ਗਦਾਰ ਬਣ ਜਾਂਦਾ ਹੈ। ਦੇਸ਼ ਦੇ ਭੇਤ ਦੂਸਰੇ

ਦੇਸ਼ ਨੂੰ ਵੇਚ ਦਿੰਦਾ ਹੈ। ਚੋਰੀਆਂ, ਠੱਗੀਆਂ, ਧਾੜੇ, ਪਾਖੰਡ, ਧੋਖੇ ਆਦਿ ਸਭ ਧਨ ਕਮਾਉਣ ਵਾਸਤੇ ਜੀਵਨ ਵਿਚ ਅਪਣਾਏ ਜਾਂਦੇ ਹਨ ਜਿਸ ਦੇ ਫਲਸਰੂਪ ਜੀਵ ਆਤਮਾ ਨੂੰ ਨਰਕ ਵਿਚ ਸੜ ਕੇ ਹਾਇ-ਹਾਇ ਕਰਨਾ ਪੈਂਦਾ ਹੈ।

ਇਸ ਵਾਸ਼ਨਾ ਦੇ ਹੁੰਦਿਆਂ ਭਜਨ ਵਿਚ ਮਨ ਲਾਉਣਾ ਬਹੁਤ ਹੀ ਮੁਸ਼ਕਿਲ ਹੈ। ਇਹ ਮੂਰਖ ਵਿਚਾਰ ਨਹੀਂ ਕਰਦਾ ਕਿ ਜੋੜਿਆ-ਜੜਾਇਆ ਧਨ, ਜਾਇਦਾਦ ਐਥੇ ਹੀ ਛੱਡ ਜਾਣਾ ਹੈ ਅਤੇ ਇਸ ਦੇ ਫਲਸਰੂਪ ਦਰਗਾਹ ਵਿਚ ਜਾ ਕੇ ਜਿੰਦੜੀ ਰੋਂਦੀ ਹੈ, ਕੁਰਲਾਂਦੀ ਹੈ ਅਤੇ ਉਸਨੂੰ ਸੁਖਾਂ ਦੇ ਥਾਂ, ਪੈਰ ਰੱਖਣ ਦੀ ਵੀ ਇਜ਼ਾਜ਼ਤ ਨਹੀਂ ਮਿਲਦੀ। ਅੰਨ੍ਹਾ ਹੋ ਕੇ ਜਨਮ ਗਵਾ ਦਿੰਦਾ ਹੈ-

***ਆਪੀਨੈ ਭੋਗ ਭੋਗਿ ਕੈ***
***ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ***
***ਗਲਿ ਸੰਗਲੁ ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ***
***ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ***
***ਹੁਣਿ ਸੁਣੀਐ ਕਿਆ ਰੂਆਇਆ॥***
***ਮਨਿ ਅੰਧੈ ਜਨਮੁ ਗਵਾਇਆ॥ ਅੰਗ - 464***

2. ਦੂਸਰੀ ਪ੍ਰਬਲ ਵਾਸ਼ਨਾ - ਜਿਸਦੇ ਪੁਤਰ ਨਾ ਹੋਵੇ, ਉਸ ਬਾਰੇ ਹੀ ਚਿਤਵਦਾ ਰਹਿੰਦਾ ਹੈ। ਧਨ, ਜਾਇਦਾਦ ਵਲ ਦੇਖ ਕੇ ਉਦਾਸ ਹੋ ਜਾਂਦਾ ਹੈ ਕਿ ਇਸਨੂੰ ਕੌਣ ਸਾਂਭੇਗਾ। ਪੁੱਤਰ ਪ੍ਰਾਪਤੀ ਦੀ ਵਾਸ਼ਨਾ ਹਰ ਸਮੇਂ ਲਗੀ ਰਹੇਗੀ। ਵਾਹਿਗੁਰੂ ਉਤੇ ਭਰੋਸਾ ਨਹੀਂ ਰਖਦਾ ਅਤੇ ਹਰ ਸਮੇਂ ਬਿਰਤੀ ਪੁੱਤਰ ਪ੍ਰਾਪਤੀ ਵਿਚ ਲਗੀ ਰਹਿੰਦੀ ਹੈ। ਇਸ ਤਰ੍ਹਾਂ ਦੇ ਨਾਲ ਹੋਰ ਬਹੁਤ ਸਾਰੀਆਂ ਮਾਰੂ ਵਾਸ਼ਨਾਵਾਂ ਜਿਵੇਂ ਕਿ ਲੋਕ-ਲਾਜ ਵਾਸ਼ਨਾ, ਉਚੇ ਅਹੁਦਿਆਂ ਦੀ ਪ੍ਰਾਪਤੀ ਦੀ ਵਾਸ਼ਨਾ, ਭੋਗਾਂ ਦੀ ਵਾਸ਼ਨਾ, ਪੁਸਤਕਾਂ ਰਟਣ ਦੀ ਵਾਸ਼ਨਾ, ਅਨਸ਼ਠਾਨ ਵਾਸ਼ਨਾ, ਲੋਕ ਪ੍ਰਿਅਤਾ ਦੀ ਵਾਸ਼ਨਾ ਆਦਿ ਵਾਸ਼ਨਾਵਾਂ ਦੇ ਵਿਚ ਫਸਿਆ ਹੋਇਆ ਮਨ ਦੌੜਦਾ ਹੀ ਰਹਿੰਦਾ ਹੈ ਪਰ ਜੇ ਸਾਨੂੰ ਸ੍ਵਾਸ ਨੂੰ ਕਾਬੂ ਕਰਨ ਦੀ ਜੁਗਤ ਆ ਜਾਵੇ ਤਾਂ ਮਨ ਬਹੁਤ ਹੱਦ ਤਕ ਰੁਕ ਜਾਇਆ ਕਰਦਾ ਹੈ। ਉਸ ਦਾ ਤਰੀਕਾ ਇਹ ਹੁੰਦਾ ਹੈ ਕਿ ਭਜਨ ਕਰਨ ਸਮੇਂ ਆਪਣੇ ਨਿਯਤ ਆਸਣ ਤੇ ਬੈਠੇ। ਆਸਣ, ਸਰੀਰ ਦੀ ਅਨੁਕੂਲਤਾ ਦੇ ਮੁਤਾਬਿਕ ਹੋਣਾ ਚਾਹੀਦਾ ਹੈ। ਚੌਂਕੜਾ ਮਾਰ ਕੇ ਬੈਠੇ, ਰੀੜ੍ਹ ਦੀ ਹੱਡੀ ਨੂੰ 90 ਦਰਜੇ ਉਪਰ ਸਿੱਧੀ ਕਰੇ; ਸਿਰ, ਗਰਦਨ, ਕਮਰ ਇਕ ਸੇਧ ਵਿਚ ਹੋਣ, ਫੇਰ ਬੈਠ ਕੇ ਸਿਰ ਨੂੰ ਢਿਲਾ ਕਰ ਦੇਵੇ, tension (ਖਿੱਚ) ਰਹਿਤ ਖਾਲੀ ਕਰ ਦੇਵੇ। ਮੋਢੇ ਖਿੱਚ ਰਹਿਤ ਕਰੇ। ਇਵੇਂ ਬਾਕੀ ਸਰੀਰ ਦੇ ਅੰਗਾਂ ਨੂੰ ਖਿੱਚ ਰਹਿਤ ਕਰਕੇ ਧਿਆਨ ਸ੍ਵਾਸ ਦੀ ਆਵਾਜਾਈ ਉਪਰ ਜਮਾਵੇ ਅਤੇ ਸਾਵਧਾਨ ਹੋ ਕੇ ਸ੍ਵਾਸ ਦੇ ਅੰਦਰ ਅਤੇ ਬਾਹਰ ਜਾਣ ਨੂੰ watch ਕਰਦਾ ਰਹੇ। ਸ੍ਵਾਸ ਤੋਂ ਧਿਆਨ ਉੱਕਣ ਨਾ ਦੇਵੇ ਅਤੇ ਸ੍ਵਾਸ ਨਾਲ ਨਾਮ ਜਪਣ ਦੀ ਜੁਗਤੀ ਮਹਾਂਪੁਰਸ਼ਾਂ ਤੋਂ ਪੁੱਛ ਕੇ ਕਰੇ। ਇਸ ਤਰ੍ਹਾਂ ਕਰਨ ਨਾਲ, ਥੋੜੀ ਮਿਹਨਤ ਕਰਨ ਨਾਲ, ਸ੍ਵਾਸ ਨੂੰ ਧਿਆਨ ਅੰਦਰ ਰੱਖਣ ਨਾਲ ਸੁਰਤੀ ਨਾਮ ਵਿਚ ਲੀਨ ਹੋਣੀ ਸ਼ੁਰੂ ਹੋ ਜਾਵੇਗੀ ਅਤੇ ਛੇਤੀਂ ਹੀ ਰਸ ਆਉਣਾ ਸ਼ੁਰੂ ਹੋ ਜਾਵੇਗਾ। ਨਾਮ ਦੇ ਉਚਾਰਣ ਵਾਲੀ ਧੁਨੀ ਸਰਵਣ ਹੋਣ ਲਗ ਜਾਵੇਗੀ, ਇਸ ਤਰ੍ਹਾਂ ਮਨ ਟਿਕ ਜਾਵੇਗਾ।

3. ਮਨ ਦੇ ਵਿਚ ਅਨੇਕ ਤਰੰਗਾਂ ਹਨ। ਜਿਸ ਤਰ੍ਹਾਂ ਦੇ ਨਾਲ ਪਾਰਾ, ਬਿਨਾਂ ਔਸ਼ਧੀ ਨਾਲ ਮਾਰੇ ਤੋਂ ਉਂਗਲੀ ਹੇਠ ਨਹੀਂ ਆਇਆ ਕਰਦਾ, ਇਸੇ ਤਰ੍ਹਾਂ ਦੇ ਨਾਲ ਮਨ ਕਿਸੇ ਵੀ ਜ਼ਬਰਦਸਤੀ ਰੋਕਣ ਦੇ ਤਰੀਕੇ ਨਾਲ ਵਸ ਵਿਚ ਨਹੀਂ ਆਉਂਦਾ। ਮਨ ਇਕ ਖੁਟਹਰ ਚੀਜ਼ ਹੈ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਮਨ! ਤੂੰ ਕਿਸ-ਕਿਸ ਨੂੰ ਨਹੀਂ ਸਿਟਿਆ। ਸਿਖਰ ਪਹੁੰਚਿਆਂ ਹੋਇਆਂ ਨੂੰ ਤੂੰ ਐਨਾ ਨੀਵਾਂ ਸੁੱਟ ਦਿੰਦਾ ਹੈਂ ਜਿਸ ਅਵਸਥਾ ਬਾਰੇ ਕਦੇ ਵੀ ਅਨੁਮਾਨ ਨਹੀਂ ਕੀਤਾ ਜਾ ਸਕਦਾ।

ਮਛੰਦਰ ਨਾਥ ਇਕ ਬਹੁਤ ਉਚ ਕੋਟੀ ਦਾ ਯੋਗੀ ਸੀ। ਗੋਰਖਨਾਥ ਵਰਗਾ ਮਹਾਨ ਵਿਦਵਾਨ ਗੁਰੂ ਇਸ ਦਾ ਚੇਲਾ ਸੀ। ਬੇਅੰਤ ਸ਼ਕਤੀਆਂ ਦਾ ਭੰਡਾਰ ਸੀ। ਇਕ ਵਾਰੀ ਇਹ ਲੰਕਾ ਦੇ ਰਾਜੇ ਅਮਰੂ ਦੇ ਪਾਸ ਠਹਿਰਿਆ ਹੋਇਆ ਸੀ। ਰਾਜਾ ਅਤੇ ਪਦਮਨੀ ਰਾਣੀਆਂ ਉਸਦੀ ਸੇਵਾ ਵਿਚ ਹਰ ਸਮੇਂ ਹਾਜ਼ਰ ਰਹਿੰਦੀਆਂ ਸਨ। ਇਸਤਰੀ ਦੇ, ਸੰਗ-ਦੋਸ਼ ਨੇ, ਇਸਦੀ ਬਿਰਤੀ ਦੇ ਅੰਦਰ ਗੁਪਤ ਰੂਪ ਵਿਚ ਕਾਮਵੇਗ ਨੂੰ ਪੈਦਾ ਕਰ ਦਿਤਾ। ਯੋਗੀ ਹੋਣ ਕਰਕੇ ਉਸਨੂੰ ਆਪਣੀ ਪ੍ਰਭਤਾ ਦਾ ਵੀ ਖਿਆਲ ਸੀ ਪਰ ਅੰਦਰੋਂ ਉਸਨੂੰ ਗਲਤ ਫੁਰਨੇ ਆਉਣੇ ਸ਼ੁਰੂ ਹੋ ਗਏ। ਰਾਜਾ ਅਮਰੂ ਸਰੀਰ ਛੱਡ ਗਿਆ ਅਤੇ ਉਸਦੀਆਂ ਰਾਣੀਆਂ ਬਹੁਤ ਵੈਰਾਗ ਕਰ ਰਹੀਆਂ ਸਨ। ਇਸ ਯੋਗੀ ਨੂੰ ਦੂਸਰੇ ਦੇ ਸਰੀਰ ਵਿਚ ਪ੍ਰਵੇਸ਼ ਕਰਨ ਦੀ ਕਲਾ ਆਉਂਦੀ ਸੀ। ਇਸਨੇ ਆਪਣਾ ਸਰੀਰ ਇਕ ਗਹਿਰੀ ਗੁਫਾ ਦੇ ਅੰਦਰ ਛੱਡ ਕੇ ਆਪ ਅਮਰੂ ਦੇ ਸਰੀਰ ਵਿਚ ਪ੍ਰਵੇਸ਼ ਕਰ ਗਿਆ ਅਤੇ ਚੌਦਾਂ ਸਾਲ ਲਗਾਤਾਰ ਪਦਮਨੀ ਰਾਣੀਆਂ ਦੇ ਸੰਗ ਵਿਚ ਰਿਹਾ। ਗੋਰਖ ਨੂੰ ਜਦੋਂ ਪਤਾ ਲਗਿਆ ਤਾਂ ਆਪਣੇ ਗੁਰੂ ਨੂੰ ਉਸਨੇ ਕਾਮ ਵਾਸ਼ਨਾ 'ਚੋਂ ਜਗਾਇਆ।

ਸੋ ਮਹਾਰਾਜ ਜੀ ਕਹਿੰਦੇ ਹਨ ਕਿ ਹੇ ਮਨ! ਤੇਰਾ ਇਤਬਾਰ ਕੌਣ ਕਰੇ, ਤੈਨੂੰ ਮਾਇਆ ਮੋਹਣੀ ਨੇ ਮੋਹਿਆ ਹੋਇਆ ਹੈ। ਤੇਰੇ ਮੋਹੇ ਹੋਏ ਜੀਵ, ਨਰਕਾਂ ਦੇ ਰਾਹ ਪੈ ਜਾਂਦੇ ਹਨ। ਇਸ ਮਨ ਦਾ ਕੋਈ ਭਰੋਸਾ ਨਹੀਂ। ਮਹਾਤਮਾ ਬੜੇ ਕਿਸਮ ਦੇ ਯਤਨ ਕਰਦੇ ਹਨ ਤੇ ਮਨ ਦੇ ਨਾਲ ਝਗੜਾ ਪਾਉਂਦੇ ਹਨ ਜਿਵੇਂ ਕਿ ਇਕ ਮਹਾਤਮਾ ਨੂੰ ਕਿਸੇ ਨੇ ਰਜਾਈ ਲਿਆ ਦਿਤੀ। ਭਜਨ ਕਰਨ ਦੇ ਸਮੇਂ ਉਸਨੂੰ ਜਾਗ ਆਈ ਪਰ ਰਜਾਈ ਦਾ ਨਿੱਘ ਐਨਾ ਸੀ ਕਿ ਰਜਾਈ ਛੱਡ ਨਾ ਸਕਿਆ। ਇਸ ਤਰ੍ਹਾਂ ਦੁਬਾਰਾ ਨੀਂਦ ਆ ਗਈ ਅਤੇ ਭਜਨ ਕਰਨ ਦਾ ਸਮਾਂ ਲੰਘ ਗਿਆ। ਮਹਾਤਮਾ ਜਦੋਂ ਜਾਗਿਆ ਤਾਂ ਦਿਨ ਚੜ੍ਹ ਚੁਕਿਆ ਸੀ। ਉਸਨੂੰ ਬੜਾ ਅਫਸੋਸ ਹੋਇਆ ਕਿ ਮਨ ਨੇ ਸੁਖ ਦਾ ਝਲਕਾਰਾ, ਰਜਾਈ ਰਾਹੀਂ ਦੇ ਕੇ ਮੇਰਾ ਨਿਤਨੇਮ ਦਾ ਨੇਮ ਤੋੜ ਦਿਤਾ ਹੈ। ਸਰੀਰ ਅਤੇ ਮਨ ਨੂੰ ਸਜ਼ਾ ਦੇਣ ਲਈ ਮਹਾਤਮਾ ਇਕ ਨਲਕੇ ਹੇਠਾਂ, ਸਣੇ ਰਜਾਈ ਬੈਠ ਗਏ। ਜਿਉਂ-ਜਿਉਂ ਰਜਾਈ ਭਿੱਜਦੀ ਸੀ, ਭਾਰੀ ਹੁੰਦੀ ਜਾਂਦੀ ਸੀ ਤਾਂ ਮਹਾਤਮਾ

ਬਾਰ-ਬਾਰ ਕਹਿੰਦੇ ਸਨ ਕਿ ਮਨ ਜੀ! ਤੈਨੂੰ ਹੁਣ ਪਤਾ ਲਗੇਗਾ ਕਿ ਕਿਵੇਂ ਧੋਖਾ ਦੇਈਦਾ ਹੈ, ਹੁਣ ਸਾਰਾ ਸਿਆਲ ਠੁਰ-ਠੁਰ ਕਰੀਂ, ਮੈਂ ਵੀ ਇਹ ਗਿੱਲੀ ਰਜਾਈ ਉਪਰੋਂ ਨਹੀਂ ਲਾਹੁਣੀ। ਸੋ ਇਸ ਤਰ੍ਹਾਂ ਮਨ ਨਾਲ ਸੱਥ ਪਾਉਂਦੇ ਹਨ, ਝਗੜਾ ਪਾਉਂਦੇ ਹਨ ਪਰ ਮਨ ਨਹੀਂ ਟਿਕਦਾ। ਇਹ ਧੋਖੇਬਾਜ਼ ਹੈ, ਇਹ ਮਾਇਆ ਨਾਲ ਰਲ ਕੇ ਐਨੇ ਪਿਆਰੇ ਰੂਪ ਧਾਰਦਾ ਹੈ ਕਿ ਸਾਧਕ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਸ ਸਮੇਂ ਮਨ ਨੇ ਲਿਤਾੜ ਦਿਤਾ ਹੈ।

ਰਾਜਾ ਪਾਰਸਨਾਥ ਸਤਿਜੁਗ ਦੇ ਅੰਦਰ ਬਹੁਤ ਹੀ ਪ੍ਰਸਿੱਧ ਅਤੇ ਸ਼ਕਤੀਸ਼ਾਲ ਸਮਰਾਟ ਹੋਇਆ ਹੈ। ਇਸਨੇ ਸੰਸਾਰ ਵਿਚ ਇਕ ਲੱਖ ਰਾਜੇ ਉਤੇ ਫਤਹਿ ਪਾ ਕੇ ਉਸਨੂੰ ਆਪਣੀ ਜੇਲ੍ਹ ਵਿਚ ਕੈਦ ਕਰਿਆ ਹੋਇਆ ਸੀ। ਆਪਣੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਮੈਂ ਰਾਜਸੂ ਯੱਗ ਦੀ ਪਹਿਲੀ ਸ਼ਰਤ ਪੂਰੀ ਕਰ ਦਿਤੀ ਹੈ, ਹੁਣ ਮੈਂ ਰਾਜਸੂ ਯੱਗ ਕਰਨਾ ਚਾਹੁੰਦਾ ਹਾਂ। ਵਜ਼ੀਰ ਬੜਾ ਸਿਆਣਾ ਸੀ ਉਸ ਨੇ ਕਿਹਾ, ਹਜ਼ੂਰ! ਇਕ ਰਾਜਾ ਐਸਾ ਹੈ ਜੇ ਉਸਨੂੰ ਜਿੱਤ ਲਿਆ ਜਾਵੇ ਤਾਂ ਸਾਰਾ ਹੀ ਸੰਸਾਰ ਜਿੱਤਿਆ ਜਾ ਸਕਦਾ ਹੈ; ਉਹ ਮਨ ਰਾਜਾ ਹੈ। ਉਸਦੀਆਂ ਫੌਜਾਂ ਵਿਚ ਬਹੁਤ ਹੀ ਅਜਿੱਤ ਸੂਰਮੇ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਉਨ੍ਹਾਂ ਦੇ ਸਾਥੀ ਪੰਜ ਠੱਗ - ਰਾਜ, ਮਾਲ, ਰੂਪ, ਜਾਤ, ਜੋਬਨ; ਹੰਸ, ਹੇਤ, ਕੋਪ, ਲੋਭ - ਚਾਰੇ ਨਦੀਆਂ ਅੱਗ; ਸ਼ਬਦ, ਸਪਰਸ਼, ਰੂਪ, ਰਸ, ਗੰਧ - ਪੰਜੇ ਵਿਸ਼ੇ, ਅਜਿੱਤ ਹਨ ਜਿਨ੍ਹਾਂ ਦੇ ਅੱਗੇ ਵੱਡੇ-ਵੱਡੇ ਮਹਾਂਰਥੀਆਂ, ਰਾਜਿਆਂ, ਸਿੱਧ-ਸਾਧਕਾਂ, ਦੇਵਤਿਆਂ ਦੀ ਪੇਸ਼ ਨਹੀਂ ਜਾਂਦੀ। ਇਕ ਇਕੱਲਾ ਕਾਮ ਹੀ ਲੈ ਲਓ ਜਿਸ ਦੇ ਵਸ ਹੋ ਕੇ ਇੰਦ੍ਰ ਵਰਗਾ ਦੇਵਤਾ, ਜਿਸਦੇ ਰਾਜ ਵਿਚ ਅਨੇਕ ਮਹਾਨ ਸੁੰਦਰ ਅਪੱਛਰਾਵਾਂ ਹਨ, ਭਟਕਿਆ ਹੋਇਆ ਗੋਤਮ ਰਿਸ਼ੀ ਦੀ ਇਸਤਰੀ ਅਹੱਲਿਆ ਨਾਲ ਮੰਦ ਕਰਮ ਕਰਨ ਗੋਤਮ ਤਪੇ ਦਾ ਰੂਪ ਧਾਰਨ ਕਰਕੇ ਆ ਗਿਆ।

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ॥*
*ਸਹਸ ਸਰੀਰ ਚਿਹਨ ਭਗ ਹੂਏ*
*ਤਾ ਮਨਿ ਪਛੋਤਾਇਆ॥* *ਅੰਗ -1343-44*

ਗੁਰੂ ਮਹਾਰਾਜ ਨੇ ਇਕ ਥਾਂ ਹੋਰ ਲਿਖਿਆ ਹੈ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥ ਅੰਗ - 953*

ਵਜ਼ੀਰ ਕਹਿਣ ਲੱਗਿਆ ਕਿ ਮਹਾਰਾਜ ਇਸ ਮਨ ਸੂਰਮੇ ਨੂੰ ਜ਼ੋਰ ਨਾਲ ਕੋਈ ਨਹੀਂ ਜਿੱਤ ਸਕਿਆ ਅਤੇ ਨਾ ਹੀ ਆਪਣੇ ਵਸ ਕਰ ਸਕਿਆ ਹੈ। ਇਹ ਵਾਹਿਗੁਰੂ ਜੀ ਦੀ ਬਣਾਈ ਹੋਈ ਮਹਾਂ ਪ੍ਰਬਲ ਸ਼ਕਤੀ ਹੈ। ਜਦੋਂ ਤਕ ਤੁਸੀਂ ਇਸ ਮਨ ਰਾਜੇ ਨੂੰ ਨਹੀਂ ਜਿੱਤਦੇ, ਤੁਸੀਂ ਰਾਜਸੂ ਯੱਗ ਕਰਨ ਦੇ ਅਧਿਕਾਰੀ ਨਹੀਂ ਹੋ। ਪਾਰਸਨਾਥ, ਜਿਸ ਨੇ ਧਰਤੀ ਦੇ ਰਾਜਿਆਂ ਨੂੰ ਜਿੱਤ ਕੇ ਦੇਵ ਲੋਕਾਂ ਦੇ ਦੇਵਤਿਆਂ ਨੂੰ ਜਿੱਤ ਲਿਆ ਪਰ ਉਹ ਮਨ ਨੂੰ ਨਾ ਜਿੱਤ ਸਕਿਆ ਅਤੇ ਅੰਤ ਨੂੰ ਚਿਖਾ ਉਪਰ ਬੈਠ ਕੇ ਜਿਉਂਦਾ ਜਲ ਗਿਆ। ਇਹ ਮਨ ਆਪਣੀਆਂ ਖਰਮਸਤੀਆਂ ਵਿਚ ਆਪਣੇ ਕੀਤੇ ਹੋਏ ਜਪਾਂ-ਤਪਾਂ ਅਤੇ ਪਰਹੇਜ਼ ਵਾਲੇ ਕੰਮਾਂ ਦਾ ਅਸਰ ਇਕ ਮਿੰਟ ਵਿਚ ਦੂਰ ਕਰ ਦਿੰਦਾ ਹੈ ਅਤੇ ਆਪਣੇ ਆਪ ਨੂੰ ਜਮਡੰਡ ਅਤੇ ਦੁਖ ਸਹਾਰਨ ਜੋਗਾ ਬਣਾ ਲੈਂਦਾ ਹੈ। ਜੋ ਵਾਹਿਗੁਰੂ ਇਸਦੇ ਅੰਗ-ਸੰਗ ਰਹਿੰਦਾ ਹੈ, ਉਸ ਤੋਂ ਬਹੁਤ ਦੂਰੀ ਤੇ ਰਹਿੰਦਾ ਹੈ। ਉਸ ਨਾਲ ਮਿਲਦਾ ਨਹੀਂ ਜਿਸ ਨਾਲ ਮਿਲਕੇ ਇਸਨੂੰ ਸੁਖ ਹੋ ਸਕਦਾ ਹੈ ਪਰ ਇਸ ਦੇ ਵਿਪਰੀਤ ਪੰਜ ਠੱਗਾਂ ਨਾਲ ਜੋ ਇਸਨੂੰ ਪਲ-ਪਲ ਲੁਟਦੇ ਹਨ ਅਤੇ ਨਾਮ ਦੇ ਅੰਮ੍ਰਿਤ ਕੁੰਡ ਤੇ ਨਹੀਂ ਪਹੁੰਚਣ ਦਿੰਦੇ, ਉਹ ਇਸਦੇ ਮਿੱਤਰ ਹਨ -

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥* *ਅੰਗ - 267*

ਇਸ ਦੇ ਵਸ ਕਰਨ ਦਾ ਇਕੋ ਤਰੀਕਾ ਹੈ ਕਿ ਉਨ੍ਹਾਂ ਪ੍ਰਮੇਸ਼ਰ ਦੇ ਰਸਕ ਬੈਰਾਗੀ ਮਹਾਂਪੁਰਸ਼ਾਂ ਦੀ ਸੰਗਤ ਮਿਲ ਜਾਵੇ ਅਤੇ ਉਨ੍ਹਾਂ ਦੀ ਸੰਗਤ ਕਰਦਿਆਂ ਨਾਮ ਰਸ ਪ੍ਰਾਪਤ ਹੋ ਜਾਵੇ। ਇਹ ਇਕ ਇਲਾਜ ਇਸਦੇ ਟਿਕਣ ਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਕਵਨੁ ਕਵਨੁ ਨਹੀ ਪਤਰਿਆ ਤੁਮ੍ਹਰੀ ਪਰਤੀਤਿ॥*
*ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ॥*
*ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂੰ ਮਹਾ ਉਦਮਾਦਾ॥*
*ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥*
*ਜਪ ਤਪ ਸੰਜਮ ਤੁਮ ਖੰਡੇ ਜਮ ਕੇ ਦੁਖ ਡਾਂਡ॥*
*ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ॥*
*ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ॥*
*ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ॥*
*ਨਾਨਕ ਤਿਨ ਸੰਤਨ ਸਰਣਾਗਤੀ*
*ਜਿਨ ਮਨੁ ਵਸਿ ਕੀਨਾ॥*
*ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਹਾ ॥*
*ਅੰਗ - 815*

ਇਸ ਵਾਸਤੇ ਮਨ ਨੂੰ ਰੋਕਣ ਲਈ ਜ਼ਬਰਦਸਤੀ ਨਾ ਕਰੇ, ਇਹਦੇ ਨਾਲ ਕੁਸ਼ਤੀ ਅਤੇ ਜੱਦੋ-ਜਹਿਦ ਨਾ ਕਰੇ। ਸਿਰਫ ਆਪਣੇ ਖਿਆਲਾਂ ਨੂੰ, ਇਕ ਪਾਸੇ ਹਟ ਕੇ ਬਹੁਤ ਧਿਆਨ ਨਾਲ ਪਰਖੇ। ਮਨ ਦਾ ਜੋ ਸੁਭਾਅ ਹੈ, ਇਸਦੀਆਂ ਜੋ ਪੱਕੀਆਂ ਆਦਤਾਂ ਹਨ ਉਨ੍ਹਾਂ ਉਪਰ ਗੌਰ ਕਰੇ। ਦੇਖੇ ਕਿ ਬਾਰ-ਬਾਰ ਕਿਸ ਪਾਸੇ ਨੂੰ ਜਾਂਦਾ ਹੈ। ਇਸ ਦਾ ਇਕ ਹੋਰ ਸੁਖਾਲਾ ਤਰੀਕਾ ਹੈ ਕਿ ਜਦੋਂ ਭਜਨ ਕਰਨ ਵੇਲੇ ਮਨ ਵਿਚ ਫੁਰਨਾ ਆਵੇ, ਕਾਗਜ਼, ਪੈਨਸਿਲ ਆਪਣੇ ਪਾਸ ਹੀ ਰੱਖੇ। ਉਸ ਫੁਰਨੇ ਨੂੰ ਉਸੇ ਵੇਲੇ ਕਾਗਜ਼ ਤੇ ਲਿਖ ਲਵੇ। ਭਜਨ ਕਰਨ ਉਪਰੰਤ ਉਨ੍ਹਾਂ ਸਾਰਿਆਂ ਫੁਰਨਿਆਂ ਨੂੰ ਪੜ੍ਹੇ ਅਤੇ ਆਪਣੇ ਆਪ ਨੂੰ ਦੇਖੇ। ਇਸ ਤਰ੍ਹਾਂ ਕਰਨ ਨਾਲ ਜਦੋਂ ਤੁਸੀਂ ਮਨ ਨੂੰ watch ਕਰਨ ਲਗ ਜਾਵੋਂਗੇ ਅਤੇ ਇਸ ਦੇ ਥਾਂ ਪਰ ਥਾਂ ਦੌੜਨ ਨੂੰ ਲਾਂਭੇ ਹੋ ਕੇ ਦੇਖਣ ਲਗ ਜਾਵੋਗੇ ਤਾਂ ਇਹ ਖੁਦ-ਬ-ਖੁਦ ਹੀ ਸ਼ਾਂਤ ਹੋ ਜਾਇਆ ਕਰਦਾ ਹੈ। ਇਸ ਤਰ੍ਹਾਂ ਦਾ ਅਭਿਆਸ ਕਰਨ ਨਾਲ ਮਨ ਹੌਲੀ-ਹੌਲੀ ਟਿਕ ਜਾਂਦਾ ਹੈ। ਆਮ ਜਗਿਆਸੂ ਇਸ ਤਰੀਕੇ ਨੂੰ ਅਪਣਾਉਂਦੇ ਹਨ।

ਦੂਸਰਾ ਤਰੀਕਾ - ਜੋ ਜਗਿਆਸੂ ਕਾਫੀ ਸਮੇਂ ਤੋਂ ਭਜਨ ਕਰ ਰਹੇ ਹਨ ਅਤੇ ਉਨ੍ਹਾਂ ਦੇ ਮਨ ਵਿਚ ਸ਼ਬਦ ਦਾ ਰਸ ਆਉਣਾ ਸ਼ੁਰੂ ਹੋ ਗਿਆ, ਉਹ ਆਪਣੇ ਆਪ ਨੂੰ ਮਨ ਦਾ ਸੁਆਮੀ ਬਣਾ ਲੈਂਦੇ ਹਨ ਅਤੇ ਮਨ ਨੂੰ ਆਪਣਾ ਸੇਵਕ ਬਣਾ ਕੇ ਬੁਰੇ ਖਿਆਲਾਂ

ਤੋਂ ਰੋਕਦੇ ਹਨ ਅਤੇ ਸਚਮੁਚ ਹੀ ਪੂਰੇ ਰੋਹਬ ਨਾਲ ਤਾੜਨਾ ਕਰਦੇ ਹਨ। ਅੱਗੇ ਵਾਸਤੇ ਮਨ ਦੀਆਂ ਉਡਾਰੀਆਂ ਸੀਮਤ ਕਰਦੇ ਹਨ। ਮਨ ਉਡਦਾ ਹੈ ਜਿਸ ਤਰ੍ਹਾਂ ਦੇ ਨਾਲ ਕੋਈ ਪੰਛੀ ਅਨੇਕਾਂ ਖੱਟੇ-ਮਿੱਠੇ ਫਲ ਵਾਲੇ ਦਰਖਤਾਂ ਤੇ ਉਡਾਰੀ ਮਾਰਦਾ ਹੈ। ਕਈ ਸਿੰਬਲ ਦਾ ਗਲ ਘੋਟੂ ਫਲ ਖਾ ਕੇ ਪੀੜਤ ਹੁੰਦੇ ਹਨ। ਇਸੇ ਤਰ੍ਹਾਂ ਦੇ ਨਾਲ ਮਨ ਉਡਾਰੀਆਂ ਮਾਰਦਾ ਹੈ ਅਤੇ ਅਨੇਕ ਕਿਸਮ ਦੇ ਭੋਗ ਵਾਸ਼ਨਾਵਾਂ ਰਾਹੀਂ ਫਲ ਖਾਂਦਾ ਦੁਖੀ ਹੁੰਦਾ ਹੈ -

***ਕਬੀਰ ਮਨੁ ਪੰਖੀ ਭਇਓ***
***ਉਡਿ ਉਡਿ ਦਹ ਦਿਸ ਜਾਇ।।***
***ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ।।***
***ਅੰਗ - 1369***

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ।।***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ।। ਅੰਗ - 66***

ਇਸ ਤਰ੍ਹਾਂ ਜੱਦੋ-ਜਹਿਦ ਕਰਦਿਆਂ ਇਕ ਦਿਨ ਆਉਂਦਾ ਹੈ ਜਦੋਂ ਮਨ ਕਹਿਣਾ ਮੰਨਣਾ ਸ਼ੁਰੂ ਕਰ ਦਿੰਦਾ ਹੈ ਅਤੇ ਆਪ-ਹੁਦਰਾ-ਪਨ ਨਹੀਂ ਕਰਦਾ ਅਤੇ ਸੱਚੀ ਵਿਚਾਰ ਦੇ ਅੱਗੇ ਝੁਕ ਜਾਂਦਾ ਹੈ।

ਮਨ ਰੋਕਣ ਦਾ ਤੀਸਰਾ ਤਰੀਕਾ - ਇਹ ਤਰੀਕਾ ਯੋਗੀਆਂ ਦਾ ਹੈ। ਆਰਾਮ ਨਾਲ ਧਿਆਨ ਜਮਾਉਣ ਲਈ ਬੈਠ ਜਾਓ ਅਤੇ ਸੋਚਣਾ ਬੰਦ ਕਰ ਦਿਓ, ਦਿਮਾਗ ਨੂੰ ਖਾਲੀ ਕਰ ਦਿਓ ਅਤੇ ਆਪਣੇ ਮਨ ਨੂੰ ਦੇਖੋ ਕਿ ਖਿਆਲ ਕਿਧਰੋਂ ਆ ਰਹੇ ਹਨ ਅਤੇ ਕਿਸ ਕਿਸਮ ਦੇ ਆ ਰਹੇ ਹਨ। ਤੁਸੀਂ ਦੇਖੋਂਗੇ ਕਿ ਸਾਰੇ ਖਿਆਲ ਬਾਹਰੋਂ ਆ ਰਹੇ ਹਨ। ਬਾਹਰ ਦੀਆਂ ਚੀਜ਼ਾਂ ਦੇ ਅਸਰ ਲੈ ਕੇ ਅੰਦਰ ਪ੍ਰਵੇਸ਼ ਕਰ ਰਹੇ ਹਨ। ਇਨ੍ਹਾਂ ਨੂੰ ਸਰੀਰ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਬਾਹਰ ਧੱਕ ਦੇਵੋ। ਬਾਣੀ ਦੀ ਸਹਾਇਤਾ ਨਾਲ, ਮਹਾਂਪੁਰਸ਼ਾਂ ਦੀ ਸੰਗਤ ਦੇ ਪ੍ਰਭਾਵ ਨਾਲ ਆਦਮੀ ਦੇ ਅੰਦਰ ਦ੍ਰਿੜ੍ਹਤਾ ਆ ਜਾਂਦੀ ਹੈ ਪਰ ਮਨ ਦੇ ਨਾਲ ਇਸ ਤਰ੍ਹਾਂ ਦੀ ਲੜਾਈ ਕਰਨੀ ਅਤੇ ਉਸ ਉਪਰ ਵਿਜੈ ਪਾਉਣੀ, ਇਹ ਪ੍ਰਮੇਸ਼ਰ ਦੀ ਦਇਆ ਤੋਂ ਬਿਨਾਂ ਨਹੀਂ ਹੋਇਆ ਕਰਦੀ।

***ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ।।***
***ਅੰਗ - 298***

ਇਕ ਸਾਧਨ ਹੋਰ ਹੈ ਕਿ ਨਾਮ ਦੀ ਧੁਨ ਵਿਚ ਧਿਆਨ ਲੱਗਣ ਦੇ ਨਾਲ ਆਦਮੀ ਦੇ ਸਰੀਰ ਵਿਚ ਕੁਝ ਪਰਿਵਰਤਨ ਆਉਂਦੇ ਹਨ। ਸੁਰਤਿ ਪ੍ਰਭੂ ਦੇ ਨਾਲ ਸੰਪਰਕ ਕਰਦੀ ਹੈ ਜਿਸ ਕਰਕੇ ਇਸਨੂੰ ਉਸ ਧੁਨ ਵਿਚ ਇਕ ਮਸਤੀ ਪ੍ਰਤੀਤ ਦਿੰਦੀ ਹੈ। ਸਰੀਰ ਝੂੰਮਦਾ ਹੈ ਅਤੇ ਇਕ ਅੰਮ੍ਰਿਤ ਰਸ ਦੀ ਵਰਸ਼ਾ ਇਸਦੇ ਕਮਲ ਤੇ ਹੋਣੀ ਸ਼ੁਰੂ ਹੋ ਜਾਂਦੀ ਹੈ, ਕਮਲ ਰਸ ਨਾਲ ਭਰ ਜਾਂਦਾ ਹੈ ਅਤੇ ਖੇੜਾ ਸਰੀਰ ਦੇ ਕਣ-ਕਣ ਵਿਚ ਵਿਆਪਕ ਹੋ ਕੇ ਝਰਨ੍ਹਾਟਾਂ ਦਿੰਦਾ ਹੈ। ਅਨਹਦ ਸ਼ਬਦ ਸੁਣਦੇ ਹਨ। ਪ੍ਰਭੂ ਦਾ ਪ੍ਰਕਾਸ਼ ਲਿਸ਼ਕਾਰੇ ਮਾਰਦਾ ਹੈ। ਅਜਿਹੇ ਮਹਾਨ ਰਸ ਨੂੰ ਛੱਡ ਕੇ ਮਨ ਇਕ ਸੈਕਿੰਡ ਵਾਸਤੇ ਵੀ ਨਹੀਂ ਦੌੜਿਆ ਕਰਦਾ ਅਤੇ ਸਮੇਂ ਤੋਂ ਬੇਪਰਵਾਹ ਹੋ ਕੇ ਸਮਾਧੀ ਵਿਚ ਲੀਨ ਰਹਿੰਦਾ ਹੈ। ਸਮਾਧੀ ਤੋਂ ਉਥਾਨ ਹੋ ਕੇ ਭੀ ਮਨ ਬਾਰ-ਬਾਰ ਅੰਦਰ ਨੂੰ ਰੁਖ ਕਰਦਾ ਹੈ ਅਤੇ ਉਸ ਮਹਾਨ ਰਸ ਨੂੰ ਭੁੰਚਣ ਲਈ ਅੰਦਰ ਚੁੱਭੀਆਂ ਮਾਰਦਾ ਹੈ। ਇਹ ਉਨ੍ਹਾਂ ਸਾਧਕਾਂ ਦੇ ਭਾਗ ਵਿਚ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਉਪਰ ਮੁਰਸ਼ਦ ਦੀ ਅਪਾਰ ਕ੍ਰਿਪਾ ਹੋਵੇ ਅਤੇ ਪੂਰਨ ਅਧਿਕਾਰੀ ਜਗਿਆਸੂ ਹੋਣ।

ਇਨ੍ਹਾਂ ਸਾਰਿਆਂ ਦੇ ਉਪਰ ਇਕ ਅਵਸਥਾ ਪ੍ਰਾਪਤ ਹੁੰਦੀ ਹੈ ਜਿਥੇ ਮਨ ਦਾ ਵਜੂਦ ਹੀ ਖਤਮ ਹੋ ਜਾਂਦਾ ਹੈ ਅਤੇ ਅ-ਮਨ ਬਣ ਜਾਂਦਾ ਹੈ। ਉਸ ਥਾਂ ਆਪਣੀ ਹਉਮੈ ਤੋਂ ਉਤਪਤ ਹੋਈ ਹਸਤੀ ਆਪਣੇ ਅਸਲੀ ਸਰੂਪ ਆਤਮਾ ਵਿਚ ਲੈਅ ਹੋ ਜਾਂਦੀ ਹੈ ਅਤੇ ਹਉਮੈ ਦੀ ਸੁਰਤ ਤੋਂ ਉਪਰ ਸਾਖੀ ਚੇਤਨ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਕੁਝ ਦ੍ਰਿਸ਼ਟੀ ਹੀ ਨਹੀਂ ਆਉਂਦਾ। ਉਸ ਅਵਸਥਾ ਵਿਚ ਮਨ ਦੇ ਦੌੜਨ ਭੱਜਣ ਦਾ ਕੋਈ ਸਵਾਲ ਹੀ ਨਹੀਂ ਉਠਦਾ ਕਿਉਂਕਿ ਤੱਤ੍ਵ ਗਿਆਨ ਦੇ ਪ੍ਰਗਟ ਹੋਣ ਨਾਲ ਲੈਅ ਹੋ ਗਿਆ ਅਤੇ ਉਸ ਦ੍ਰਿਸ਼ਟੀ ਵਿਚ ਵਾਹਿਗੁਰੂ ਤੋਂ ਬਿਨਾਂ ਹੋਰ ਕੁਝ ਵੀ ਬਾਕੀ ਨਾ ਰਿਹਾ। ਸੂਰਜ ਚੜ੍ਹਨ ਦੇ ਪ੍ਰਕਾਸ਼ ਹੋਣ ਨਾਲ ਜਿਵੇਂ ਹਨ੍ਹੇਰੇ ਦਾ ਵਜੂਦ ਹੀ ਨਹੀਂ ਰਹਿੰਦਾ, ਤਿਵੇਂ ਜਗਿਆਸੂ ਦਾ ਆਪਣਾ ਅਸਿਤਤ੍ਵ, ਪ੍ਰਮ ਚੇਤਨ ਵਾਹਿਗੁਰੂ ਜੀ ਵਿਚ ਲੈਅ ਹੋ ਕੇ ਵਾਹਿਗੁਰੂ ਬਿਨਾਂ ਕੁਝ ਵੀ ਬਾਕੀ ਨਹੀਂ ਰਹਿੰਦਾ। ਅਵਸਥਾ ਭੇਦ ਦੇ ਮੁਤਾਬਿਕ ਤਿੰਨ ਅਵਸਥਾ ਵਾਪਰਦੀਆਂ ਹਨ - ਇਕ ਹੈ - ਮੈਂ ਸਤਿ, ਚਿੱਤ, ਅਨੰਦ ਪੂਰਨ ਹਾਂ, ਸਭ ਕੁਝ ਮੈਂ ਹੀ ਹਾਂ, ਮੇਰੇ ਤੋਂ ਬਿਨਾਂ ਸੰਸਾਰ ਵਿਚ ਹੋਰ ਕੁਝ ਹੈ ਹੀ ਨਹੀਂ। ਇਹ ਪ੍ਰਤੱਖ ਅਵਸਥਾ ਸ਼ਾਖਸ਼ਾਤ ਹੋ ਜਾਇਆ ਕਰਦੀ ਹੈ। ਦੂਸਰਾ - ਮੈਂ ਵਾਹਿਗੁਰੂ ਹੀ ਹਾਂ, ਉਹ ਵਾਹਿਗੁਰੂ ਮੈਂ ਹੀ ਹਾਂ। ਤੀਸਰਾ - ਇਹ ਸਾਰਾ ਸੰਸਾਰ ਵਾਹਿਗੁਰੂ ਹੀ ਹੈ -

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ।।***
***ਗੋਬਿੰਦ ਬਿਨੁ ਨਹੀ ਕੋਈ।।***
***ਸੂਤੁ ਏਕੁ ਮਣਿ ਸਤ ਸਹੰਸ***
***ਜੈਸੇ ਓਤਿ ਪੋਤਿ ਪ੍ਰਭੁ ਸੋਈ।।***
***ਜਲ ਤਰੰਗ ਅਰੁ ਫੇਨ ਬੁਦਬੁਦਾ***
***ਜਲ ਤੇ ਭਿੰਨ ਨ ਹੋਈ।। ਅੰਗ - 485***

ਇਹ ਅਵਸਥਾਵਾਂ ਪੂਰਨ ਬ੍ਰਹਮਗਿਆਨੀ ਨੂੰ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਦੇ ਅੰਦਰੋਂ ਹਉਮੈ ਦਾ ਪੂਰੀ ਤਰ੍ਹਾਂ ਨਾਲ

ਅਭਾਵ ਹੋ ਚੁਕਿਆ ਹੁੰਦਾ ਹੈ। ਜਿਨ੍ਹਾਂ ਦੀ ਖੋਜ ਆਪਣੇ ਅੰਤਮ ਟੀਚੇ ਤੇ ਪਹੁੰਚ ਚੁਕੀ ਹੁੰਦੀ ਹੈ, ਉਹ ਫੁਰਮਾਨ ਕਰਦੇ ਹਨ –

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ॥ ਅੰਗ – 1369***
***ਕਬੀਰ ਤੂੰ ਤੂੰ ਕਰਤਾ ਤੂ ਹੂਆ***
***ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ***
***ਜਤ ਦੇਖਉ ਤਤ ਤੂ॥ ਅੰਗ – 1375***

ਉਸ ਨੂੰ ਐਸਾ ਪ੍ਰਤੀਤ ਦਿੰਦਾ ਹੈ ਕਿ ਮੇਰੇ ਹੀ ਵਿਕਲਪਹੀਨ ਦੇ ਬ੍ਰਹਮ ਅਤੇ ਜਗਤ ਦੋ ਨਾਮ ਹਨ। ਮੈਂ ਨਿਰਾਕਾਰ, ਨਿਰਵਿਕਲਪ, ਪ੍ਰਮ ਅਨੰਦ, ਚਿਦਾ ਅਕਾਸ਼ ਹਾਂ। ਮੇਰੇ ਹੀ ਦੋ ਨਾਮ ਹਨ – ਗਿਆਨ ਅਵਸਥਾ ਵਿਚ ਮੇਰਾ ਨਾਮ ਵਾਹਿਗੁਰੂ ਹੈ, ਅਗਿਆਨ ਅਵਸਥਾ ਵਿਚ ਮੇਰਾ ਹੀ ਨਾਮ ਸੰਸਾਰ–ਏ–ਜਗਤ ਹੈ। ਪਰ ਅਗਿਆਨ ਅਤੇ ਗਿਆਨ ਅਵਸਥਾ ਤੋਂ ਉਠ ਕੇ ਮੇਰਾ ਨਾਮ ਕੋਈ ਭੀ ਨਹੀਂ ਹੈ।

***ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ॥***
***(ਜਾਪੁ ਸਾਹਿਬ)***

***ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥***
***ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥***
***ਅੰਗ – 283***

ਇਸ ਵਾਸਤੇ ਸੰਸਾਰ ਦ੍ਰਿਸ਼ਟੀ, ਗਿਰਾਵਟ ਹੈ ਅਤੇ ਜੀਵ ਅਵਸਥਾ ਹੈ। ਅਗਿਆਨ ਅਤੇ ਹਉਮੈ ਦੇ ਅਧੀਨ ਹੋਇਆ ਇਹੋ ਜੀਵ ਪ੍ਰਮ ਦੁਖੀ ਹੁੰਦਾ ਹੈ। ਬ੍ਰਹਮ ਦ੍ਰਿਸ਼ਟੀ ਉਤਪੰਨ ਹੋ ਜਾਂਦੀ ਹੈ ਤਾਂ ਆਪਣੇ ਆਪ ਸਮੇਤ ਸਾਰੇ ਦ੍ਰਿਸ਼ਟਮਾਨ ਨੂੰ ਬ੍ਰਹਮ ਹੀ ਅਨੁਭਵ ਕਰਦਾ ਹੈ ਜੋ ਇਸ ਦੀ ਸਤਿ ਅਵਸਥਾ ਹੈ ਜਿਸਨੂੰ ਸਿਧ–ਸਾਧਕ, ਦੇਵੀ–ਦੇਵਤੇ, ਪੀਰ–ਪੈਗੰਬਰ, ਅਉਲੀਏ ਖੋਜ ਰਹੇ ਹਨ। ਭਾਗਾਂ ਵਾਲਿਆਂ ਨੂੰ ਇਹ ਬ੍ਰਹਮ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਇਨ੍ਹਾਂ ਦੇ ਲੱਛਣ ਦੱਸਦਿਆਂ ਗੁਰੂ ਪੰਜਵੇ ਪਾਤਸ਼ਾਹ ਫੁਰਮਾਨ ਕਰਦੇ ਹਨ :–

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***
***ਅੰਗ – 272***

ਅਤੇ ਉਸਦੀ ਦ੍ਰਿਸ਼ਟੀ ਹੁੰਦੀ ਹੈ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥ ਅੰਗ – 846***

ਇਨ੍ਹਾਂ ਸਾਰੀਆਂ ਦ੍ਰਿਸ਼ਟੀਆਂ ਦੇ ਉਪਰ ਨਿਰਵਿਕਲਪਤਾ ਹੋਇਆ ਕਰਦੀ ਹੈ।

**********

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।**

ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG" ਦੇ ਨਾਂ ਤੇ ਭੇਜਿਆ ਜਾਵੇ ਜੀ।

☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 200/220 | Rs. 450/530 |
| 3 year | Rs. 500/520 | Rs. 1250/1330 |
| 5 Year | Rs. 700/720 | Rs. 2450/2530 |
| life | Rs.2000/2020 | |

**Foreign Membership**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 60 $ | 600 $ |
| Europ | 50 Euro | 500 Euro |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ☐ ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ

ਨਾਮ/Name ਅਤੇ ਪਤਾ/Address..........................................................................................

..........................................................................................

...........................Pin Code..........................Phone..........................E-mail :..........................

ਮੈਂ..................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ ..........................ਮਿਤੀ..........................ਰਾਹੀਂ ਭੇਜ ਰਿਹਾ ਹਾਂ।

ਦਸਖਤ..............................

# ਮੀਰੀ-ਪੀਰੀ ਦਾ ਆਦਰਸ਼

**ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਿਆਈ ਪੁਰਬ (11 ਜੂਨ 2014) ਨੂੰ ਸਮਰਪਿਤ**

***ਡਾ. ਜਗਜੀਤ ਸਿੰਘ***

ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਉਪਰੰਤ ਗੁਰੂ ਮਹਾਰਾਜ ਜੀ ਦੇ ਆਦੇਸ਼ਾਂ ਅਨੁਸਾਰ ਉਨ੍ਹਾਂ ਦੇ ਸਾਹਿਬਜ਼ਾਦੇ (ਗੁਰੂ) ਹਰਿਗੋਬਿੰਦ ਸਾਹਿਬ ਗੁਰਗੱਦੀ ਤੇ ਬਿਰਾਜਮਾਨ ਹੋਏ। ਇਸ ਕਾਰਜ ਨੂੰ ਸੁਚੱਜੇ ਢੰਗ ਨਾਲ ਸੰਪੰਨ ਕਰਨ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ। ਪਿਤਾ ਗੁਰੂ ਦੀ ਸ਼ਹਾਦਤ ਨਮਿੱਤ ਦਸ ਦਿਨ ਗੁਰੂ ਗ੍ਰੰਥ ਸਾਹਿਬ ਦੇ ਪਾਠ ਅਤੇ ਕੀਰਤਨ ਹੁੰਦੇ ਰਹੇ। ਗੁਰਿਆਈ ਦੀ ਰਸਮ ਵਾਲੇ ਸ਼ੁਭ ਦਿਨ (ਗੁਰੂ) ਹਰਿਗੋਬਿੰਦ ਜੀ ਨੂੰ ਨਵੇਂ ਬਸਤਰ ਪਹਿਨਾਏ ਗਏ। ਪਹਿਲਾਂ ਚਲੀ ਆ ਰਹੀ ਰੀਤ ਅਨੁਸਾਰ ਸਿਰ ਦੁਆਲੇ ਬੰਨ੍ਹੀ ਜਾਣ ਵਾਲੀ ਸੇਲ੍ਹੀ ਅਤੇ ਦਸਤਾਰ ਗੁਰੂ ਮਹਾਰਾਜ ਨੂੰ ਭੇਂਟ ਕੀਤੀ ਗਈ। ਨੌਜਵਾਨ ਗੁਰੂ ਸਾਹਿਬ ਨੇ ਬਦਲੇ ਹੋਏ ਸਮੇਂ ਨੂੰ ਅਤੇ ਆਉਣ ਵਾਲੇ ਬਿਖੜੇ ਹਾਲਾਤ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ। ਉਨ੍ਹਾਂ ਨੇ ਅੱਖੀਂ ਵੇਖ ਲਿਆ ਸੀ ਕਿ ਸ਼ਾਂਤੀ ਦੇ ਪੁੰਜ, ਧੀਰਜ ਅਤੇ ਸਹਿਨਸ਼ੀਲਤਾ ਦੀ ਮੂਰਤ, ਸਰਬ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਗੁਰੂ ਪਿਤਾ, ਗੁਰੂ ਅਰਜਨ ਦੇਵ ਜੀ ਨੂੰ ਝੂਠੇ ਛੜਯੰਤਰ ਰਚ ਕੇ ਅਨੇਕ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ ਸੀ।

ਗੁਰੂ ਅਰਜਨ ਦੇਵ ਜੀ ਨੂੰ ਐਸੇ ਭਿਆਨਕ ਸਮੇਂ ਦਾ ਪਹਿਲਾਂ ਤੋਂ ਹੀ ਗਿਆਨ ਸੀ, ਤਾਂ ਹੀ ਉਨ੍ਹਾਂ ਨੇ ਆਪਣੇ ਫਰਜ਼ੰਦ (ਗੁਰੂ) ਹਰਿਗੋਬਿੰਦ ਜੀ ਨੂੰ ਬਚਪਨ ਤੋਂ ਹੀ ਘੋੜ ਸਵਾਰੀ ਨੇਜ਼ਾ-ਬਾਜ਼ੀ, ਤੀਰ-ਅੰਦਾਜ਼ੀ, ਤਲਵਾਰ ਆਦਿ ਸ਼ਸਤਰਾਂ ਦੀ ਸਿਖਿਆ ਵਿਚ ਨਿਪੁੰਨ ਕੀਤਾ ਸੀ। (ਗੁਰੂ) ਹਰਿਗੋਬਿੰਦ ਜੀ ਨੂੰ ਇਹ ਵੀ ਅਨੁਭਵ ਸੀ ਕਿ ਸੀਮਤ ਦ੍ਰਿਸ਼ਟੀ ਵਾਲੇ ਤੁਅੱਸਬੀ ਹਾਕਮ ਗੁਰੂ-ਘਰ ਦੇ ਦੋਖੀ ਹੋ ਚੁੱਕੇ ਸਨ ਅਤੇ ਹਰ ਤਰ੍ਹਾਂ ਦੇ ਅਪਰਾਧ ਕਰਨ ਲਈ ਤੁਲੇ ਹੋਏ ਸਨ। ਆਪ ਜੀ ਨੇ ਗੁਰੂ-ਘਰ ਦੇ ਵੈਰੀਆਂ ਤੇ ਦੋਖੀਆਂ ਦੀ ਨਿਸ਼ਾਨਦੇਹੀ ਵੀ ਕਰ ਰੱਖੀ ਸੀ। ਇਸ ਲਈ ਆਪ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਆਗਿਆ ਕੀਤੀ ਕਿ ਸੇਲ੍ਹੀ ਨੂੰ ਖਜ਼ਾਨੇ ਵਿਚ ਸੰਭਾਲ ਕੇ ਰੱਖ ਦਿਤਾ ਜਾਵੇ। ਬਾਬਾ ਬੁੱਢਾ ਜੀ ਨੂੰ ਮੁਖਾਤਬ ਹੋ ਕੇ ਕਿਹਾਕਿ ਆਪ ਜੀ ਦੀ ਭਵਿੱਖ ਬਾਣੀ ਨੂੰ ਪੂਰਾ ਕਰਨ ਦਾ ਸਮਾਂ ਆ ਗਿਆ ਹੈ। ਹੁਣ ਕ੍ਰਿਪਾਨ ਦਾ ਗਾਤਰਾ ਮੇਰੀ ਸੇਲ੍ਹੀ ਟੋਪੀ ਹੋਵੇਗੀ ਅਤੇ ਦਸਤਾਰ ਨੂੰ ਸ਼ਾਹੀ ਕਲਗੀ ਨਾਲ ਸਜਾਇਆ ਜਾਵੇਗਾ। ਉਨ੍ਹਾਂ ਨੇ ਆਪਣੇ ਸ਼ਸਤਰ ਮੰਗਵਾਏ ਅਤੇ ਸੂਰਬੀਰਤਾ ਵਾਲੇ ਢੰਗ ਨਾਲ ਆਪਣੇ ਸਰੀਰ ਤੇ ਸਜਾਏ। ਰਿਸ਼ਟ ਪੁਸ਼ਟ ਸਰੀਰ ਉਪਰ ਉਨ੍ਹਾਂ ਦਾ ਸ਼ਸਤਰੀ ਠਾਠ-ਬਾਠ ਸੂਰਜ ਵਾਂਗ ਚਮਕ ਉਠਿਆ। ਬਾਬਾ ਬੁੱਢਾ ਜੀ ਨੇ ਆਗਿਆ ਅਨੁਸਾਰ ਦੋ ਵਿਸ਼ੇਸ਼ ਤਲਵਾਰਾਂ ਮੀਰੀ ਅਤੇ ਪੀਰੀ ਦੇ ਚਿੰਨ੍ਹ ਵਜੋਂ ਸਜਾਈਆਂ ਜੋ ਇਕੱਤਰ ਹੋਏ ਭਾਰੀ ਇਕੱਠ ਵਜੋਂ ਸਜਾਈਆਂ ਜੋ ਇਕੱਠ ਲਈ ਬੜਾ ਹੈਰਾਨੀ ਜਨਕ ਕੌਤਕ ਸੀ। ਕੁਝ ਭ੍ਰਿਸ਼ਟ ਹੋਏ ਮਸੰਦ ਆਪਣੇ ਪਾਪਾਂ ਕਾਰਨ ਪਰੇਸ਼ਾਨ ਸਨ। ਉਨ੍ਹਾਂ ਨੇ ਮਾਤਾ ਜੀ ਪਾਸ ਸ਼ਿਕਾਇਤ ਵੀ ਕੀਤੀ ਕਿ ਮੁਗਲਾਂ ਦੇ ਰਾਜ ਵਿਚ ਐਸਾ ਕਰਨਾ ਉਚਿਤ ਨਹੀਂ ਹੋਵੇਗਾ, ਇਹ ਤਾਂ ਖਤਰਾ ਮੁੱਲ ਲੈਣ ਵਾਲੀ ਗੱਲ ਹੈ। ਪਰ ਮਾਤਾ ਜੀ ਸਭ ਕੁਝ ਜਾਣਦੇ ਸਨ। ਗੁਰੂ-ਮਾਤਾ ਨੇ ਤਸੱਲੀ ਦਿਤੀ ਕਿ ਚਿੰਤਾ ਨਾ ਕਰੋ। ਗੁਰੂ ਹਰਿਗੋਬਿੰਦ ਜੀ ਨੂੰ ਜੋ ਵਰ ਪ੍ਰਾਪਤ ਹੈ ਕਿ ਇਹ ਮੀਰੀ ਪੀਰੀ ਦੇ ਮਾਲਕ ਹੋਣਗੇ, ਇਹ ਸੰਸਾਰਕ ਅਤੇ ਅਧਿਆਤਮਕ ਸ਼ਾਸਕ ਹੋਣਗੇ, ਭਗਤੀ ਦੇ ਨਾਲ ਸ਼ਕਤੀ ਦੇ ਵੀ ਧਾਰਨੀ ਹੋਣਗੇ, ਹੁਣ ਇਹ ਵਰ ਪੂਰੇ ਹੋਣ ਦਾ ਸਮਾਂ ਆ ਗਿਆ ਹੈ।

ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਗੁਰੂ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਫੁਰਮਾਇਆ - ਅੱਜ ਤੋਂ ਗੁਰੂ ਘਰ ਵਿਚ ਭਗਤੀ ਤੇ ਸ਼ਕਤੀ ਨਾਲ ਨਾਲ ਨਿਭਣਗੀਆਂ, ਧਰਮ ਤੇ ਰਾਜਨੀਤੀ ਦੀ ਸਦਾ ਸਾਂਝ ਰਹੇਗੀ, ਦੇਗ ਤੇਗ ਫਤਹਿ ਹੋਵੇਗੀ, ਦੇਗ ਗਰੀਬਾਂ ਲਈ, ਲੋੜਵੰਦਾਂ ਦਾ ਸਹਾਰਾ ਬਣੇਗੀ, ਸਿੱਖਾਂ ਵਿਚ ਖੁਸ਼ਹਾਲੀ ਦਾ ਚਿੰਨ੍ਹ ਹੋਵੇਗੀ ਅਤੇ ਤੇਗ ਅਤਿਆਚਾਰ, ਬੇਇਨਸਾਫੀ ਅਨਿਆ, ਜ਼ੁਲਮ ਦਾ ਨਾਸ਼ ਕਰਨ ਲਈ ਵਰਤੀ ਜਾਵੇਗੀ। ਗੁਰੂ ਘਰ ਨਾਲ ਜੁੜੇ ਗੁਰੂ ਦੇ ਸਿੱਖ, ਨਾਮ ਅਭਿਆਸੀ, ਸੰਤ ਸਰੂਪ ਗੁਰਮੁਖਿ ਸੰਤਗੀਰੀ ਦੇ ਨਾਲ-ਨਾਲ ਸਿਪਾਹੀਗੀਰੀ ਵੀ ਕਰਨਗੇ। ਇਹ ਸੰਤ-ਸਿਪਾਹੀ ਹੋ ਕੇ ਸੰਸਾਰ ਵਿਚ ਵਿਚਰਨਗੇ।

ਆਪ ਜੀ ਨੇ ਐਲਾਨ ਕੀਤਾ ਕਿ ਅੱਗੋਂ ਲਈ ਗੁਰੂ ਦੀ ਖੁਸ਼ੀ ਹਾਸਲ ਕਰਨ ਲਈ ਹੋਰ ਦੁਨਿਆਵੀ ਵਸਤੂਆਂ ਦੀ ਥਾਂ ਘੋੜੇ ਤੇ ਸ਼ਸਤਰ ਭੇਟ ਕੀਤੇ ਜਾਣ ਤੇ ਸਭ ਤੋਂ ਵੱਡੀ ਸੇਵਾ ਗੁਰੂ ਦੀ ਸੈਨਾ ਵਿਚ ਸ਼ਾਮਲ ਹੋਣਾ ਹੋਵੇਗਾ। ਐਸਾ ਹੁਕਮਨਾਮਾ ਸਭ ਮਸੰਦਾਂ ਨੂੰ ਵੀ ਭੇਜ ਦਿਤਾ ਗਿਆ। ਥੋੜ੍ਹੇ ਸਮੇਂ ਵਿਚ ਹੀ ਗੁਰੂ ਘਰ ਦਾ ਨਕਸ਼ਾ ਬਦਲਣ ਲੱਗਿਆ। ਗੁਰੂ ਦਾ ਦਰਬਾਰ ਹਰ ਪੱਖੋਂ ਸ਼ਾਹੀ ਦਰਬਾਰ ਨੂੰ ਮਾਤ ਪਾਉਣ ਲੱਗਾ। ਸੰਤ-ਸਿਪਾਹੀ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਹਾੜ੍ਹ ਸੁਦੀ ਪੰਜ ਸੰਮਤ ੧੬੬੩ ਨੂੰ ਆਪ ਜੀ ਨੇ ਅਕਾਲ ਤਖਤ ਦੀ ਨੀਂਹ ਰੱਖੀ। ਇਸ ਲਈ ਅਸਥਾਨ ਵੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਰਸਤੇ - ਦਰਸ਼ਨੀ ਡਿਊੜੀ ਦੇ ਸਾਮ੍ਹਣੇ ਵਾਲਾ ਚੁਣਿਆ ਗਿਆ। ਜਦ ਪੱਕੀਆਂ ਇੱਟਾਂ ਵਾਲਾ ਸੁੰਦਰ ਤਖਤ ਤਿਆਰ ਹੋ ਗਿਆ ਤਾਂ ਗੁਰੂ ਜੀ ਇਸ ਤੇ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਦਰਸ਼ਨ ਦਿੰਦੇ ਅਤੇ ਸੰਬੋਧਨ ਕਰਦੇ। ਸੰਗਤਾਂ ਦੂਰੋਂ ਨੇੜਿਉਂ ਆ ਕੇ ਸੂਰਬੀਰਤਾ ਦੀਆਂ

ਵਾਰਤਾਵਾਂ ਸੁਣਦੀਆਂ, ਬਹਾਦਰੀ ਦੇ ਜੌਹਰ ਵੇਖਦੀਆਂ ਅਤੇ ਵਧੀਆ ਸ਼ਸਤਰ ਅਤੇ ਘੋੜੇ ਗੁਰੂ ਜੀ ਨੂੰ ਭੇਂਟ ਕਰਕੇ ਗੁਰੂ ਦੀਆਂ ਖੁਸ਼ੀਆਂ ਲੈਂਦੇ। ਗੁਰੂ ਜੀ ਦੀ ਪ੍ਰਸਿੱਧੀ ਸੁਣ ਕੇ ਅਨੇਕਾਂ ਸੂਰਬੀਰ ਯੋਧੇ ਉਨ੍ਹਾਂ ਦੀ ਸੇਵਾ ਵਿਚ ਆ ਸ਼ਾਮਲ ਹੋਏ। ਆਰੰਭ ਵਿਚ ਆਪ ਜੀ ਨੇ ਬਵੰਜਾ ਵਿਸ਼ੇਸ਼ ਸੂਰਬੀਰਾਂ ਦਾ ਦਲ ਸਥਾਪਤ ਕੀਤਾ ਜਿਨ੍ਹਾਂ ਨੇ ਸ਼ੁਰੂ ਦੇ ਸੰਘਰਸ਼ਾਂ ਵਿਚ ਹਿੱਸਾ ਲਿਆ। ਉਪਰੰਤ ਪੂਰੇ ਪੰਜਾਬ ਤੋਂ, ਮਾਲਵਾ, ਮਾਝਾ, ਦੁਆਬਾ ਤੋਂ ਪੰਜ ਸੌ ਤੋਂ ਵੱਧ ਸੂਰਬੀਰ ਗੁਰੂ ਕੀ ਫੌਜ ਵਿਚ ਭਰਤੀ ਹੋਣ ਆਏ। ਉਨ੍ਹਾਂ ਨੇ ਗੁਰੂ ਜੀ ਨੂੰ ਆਪਣਾ ਜੀਵਨ ਅਰਪਨ ਕੀਤਾ ਤੇ ਬਦਲੇ ਵਿਚ ਕੋਈ ਵੀ ਮਾਇਕ-ਤਨਖਾਹ ਆਦਿ ਲੈਣ ਤੋਂ ਨਾਂਹ ਕਰ ਦਿਤੀ। ਉਨ੍ਹਾਂ ਅੰਦਰ ਗੁਰੂ-ਘਰ ਲਈ ਪੂਰਨ ਵਿਸ਼ਵਾਸ਼ ਤੇ ਦ੍ਰਿੜ੍ਹਤਾ ਸੀ ਅਤੇ ਉਹ ਗੁਰੂ ਜੀ ਦੇ ਕਿਸੇ ਵੀ ਮਹਾਨ ਕਾਰਜ ਵਿਚ ਜੀਵਨ ਬਲੀਦਾਨ ਕਰਨ ਲਈ ਵਚਨਬੱਧ ਸਨ। ਗੁਰੂ ਜੀ ਨੇ ਹਰ ਸੰਤ-ਸਿਪਾਹੀ ਨੂੰ ਇਕ ਘੋੜਾ ਅਤੇ ਲੋੜੀਂਦੇ ਸ਼ਸਤਰਾਂ ਨਾਲ ਲੈਸ ਕਰਕੇ ਆਪਣੀ ਸੈਨਾ ਵਿਚ ਸ਼ਾਮਲ ਕਰ ਲਿਆ। ਇਨ੍ਹਾਂ ਵਿਚੋਂ ਵਿਸ਼ੇਸ਼ ਤੌਰ ਤੇ ਭਾਈ ਬਿਧੀਚੰਦ, ਭਾਈ ਪਿਰਾਣਾ, ਭਾਈ ਜੇਠਾ ਅਤੇ ਭਾਈ ਪੈੜਾ ਨੂੰ ਸੌ ਸੌ ਘੋੜ-ਸਵਾਰਾਂ ਦਾ ਨਾਇਕ ਸਥਾਪਤ ਕੀਤਾ। ਗੁਰੂ ਜੀ ਧਰਮ-ਯੁੱਧ ਦੇ ਚਾਅ ਵਿਚ ਐਸਾ ਕਰ ਰਹੇ ਸਨ। ਭਾਵੇਂ ਕਿਸੇ ਦੀ ਹਕੂਮਤ ਖੋਹਣ ਜਾਂ ਰਾਜ ਸਥਾਪਤ ਕਰਨ ਲਈ ਐਸਾ ਨਹੀਂ ਕੀਤਾ ਜਾ ਰਿਹਾ ਸੀ ਪਰ ਇਸ ਸਾਰੀ ਫੌਜੀ ਕਿਰਿਆ ਤੋਂ ਇਕ ਗੱਲ ਸਪਸ਼ਟ ਸੀ ਕਿ ਹੁਣ ਜ਼ੁਲਮ ਅਤੇ ਤਸ਼ੱਦਦ ਨੂੰ ਚੁੱਪ ਚਾਪ ਨਹੀਂ ਸਹਿਆ ਜਾਵੇਗਾ, ਮਜ਼ਲੂਮ ਦੀ ਰੱਖਿਆ ਲਈ ਜੰਗ ਲੜੀ ਜਾਵੇਗੀ। ਗੁਰੂ ਪਿਆਰ ਵਿਚ ਭਰਤੀ ਹੋਏ ਸੂਰਬੀਰ ਸੰਤ-ਸਿਪਾਹੀਆਂ ਦੀਆਂ ਲੋੜਾਂ ਵੀ ਬੜੀਆਂ ਸੀਮਤ ਸਨ - ਗੁਰੂ ਵਲੋਂ ਬਖਸ਼ੀ ਵਰਦੀ ਪਹਿਨਣੀ ਅਤੇ ਲੰਗਰ ਵਿਚੋਂ ਲੋੜ ਅਨੁਸਾਰ ਪ੍ਰਸ਼ਾਦਾ ਛਕਣਾ।

ਉਹ ਦਿਨ ਚੜ੍ਹਨ ਤੋਂ ਸਵਾ ਪਹਿਰ ਪਹਿਲਾਂ ਉਠਦੇ, ਸੌਚ ਇਸ਼ਨਾਨ ਕਰਦੇ, ਸਮਾਧੀ ਵਿਚ ਬੈਠਦੇ ਫਿਰ ਸ਼ਸਤਰ-ਬਸਤਰ ਧਾਰਨ ਕਰਦੇ ਅਤੇ ਫਿਰ ਸ਼ਰਧਾ ਭੇਟ ਕਰਨ ਪ੍ਰਮਾਤਮਾ ਦੇ ਘਰ ਹਰਿਮੰਦਰ ਸਾਹਿਬ ਵਿਖੇ ਜਾਂਦੇ ਸਨ। ਉਥੇ ਉਹ ਜਪੁਜੀ ਸਾਹਿਬ ਅਤੇ ਆਸਾ ਜੀ ਦੀ ਵਾਰ ਦੀਆਂ ਬਾਣੀਆਂ ਸੁਣਦੇ ਅਤੇ ਸੰਗਤ ਨੂੰ ਉਪਦੇਸ਼ ਦਿੰਦੇ। ਉਪਰੰਤ ਅਨੰਦ ਸਾਹਿਬ ਦਾ ਪਾਠ ਪੜ੍ਹਿਆ ਜਾਂਦਾ ਤੇ ਸਮਾਪਤੀ ਦੀ ਅਰਦਾਸ ਹੁੰਦੀ। ਉਪਰੰਤ ਅਕਾਲ ਤਖਤ ਦੀ ਹਜ਼ੂਰੀ ਵਿਚ ਸਾਰੀ ਸਿੱਖ ਸੰਗਤ, ਸਾਰੇ ਫੌਜੀ ਅਤੇ ਪੈਰੋਕਾਰ ਬਿਨਾਂ ਕਿਸੇ ਭਿੰਨ ਭੇਦ ਸੰਗਤਾਂ ਵਿਚ ਬੈਠ ਕੇ ਲੰਗਰ ਛਕਦੇ।

ਇਸ ਪਿਛੋਂ ਗੁਰੂ ਜੀ ਲਗਭੱਗ ਇਕ ਘੰਟਾ ਵਿਸਰਾਮ ਕਰਦੇ ਸਨ। ਦੁਪਹਿਰ ਤੋਂ ਬਾਅਦ ਗੁਰੂ ਜੀ ਆਪਣੇ ਤਖਤ ਤੇ ਬਿਰਾਜਮਾਨ ਹੁੰਦੇ ਅਤੇ ਆਉਣ ਵਾਲੀਆਂ ਸੰਗਤਾਂ ਤੇ ਸ਼ਰਧਾਲੂਆਂ ਦੇ ਦੁੱਖ ਸੁੱਖ ਸੁਣਦੇ। ਰਾਗੀ ਗੁਰਬਾਣੀ ਦਾ ਗਾਇਨ ਕਰਦੇ ਅਤੇ ਢਾਡੀ ਸੂਰਬੀਰਾਂ ਦੀਆਂ ਵਾਰਾਂ ਸੁਣਾਂਦੇ, ਵਿਸ਼ੇਸ਼ ਤੌਰ ਤੇ ਢਾਡੀ ਅਬਦੁੱਲਾ ਸੂਰਬੀਰਤਾ ਦੇ ਕਾਰਨਾਮੇ ਸੁਣਾ ਕੇ ਸਿੱਖਾਂ ਵਿਚ ਸੂਰਬੀਰਤਾ ਤੇ ਜੋਸ਼ ਪੈਦਾ ਕਰਦੇ।

ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਨੂੰ ਪਰਸਪਰ ਸਹਿਯੋਗੀ ਕਰਾਰ ਦਿੰਦਿਆਂ ਸਿੱਖ ਲਹਿਰ ਵਿਚ ਇਕ ਨਵਾਂ ਮੋੜ ਲਿਆਂਦਾ, ਹਜ਼ਾਰਾਂ ਸਾਲਾਂ ਤੋਂ ਲਿਤਾੜੇ ਜਾ ਰਹੇ ਨਿਮਾਣਿਆਂ ਨਿਤਾਣਿਆਂ ਨੂੰ ਨਾ ਕੇਵਲ ਆਪਣੀ ਸ੍ਵੈ-ਰੱਖਿਆ ਅਤੇ ਸ੍ਵੈ-ਮਾਨ ਲਈ ਜੂਝਣ ਲਈ ਤਿਆਰ ਕੀਤਾ ਸਗੋਂ ਦੂਜਿਆਂ ਕਮਜ਼ੋਰ ਲੋਕਾਂ ਤੇ ਹੋ ਰਹੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਤਿਆਰ ਕੀਤਾ। ਇਨ੍ਹਾਂ ਨੇ ਆਤਮਿਕ ਬਲ ਦੇ ਸਹਾਰੇ ਮੁਗਲਾਂ ਦੇ ਡਰ ਨੂੰ ਤਿਆਗਿਆ ਤੇ ਉਨ੍ਹਾਂ ਦੇ ਜ਼ੁਲਮ ਅੱਗੇ ਡੱਟ ਜਾਣ ਦਾ ਪ੍ਰਣ ਕੀਤਾ। ਗੁਰੂ ਜੀ ਦੇ ਜੀਵਨ ਕਾਲ ਵਿਚ ਹੀ ਮੁਗਲਾਂ ਨਾਲ ਚਾਰ ਯੁੱਧ ਹੋਏ ਜਿਨ੍ਹਾਂ ਵਿਚ ਗੁਰੂ ਜੀ ਨੇ ਆਪ ਸਿੱਖ ਬਹਾਦਰਾਂ ਦੀ ਕਮਾਨ ਕੀਤੀ ਅਤੇ ਇਨ੍ਹਾਂ ਸਭਨਾਂ ਯੁੱਧਾਂ ਵਿਚ ਗੁਰੂ ਦੇ ਸਿੱਖਾਂ ਦੀ ਜਿੱਤ ਹੋਈ। ਬਾਅਦ ਵਿਚ ਇਨ੍ਹਾਂ ਸੰਤ-ਸਿਪਾਹੀਆਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਜਿਨ੍ਹਾਂ ਨੇ ਬੇਅੰਤ ਕੁਰਬਾਨੀਆਂ ਕਰਕੇ ਦੇਸ਼ ਵਿਚੋਂ ਵਿਦੇਸ਼ੀ ਹਮਲਾਵਰਾਂ ਨੂੰ ਖਤਮ ਕਰਕੇ ਦੇਸ਼ ਵਾਸੀਆਂ ਦਾ ਰਾਜ ਕਾਇਮ ਕੀਤਾ ਜੋ ਨਿਰੋਲ ਮਨੁੱਖੀ ਏਕਤਾ, ਇਨਸਾਫ ਅਤੇ ਬਰਾਬਰੀ ਤੇ ਆਧਾਰਤ ਸੀ।

ਭਾਈ ਗੁਰਦਾਸ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੰਤ ਸਿਪਾਹੀ ਆਦਰਸ਼ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ -

*ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।*
*ਅਰਜਨ ਕਾਇਆ ਪਲਟਿਕੈ ਮੂਰਤਿ ਹਰਗੋਬਿੰਦ ਸਵਾਰੀ।*
*ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।*
*ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁਤ ਪਰਉਪਕਾਰੀ।*
*ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਿਲਾ ਤਕਿ ਦਰਸੁ ਨਿਹਾਰੀ।*
*ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।*
*ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰਿ ਖਲਾਰੀ।*
*ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥*

***ਭਾਈ ਗੁਰਦਾਸ ਜੀ, ਵਾਰ ੧/੪੮***

ਮੀਰੀ-ਪੀਰੀ ਦਾ ਸਿਧਾਂਤ ਸਿੱਖ ਪਰੰਪਰਾ ਦਾ ਅਨਿੱਖੜਵਾਂ ਅੰਗ ਬਣ ਚੁੱਕਾ ਹੈ। ਅਕਾਲ ਤਖਤ ਦੇ ਸਨਮੁਖ ਝੂਲਦੇ ਦੋ ਨਿਸ਼ਾਨ ਸਾਹਿਬ ਇਸ ਦਾ ਪ੍ਰਤੱਖ ਪ੍ਰਮਾਣ ਹਨ। ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਪੀਰੀ ਨੂੰ ਮੀਰੀ ਨਾਲੋਂ ਪਹਿਲ ਤੇ ਉਚਾ ਸਥਾਨ ਪ੍ਰਾਪਤ ਹੈ ਤਾਂਹੀ ਪੀਰੀ ਦਾ ਨਿਸ਼ਾਨ ਸਾਹਿਬ ioo ਫੁੱਟ ਉੱਚਾ ਹੈ ਅਤੇ ਮੀਰੀ ਦਾ ਸੌ ਫੁੱਟ ਤਾਕਿ ਪ੍ਰਧਾਨਤਾ ਪੀਰੀ (ਅਧਿਆਤਮਕਤਾ, ਸੰਤ-ਗੀਰੀ, ਭਗਤੀ) ਦੀ ਬਣੀ ਰਹੇ।

**********

# ਸਟੀਕ
# ਸ੍ਰੀ ਜਪੁ ਜੀ ਸਾਹਿਬ

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ - 44 )*

## ਪਉੜੀ ਇੱਕੀਵੀਂ

ਪ੍ਰਸ਼ਨ - ਫਿਰ ਸਿੱਧ ਕਹਿਣ ਲੱਗੇ ਕਿ ਮਹਾਰਾਜ! ਆਪ ਜੀ ਦੇ ਕਹਿਣ ਅਨੁਸਾਰ ਅਸੀਂ ਨਿਸ਼ਚਾ ਕਰ ਲਿਆ ਹੈ ਕਿ ਜੀਵ ਨੂੰ ਕਰਮ ਫਲ ਜ਼ਰੂਰ ਭੋਗਣਾ ਪੈਂਦਾ ਹੈ। ਨਾਮ ਬਗੈਰ ਗਤੀ ਨਹੀਂ ਹੈ। ਪਰੰਤੂ ਫਿਰ ਵੀ ਦੇਖਣ ਵਿਚ ਆਉਂਦਾ ਹੈ ਕਿ ਲੋਕ ਤੀਰਥਾਂ ਉਪਰ ਇਸ਼ਨਾਨ ਕਰ ਕੇ ਪੁੰਨ ਦਾਨ ਆਦਿ ਕਰਮ ਕਰਦੇ ਹਨ। ਆਪ ਜੀ ਦੇ ਇਸ ਬਾਰੇ ਕੀ ਵੀਚਾਰ ਹਨ?

ਗੁਰ ਉੱਤਰ : ਉੱਤਰ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ -

### ਤੀਰਥੁ ਤਪੁ; ਦਇਆ ਦਤੁ ਦਾਨੁ॥

ਹੇ ਸਿੱਧ ਪੁਰਸ਼ੋ! ਜੇਕਰ ਕੋਈ ਵਿਅਕਤੀ ਤੀਰਥਾਂ ਦੀ ਯਾਤਰਾ ਅਤੇ ਇਸ਼ਨਾਨ ਕਰੇ, ਰਾਜਸੀ, ਤਾਮਸੀ, ਸ਼ਾਤਕੀ ਤਪੁ=ਤਪੱਸਿਆ ਕਰੇ, ਜਿਵੇਂ ਕਈ ਮੱਤ ਐਸੇ ਹਨ ਜੋ ਮੂੰਹ 'ਤੇ ਪੱਟੀ ਬੰਨ੍ਹ ਕੇ ਰੱਖਦੇ ਹਨ ਕਿ ਕੋਈ ਜੀਵ ਮੂੰਹ ਦੇ ਅੰਦਰ ਜਾ ਕੇ ਨਾ ਮਰ ਜਾਵੇ, ਐਸੀ ਦਇਆ ਧਾਰਨ ਕਰੇ ਅਤੇ ਕਿਸੇ ਕਾਮਨਾ ਨੂੰ ਪੂਰਨ ਕਰਨ ਵਾਸਤੇ ਦਾਨ ਦਾ ਦਤੁ=ਦੂਣਾ ਕਰੇ। ਵਾ: ਬਗਲੇ ਦੀ ਨਿਆਈਂ ਇੰਦਰੀਆਂ ਨੂੰ ਪਾਖੰਡ ਮਾਤਰ ਦਤੁ=ਦਮਨ ਕਰੇ, ਪਰੰਤੂ ਅੰਦਰੋਂ ਵਿਕਾਰਾਂ ਦੀ ਇੱਛਾ ਰੱਖਦਾ ਹੋਵੇ ਇਨ੍ਹਾਂ ਸਾਰੇ ਸਾਧਨਾਂ ਨੂੰ ਕਰਨ ਨਾਲ ਵੀ -

### ਜੇ ਕੋ ਪਾਵੈ; ਤਿਲ ਕਾ ਮਾਨੁ॥

ਜੇਕਰ ਕੋਈ ਇਹ ਸਾਰੇ ਸਾਧਨ ਕਰ ਲਵੇ ਤਾਂ ਉਹ ਤਿਲੁ ਕਾ=ਤਿਲ ਕੁ ਜਿੰਨਾ ਹੀ ਮਾਨੁ=ਸਤਿਕਾਰ ਪਾਉਂਦਾ ਹੈ, ਬਹੁਤਾ ਨਹੀਂ ਅਥਵਾ ਜੇਕਰ ਕੋਈ ਤੀਰਥਾਂ 'ਤੇ ਜਾ ਕੇ ਇਹ ਸਾਧਨ ਕਾਮਨਾ ਦੇ ਸਹਿਤ ਕਰੇ, ਤੀਰਥਾਂ ਦੀ ਧਰਤੀ ਪਵਿੱਤਰ ਹੋਣ ਕਰਕੇ ਵੀ ਉਹ ਤਿਲੁ=ਰੰਚਕ ਮਾਤਰ ਫਲ ਹੀ ਪ੍ਰਾਪਤ ਕਰਦਾ ਹੈ।

ਪ੍ਰਸ਼ਨ - ਫਿਰ ਸਿੱਧਾਂ ਨੇ ਕਿਹਾ ਕਿ ਮਹਾਰਾਜ ਜੀ! ਆਪ ਜੀ ਕ੍ਰਿਪਾ ਕਰਕੇ ਦੱਸੋ ਕਿ ਪ੍ਰਭੂ ਦੀ ਪ੍ਰਾਪਤੀ ਦਾ ਮੁੱਖ ਸਾਧਨ ਕਿਹੜਾ ਹੈ?

ਗੁਰ ਉੱਤਰ - ਗੁਰੂ ਜੀ ਫੁਰਮਾਨ ਕਰਦੇ ਹਨ -

### ਸੁਣਿਆ ਮੰਨਿਆ; ਮਨਿ ਕੀਤਾ ਭਾਉ॥

ਹੇ ਸਿੱਧ ਪੁਰਸ਼ੋ! ਜਿਨ੍ਹਾਂ ਨੇ ਪ੍ਰਭੂ ਦੇ ਨਾਮ ਨੂੰ ਸੁਣਿਆ=ਸ੍ਰਵਣ ਕੀਤਾ, ਮੰਨਿਆ=ਮੰਨਣ ਕੀਤਾ ਹੈ ਅਤੇ ਮਨਿ ਕੀਤਾ=ਨਿਧਿਆਸਣ ਕੀਤਾ ਹੈ, ਉਨ੍ਹਾਂ ਨੂੰ ਪ੍ਰਭੂ ਦਾ ਭਾਉ=ਪ੍ਰੇਮ-ਭਾਵ ਗਿਆਨ ਵਾ: ਪ੍ਰਕਾਸ਼ ਪ੍ਰਾਪਤ ਹੋ ਗਿਆ ਹੈ।

### ਅੰਤਰਗਤਿ; ਤੀਰਥਿ ਮਲਿ ਨਾਉ॥

ਉਨ੍ਹਾਂ ਨੂੰ ਅੰਤਰ=ਅੰਦਰੋਂ ਹੀ ਆਤਮ ਰੂਪੀ ਤੀਰਥ ਦੀ ਗਤਿ=ਪ੍ਰਾਪਤੀ ਹੋ ਜਾਂਦੀ ਹੈ ਅਤੇ ਉਸ ਵਿਚ ਉਹ ਮਲਿ ਨਾਉ=ਮਲ ਮਲ ਕੇ ਨਹਾਉਂਦੇ ਹਨ। ਇਥੇ "ਨਾਉ" ਪਾਠ ਦਾ ਸ਼ੁੱਧ ਉਚਾਰਣ "ਨ੍ਹਾਉ" ਕਰਨਾ ਹੈ। ਭਾਰਾ ਉਚਾਰਣ ਕਰੋ ਅਥਵਾ ਉਹ ਗੁਰਮੁਖ ਹਨ, ਜੀਵ ਈਸ਼ ਦੇ ਅੰਤਰਿ=ਭੇਦ ਨੂੰ ਗਤਿ=ਨਾਸ ਕਰਕੇ ਤੀਰਥ=ਸ਼ੁੱਧ ਸਰੂਪ (ਪਵਿੱਤਰ) ਹੋ ਗਏ ਹਨ। ਉਨ੍ਹਾਂ ਨੂੰ ਰਾਗ ਦਵੈਖ ਭਾਵ ਅਵਿੱਦਿਆ ਰੂਪੀ ਮਲਿ=ਮੈਲ ਨਾਉ=ਨਾ+ਉ=ਨਹੀਂ ਹੈ ਅਥਵਾ ਉਨ੍ਹਾਂ ਨੇ ਤੀਰਥ=ਪਵਿੱਤਰ (ਪ੍ਰਭੂ) ਨੂੰ ਅੰਤਰਿ=ਅੰਦਰੋਂ ਹੀ ਗਤਿ=ਪ੍ਰਾਪਤ ਕਰ ਲਿਆ ਹੈ।

### ਸਭਿ ਗੁਣ ਤੇਰੇ; ਮੈ ਨਾਹੀ ਕੋਇ॥

ਹੇ ਪਰਮਾਤਮਾ! ਇਹ ਸਭਿ ਗੁਣ=ਸਾਰੇ ਗੁਣ ਤੇਰੇ=ਤੁਹਾਡੇ ਆਪ ਜੀ ਦੇ ਹੀ ਬਖਸ਼ੇ ਹੋਏ ਹਨ। ਮੈ ਨਾਹੀ ਕੋਇ=ਮੇਰੇ ਵਿਚ ਤਾਂ ਕੋਈ ਵੀ ਗੁਣ ਨਹੀਂ ਹੈ। ਜੈਸਾ ਕਿ -

*ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥*
*ਅੰਗ - ੧੪੨੯*

*ਸਭਿ ਅਵਗਣ ਮੈ ਗੁਣੁ ਨਹੀ ਕੋਈ॥* *ਅੰਗ - ੭੫੦*

ਹੇ ਪ੍ਰਭੂ ਸਤਿਗੁਰੂ ਜੀ! ਸਭਿ ਗੁਣ=ਸਾਰੇ ਗੁਣ ਤਾਂ ਤੇਰੇ=ਤੇਰੇ ਵਿਚ ਹੀ ਹਨ। ਮੈ=ਮੇਰੇ ਵਿਚ ਤਾਂ ਕੋਈ ਭੀ ਗੁਣ ਨਾਹੀ=ਨਹੀਂ ਹੈ। ਜੈਸਾ ਕਿ -

*ਹਭਿ ਗੁਣ ਤੈਡੇ ਨਾਨਕ ਜੀਉ*
*ਮੈ ਕੂ ਥੀਏ ਮੈ ਨਿਰਗੁਣ ਤੇ ਕਿਆ ਹੋਵੈ ॥* *ਅੰਗ - ੭੫੦*

### ਵਿਣੁ ਗੁਣ ਕੀਤੇ; ਭਗਤਿ ਨ ਹੋਇ॥

ਹੇ ਪ੍ਰਭੂ! ਆਪ ਜੀ ਦੇ ਗੁਣ=ਉਪਕਾਰ ਕੀਤੇ ਵਿਣੁ=ਬਿਨਾਂ ਸਾਡੇ ਕੋਲੋਂ ਭਗਤਿ ਨ=ਭਗਤੀ ਨਹੀਂ ਹੋਇ=ਹੋ ਸਕਦੀ ਅਥਵਾ ਹੇ ਪ੍ਰਭੂ! ਆਪ ਜੀ ਦੁਆਰਾ ਗੁਣ=ਦੈਵੀ ਗੁਣਾਂ(ਸਤ, ਸੰਤੋਖ, ਦਇਆ, ਧਰਮ, ਸ਼ਰਧਾ, ਪ੍ਰੇਮ ਆਦਿ) ਦੀ ਬਖਸ਼ਿਸ਼ ਕੀਤੇ ਬਿਨਾਂ ਸਾਡੇ ਕੋਲੋਂ ਭਗਤਿ=ਭਗਤੀ ਨ ਹੋਇ=ਨਹੀਂ ਹੋ ਸਕਦੀ।

### ਸੁਅਸਤਿ ਆਥਿ; ਬਾਣੀ ਬਰਮਾਉ॥

ਹੇ ਸਿੱਧ ਪੁਰਸ਼ੋ! ਜੋ ਸੁਅਸਤਿ=ਕਲਿਆਣ ਸਰੂਪ ਪ੍ਰਭੂ ਆਥਿ=ਹੈ, ਉਸ ਤੋਂ ਸੰਕਲਪ ਰੂਪ ਬਾਣੀ ਹੋਈ, ਉਸ ਬਾਣੀ ਤੋਂ ਹੀ ਬਰਮਾਉ=ਬ੍ਰਹਮਾ ਆਦਿ ਹੋਏ, ਫਿਰ ਇਹ ਪ੍ਰਪੰਚ ਬਣ ਗਿਆ। ਯਥਾ -

*ਕੀਤਾ ਪਸਾਉ ਏਕੋ ਕਵਾਉ॥* *ਅੰਗ - ੩*

ਅਥਵਾ ਜੋ ਸੁਅਸਤਿ=ਕਲਿਆਣ ਸਰੂਪ ਪ੍ਰਭੂ ਆਥਿ=ਹੈ, ਪਹਿਲਾਂ ਇਸ ਨੇ ਬਾਣੀ=ਵਾਕਯ ਰੂਪ ਬਚਨ ਦਾ

ਬਰਮਾਉ=ਉਚਾਰਣ ਕੀਤਾ। ਇਸ ਦੇ ਫੁਰਮਾਨ ਕਰਕੇ ਹੀ ਸਾਰਾ ਪ੍ਰਪੰਚ ਬਣ ਗਿਆ ਵਾ: ਉਸ ਦੀ ਬਾਣੀ=ਬਚਨ ਮਾਤ੍ਰ ਤੋਂ ਹੀ ਬਰਮਾਉ=ਬ੍ਰਹਮਾਦਿਕ ਆਦਿ ਪੈਦਾ ਹੋ ਗਏ ਵਾ: ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਪੈਦਾ ਹੋ ਗਏ। ਫਿਰ ਸਾਰਾ ਸੰਸਾਰ ਰਚਿਆ ਗਿਆ। ਜੈਸਾ ਕਿ –

*ਓਅੰਕਾਰਿ ਉਤਪਾਤੀ॥ ਕੀਆ ਦਿਨਸੁ ਸਭ ਰਾਤੀ॥ ਅੰਗ – ੧੦੦੩*

ਅਥਵਾ ਜੋ ਸੁਅਸਤਿ=ਕਲਿਆਣ ਸਰੂਪ ਪ੍ਰਭੂ ਹੈ, ਉਸ ਦੀ ਸੰਕਲਪ ਰੂਪ ਬਾਣੀ ਤੋਂ ਹੀ ਆਥਿ=ਮਾਇਆ ਪੈਦਾ ਹੋਈ, ਜਿਸ ਤੋਂ ਫਿਰ ਬਰਮਾਉ=ਬ੍ਰਹਮਾਦਿਕ ਰਚ ਕੇ ਸੰਸਾਰ ਰੂਪੀ ਪ੍ਰਪੰਚ ਬਣ ਗਿਆ।

*ਏਕ ਬ੍ਰਹਮ ਚੈਤੰਨ ਅਖੰਡ ਤਾਂ ਤੇ ਉਪਜੀ ਇੱਛਾ॥*
*ਤਾਹੀ ਕੋ ਮਾਯਾ ਕਹੀਅਤ ਹੈ ਨੀਕੇ ਸੁਨੀਏ ਸਿੱਛਾ॥*

*(ਅਧਯਾਤਮ ਪ੍ਰਕਾਸ਼)*

ਅਥਵਾ ਜੋ ਸੁਅਸਤਿ=ਕਲਿਆਣ ਸਰੂਪ ਬ੍ਰਹਮ ਹੈ, ਉਸ ਦਾ ਪ੍ਰਤੀਬਿੰਬ ਜਦੋਂ ਆਥਿ=ਮਾਇਆ ਵਿਚ ਪਿਆ ਤਾਂ ਮਾਇਆ ਤ੍ਰਿਗੁਣ (ਰਜੋ, ਤਮੋ, ਸਤੋ) ਬਾਣੀ=ਬਣ ਗਈ ਅਤੇ ਅੱਗੇ ਬਰਮਾਉ=ਬ੍ਰਹਿਮੰਡ ਆਦਿ ਸਾਰਾ ਪ੍ਰਪੰਚ ਬਣ ਗਿਆ।

## ਸਤਿ ਸੁਹਾਣੁ; ਸਦਾ ਮਨਿ ਚਾਉ॥

ਉਹ ਪ੍ਰਭੂ ਤ੍ਰੈਕਾਲ ਅਬਾਧ ਹੋਣ ਕਾਰਨ ਸਤਿ ਸਰੂਪ ਹੈ। ਸੁਹਾਣੁ=ਚੇਤਨ ਸਰੂਪ ਹੈ ਅਤੇ ਸਦਾ ਮਨਿ ਚਾਉ=ਅਨੰਦ ਸਰੂਪ ਹੈ ਅਰਥਾਤ ਉਹ ਪ੍ਰਭੂ ਸਤਿ ਚਿਤ ਅਨੰਦ ਸਰੂਪ ਹੈ। ਇਸ ਕਰਕੇ ਉਹ ਸੰਸਾਰ ਨੂੰ ਰਚ ਕੇ ਵੀ ਨਹੀਂ ਪ੍ਰਨਮਿਆ, ਕਿਉਂਕਿ ਉਹ ਪ੍ਰਨਮਵਾਦ ਤੋਂ ਰਹਿਤ ਹੈ ਅਤੇ ਉਹ ਬਿਵਰਤਬਾਦੀ ਹੈ। ਪ੍ਰਨਮਵਾਦ ਉਹ ਹੁੰਦਾ ਹੈ ਜਿਸ ਵਿਚ ਕੁਝ ਰਚਣ ਤੋਂ ਬਾਅਦ ਤਬਦੀਲੀ ਆ ਜਾਂਦੀ ਹੈ। ਇਸੇ ਤਰ੍ਹਾਂ ਪੁੱਤਰ ਨੂੰ ਜਨਮ ਦੇ ਕੇ ਪਿਤਾ ਬੁਢਾਪੇ ਵੱਲ ਜਾਂਦਾ ਹੈ। ਦੂਜਾ ਬਿਵਰਤਬਾਦ ਉਹ ਹੁੰਦਾ ਹੈ ਜਦੋਂ ਰਚਨਾ ਕਰਕੇ ਵੀ ਉਸ ਦਾ ਆਪਣਾ ਸਰੂਪ ਜਿਉ ਦਾ ਤਿਉਂ ਬਰਕਰਾਰ ਰਹੇ, ਜਿਵੇਂ ਸੋਨੇ ਦੇ ਗਹਿਣੇ ਰਚੇ ਜਾਂਦੇ ਹਨ, ਪਰ ਗਹਿਣੇ ਬਣ ਕੇ ਵੀ ਸੋਨਾ ਜਿਉਂ ਦਾ ਤਿਉਂ ਹੀ ਰਹਿੰਦਾ ਹੈ, ਉਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਇਸ ਕਰਕੇ ਹੇ ਸਿੱਧੋ! ਉਹ ਪ੍ਰਭੂ ਬਿਵਰਤਬਾਦੀ ਤ੍ਰੈਕਾਲ ਅਬਾਧ ਹੈ।

*ਤ੍ਰੈਈ ਕਾਲ ਅਬਾਧੱਤ੍ਰੰ ਸੱਤਤ੍ਰੰ*
*ਵਾ: ਸਦਾ ਸਚਿਦਾਨੰਦ ਸਤ੍ਰੰ ਪ੍ਰਣਾਸੀ॥ (ਜਾਪੁ ਸਾਹਿਬ)*

ਪ੍ਰਸ਼ਨ – ਫਿਰ ਸਿੱਧ ਪੁੱਛਣ ਲੱਗੇ ਕਿ ਮਹਾਰਾਜ ਜੀ! ਇਸ ਜਗਤ ਦੀ ਉਤਪਤੀ ਕਿਸ ਵੇਲੇ ਅਤੇ ਕਿਸ ਥਿਤ ਜਾਂ ਵਾਰ ਨੂੰ ਹੋਈ ਸੀ?

ਗੁਰ ਉੱਤਰ – ਤਦ ਸਤਿਗੁਰੂ ਜੀ ਫੁਰਮਾਨ ਕਰਦੇ ਹੋਏ ਇਨ੍ਹਾਂ ਦੋ ਪੰਗਤੀਆਂ ਵਿਚ ਸਿੱਧਾਂ ਦੇ ਪ੍ਰਸ਼ਨ ਨੂੰ ਕਥਨ ਕਰਦੇ ਹਨ –

*ਕਵਣੁ ਸੁ ਵੇਲਾ, ਵਖਤੁ ਕਵਣੁ; ਕਵਣ ਥਿਤਿ, ਕਵਣੁ ਵਾਰੁ॥*

ਜਦੋਂ ਪ੍ਰਭੂ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਤਾਂ ਸੁ=ਉਹ ਕਵਣੁ=ਕਿਹੜਾ ਵੇਲਾ (ਹਿੰਦੂਆਂ ਦੀ ਬੋਲੀ ਅਨੁਸਾਰ ਸਮਾਂ) ਅਤੇ ਵਖਤੁ ਕਵਣੁ=ਕਿਹੜਾ ਵਖਤ (ਮੁਸਲਮਾਨਾਂ ਦੀ ਬੋਲੀ ਅਨੁਸਾਰ ਵਖਤ) ਵਾ: ਵੇਲਾ=ਦਿਨ ਦਾ ਸਮਾਂ ਅਤੇ ਵਖਤੁ=ਰਾਤ ਦਾ ਸਮਾਂ ਕਿਹੜਾ ਸੀ? ਕਵਣ ਥਿਤਿ=ਕਿਹੜੀ ਥਿੱਤ (ਤਿੱਥ) ਸੀ ਭਾਵ ਏਕਮ, ਦੂਜ, ਤੀਜ ਆਦਿ ਕਿਹੜੀ ਥਿੱਤ ਸੀ? ਅਤੇ ਉਦੋਂ ਕਵਣੁ ਵਾਰੁ=ਦਿਨ ਕਿਹੜਾ ਸੀ? ਭਾਵ ਸੋਮਵਾਰ ਜਾਂ ਮੰਗਲਵਾਰ ਆਦਿ। ਸੱਤਾਂ ਦਿਨਾਂ ਵਿਚੋਂ ਕਿਹੜਾ ਦਿਨ ਸੀ?

*ਕਵਣਿ ਸਿ ਰੁਤੀ, ਮਾਹੁ ਕਵਣੁ; ਜਿਤੁ ਹੋਆ ਆਕਾਰੁ॥*

ਸਿ=ਉਹ ਕਵਣਿ=ਕਿਹੜੀ ਰੁਤੀ=ਰੁੱਤ ਸੀ? ਭਾਵ ਗਰਮੀ, ਸਰਦੀ ਆਦਿ ਵਿਚੋਂ ਕਿਹੜੀ ਰੁੱਤ ਸੀ? ਉਦੋਂ ਮਾਹੁ=ਮਹੀਨਾ ਕਵਣੁ=ਕਿਹੜਾ ਸੀ? ਭਾਵ ਵੈਸਾਖ, ਜੇਠ, ਹਾੜ ਆਦਿ ਬਾਰ੍ਹਾਂ ਮਹੀਨਿਆਂ ਵਿਚੋਂ ਉਦੋਂ ਮਹੀਨਾ ਕਿਹੜਾ ਸੀ? ਜਿਤੁ=ਜਿਸ ਵੇਲੇ ਇਸ ਸੰਸਾਰ ਦਾ ਆਕਾਰੁ=ਪਾਸਾਰਾ ਹੋਆ=ਹੋਇਆ ਜਾਂ ਸੰਸਾਰ ਬਣਿਆ।

## ਵੇਲ ਨ ਪਾਈਆ ਪੰਡਤੀ; ਜਿ ਹੋਵੈ ਲੇਖੁ ਪੁਰਾਣੁ॥

ਹੇ ਸਿੱਧ ਪੁਰਸ਼ੋ! ਉਸ ਵੇਲ=ਵੇਲੇ ਨੂੰ ਤਾਂ ਪੰਡਤੀ=ਬਿਆਸ ਜੀ ਵਰਗੇ ਮਹਾਨ ਪੰਡਤਾਂ ਨੇ ਵੀ ਨ ਪਾਈਆ=ਨਹੀਂ ਪਾਇਆ ਕਿਉਂਕਿ ਕਾਰਜ ਦੁਆਰਾ ਹੀ ਕਾਰਨ ਦਾ ਅਨੁਮਾਨ ਹੁੰਦਾ ਹੈ। ਜਿਹੜੇ ਬਿਆਸ ਜੀ ਵਰਗੇ ਵਿਦਵਾਨ ਗਿਆਰਾਂ ਗਿਆਰਾਂ ਹਜ਼ਾਰ ਵਰ੍ਹੇ ਕਾਰਕ ਬਣੇ ਰਹੇ, ਉਹ ਵੀ ਸ੍ਰਿਸ਼ਟੀ ਦੀ ਸਿਰਜਣਾ ਦੇ ਵੇਲੇ ਨੂੰ ਜਾਣ ਨਾ ਸਕੇ। ਜਿ=ਜੇਕਰ ਉਹਨਾਂ ਨੂੰ ਪਤਾ ਹੁੰਦਾ ਤਾਂ ਲੇਖੁ ਪੁਰਾਣੁ=ਅਠਾਰਾਂ ਪੁਰਾਣਾਂ ਵਿਚ ਇਸ ਦਾ ਉਲੇਖ ਜ਼ਰੂਰ ਹੁੰਦਾ ਪਰੰਤੂ ਐਸਾ ਨਹੀਂ ਹੈ। ਇਸ ਕਰਕੇ ਬਿਆਸ ਜੀ ਵਰਗਿਆਂ ਨੂੰ ਵੀ ਪਤਾ ਨਹੀਂ ਸੀ ਅਥਵਾ ਹੇ ਸਿੱਧ ਪੁਰਸ਼ੋ! ਉਸ ਵੇਲ-ਵੇਲੇ ਨੂੰ ਤਾਂ ਪੰਡਤੀ=ਅੱਜਕੱਲ੍ਹ ਦੇ ਵੱਡੇ-ਵੱਡੇ ਪੰਡਤ ਵੀ ਨਹੀਂ ਪਾ ਸਕੇ। ਉਹ ਤਾਂ ਤਦ ਹੀ ਜਾਣ ਸਕਦੇ ਹਨ ਜਿ=ਜੇਕਰ ਹੋਵੈ ਲੇਖੁ ਪੁਰਾਣੁ=ਪੁਰਾਣਾਂ ਵਿਚ ਲਿਖਿਆ ਹੁੰਦਾ ਪਰੰਤੂ ਐਸਾ ਨਹੀਂ ਹੈ।

ਪ੍ਰਸ਼ਨ – ਫਿਰ ਸਿੱਧ ਕਹਿਣ ਲੱਗੇ ਕਿ ਮਹਾਰਾਜ ਜੀ! ਜੇਕਰ ਪੰਡਤ ਨਹੀਂ ਜਾਣ ਸਕੇ ਤਾਂ ਮੁਸਲਮਾਨਾਂ ਦੇ ਪੈਗੰਬਰ ਜਾਂ ਕਾਜ਼ੀ ਆਦਿ ਤਾਂ ਜ਼ਰੂਰ ਜਾਣਦੇ ਹੋਣਗੇ?

ਗੁਰ ਉੱਤਰ – ਉੱਤਰ ਵਿਚ ਗੁਰੂ ਜੀ ਫੁਰਮਾਉਂਦੇ ਹਨ–

## ਵਖਤੁ ਨ ਪਾਇਓ ਕਾਦੀਆ; ਜਿ ਲਿਖਨਿ ਲੇਖੁ ਕੁਰਾਣੁ॥

ਹੇ ਸਿੱਧ ਪੁਰਸ਼ੋ! ਕਾਜ਼ੀਆਂ ਅਤੇ ਪੈਗੰਬਰਾਂ ਹਜ਼ਰਤ ਮੁਹੰਮਦ ਸਾਹਿਬ ਵਰਗਿਆਂ ਨੇ ਵੀ ਉਸ ਵਖਤੁ=ਸਮੇਂ ਦਾ ਗਿਆਨ ਨ ਪਾਇਓ=ਨਹੀਂ ਪਾਇਆ। ਜੇਕਰ ਪਾਇਆ ਹੁੰਦਾ ਤਾਂ ਜ਼ਰੂਰ ਕੁਰਾਨ ਸ਼ਰੀਫ ਵਿਚ ਐਸਾ ਲੇਖ ਲਿਖਿਆ ਹੁੰਦਾ ਪਰੰਤੂ ਐਸਾ ਨਹੀਂ ਹੈ। ਇਸੇ ਤਰ੍ਹਾਂ –

## ਥਿਤਿ ਵਾਰੁ ਨਾ ਜੋਗੀ ਜਾਣੈ; ਰੁਤਿ ਮਾਹੁ ਨਾ ਕੋਈ॥

ਜਿਸ ਥਿਤਿ=ਏਕਮ, ਦੂਜ, ਤੀਜ ਆਦਿ ਅਤੇ ਵਾਰੁ=ਦਿਨ ਨੂੰ ਉਸ ਪ੍ਰਭੂ ਨੇ ਸ੍ਰਿਸ਼ਟੀ ਸਾਜੀ ਹੈ, ਉਸ ਨੂੰ ਕੋਈ ਵੀ ਤੁਹਾਡੇ ਵਿਚੋਂ ਜੋਗੀ (ਗੋਰਖ ਨਾਥ ਆਦਿ) ਨਹੀਂ ਜਾਣਦੇ ਭਾਵ ਜੋਗੀ=ਜੋਤਸ਼ੀ ਨਹੀਂ ਜਾਣਦੇ ਅਤੇ ਨਾ ਹੀ ਕੋਈ ਉਸ ਸਮੇਂ ਦੀ ਰੁਤਿ=ਛੇ ਰੁੱਤਾਂ, ਜਿਵੇਂ ਬਸੰਤ, ਗ੍ਰੀਖਮ, ਸਰਦ ਆਦਿ ਜਾਂ

ਮਾਹੁ=ਬਾਰ੍ਹਾਂ ਮਹੀਨਿਆਂ (ਚੇਤ, ਵੈਸਾਖ) ਬਾਰੇ ਜਾਣਦਾ ਹੈ।

ਪ੍ਰਸ਼ਨ - ਫਿਰ ਸਿੱਧ ਕਹਿਣ ਲੱਗੇ ਕਿ ਮਹਾਰਾਜ ਜੀ! ਕੋਈ ਤਾਂ ਐਸਾ ਹੋਵੇਗਾ ਜੋ ਇਸ ਭੇਤ ਨੂੰ ਜਾਣਦਾ ਹੋਵੇ?

ਗੁਰ ਉੱਤਰ - ਜਵਾਬ ਵਿਚ ਗੁਰੂ ਜੀ ਫੁਰਮਾਉਂਦੇ ਹਨ-

**ਜਾ ਕਰਤਾ ਸਿਰਠੀ ਕਉ ਸਾਜੇ; ਆਪੇ ਜਾਣੈ ਸੋਈ॥**

ਹੇ ਸਿੱਧ ਪੁਰਸ਼ੋ! ਜਾ=ਜਦੋਂ (ਜਿਸ ਵੇਲੇ) ਸਿਰਠੀ=ਸਿਸ਼੍ਰਟੀ ਕਉ=ਨੂੰ ਸਾਜੇ=ਸਾਜਦਾ ਹੈ ਭਾਵ ਰਚਦਾ ਹੈ, ਉਸ ਵੇਲੇ ਨੂੰ ਸੋਈ=ਉਹ ਆਪੇ ਆਪ ਹੀ ਜਾਣੈ=ਜਾਣਦਾ ਹੈ ਭਾਵ ਉਸ ਤੋਂ ਬਗੈਰ ਹੋਰ ਇਸ ਭੇਦ ਨੂੰ ਨਹੀਂ ਜਾਣਦਾ। ਜੈਸਾ ਕਿ -

*ਜਦਹੁ ਆਪੇ ਥਾਟੁ ਕੀਆ ਬਹਿ ਕਰਤੈ*
*ਤਦਹੁ ਪੁਛਿ ਨ ਸੇਵਕੁ ਬੀਆ ॥*
*ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ*
*ਜਾਂ ਅਵਰੁ ਨ ਦੂਜਾ ਕੀਆ ॥* *ਅੰਗ - ੫੫੧*

ਪ੍ਰਸ਼ਨ - ਇਹ ਸੁਣ ਕੇ ਸਿੱਧ ਬਜ਼ਿੱਦ ਹੋ ਕੇ ਕਹਿਣ ਲੱਗੇ ਕਿ ਮਹਾਰਾਜ ਜੀ! ਫਿਰ ਵੀ ਆਪ ਜੀ ਕੁਝ ਤਾਂ ਕਹੋ ਕਿ ਉਹੋ ਪ੍ਰਭੂ ਸ੍ਰਿਸ਼ਟੀ ਦੀ ਸਿਰਜਣਾ, ਪਾਲਣਾ ਜਾਂ ਲੈਤਾ ਕਿਵੇਂ ਕਰਦਾ ਹੈ?

ਗੁਰ ਉੱਤਰ - ਜਵਾਬ ਵਿਚ ਗੁਰੂ ਜੀ ਫੁਰਮਾਉਂਦੇ ਹਨ-

**ਕਿਵ ਕਰਿ ਆਖਾ, ਕਿਵ ਸਾਲਾਹੀ;**

**ਕਿਉ ਵਰਨੀ, ਕਿਵ ਜਾਣਾ॥**

ਹੇ ਸਿੱਧ ਪੁਰਸ਼ੋ! ਕਿਵ=ਕਿਸ ਪ੍ਰਕਾਰ ਕਰਕੇ ਆਖਾ=ਕਹੀਏ ਕਿ ਉਹ ਪ੍ਰਭੂ ਬ੍ਰਹਮਾ ਜੀ ਦੁਆਰਾ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਕਿਵ=ਕਿਵੇਂ ਸਾਲਾਹੀ=ਸਾਲਾਹੁਣਾ ਕਰੀਏ ਕਿ ਉਹ ਪ੍ਰਭੂ ਵਿਸ਼ਨੂੰ ਜੀ ਦੁਆਰਾ ਸ੍ਰਿਸ਼ਟੀ ਦੀ ਪਾਲਣਾ ਕਰਦਾ ਹੈ ਅਤੇ ਕਿਉਂ=ਕਿਵੇਂ ਇਹ ਵਰਨੀ=ਵਰਣਨ ਕਰੀਏ ਕਿ ਉਹ ਪ੍ਰਭੂ ਸ਼ਿਵ ਜੀ ਦੁਆਰਾ ਸ੍ਰਿਸ਼ਟੀ ਨੂੰ ਲੈ (ਮਾਰਣਾ) ਕਰਦਾ ਹੈ ਅਤੇ ਜਦੋਂ ਮਹਾਂ ਪਰਲੋ ਦੇ ਸਮੇਂ ਤਿੰਨੋਂ ਦੇਵਤੇ ਵੀ ਲੈ ਹੋ ਜਾਂਦੇ ਹਨ ਤਾਂ ਉਸ ਸਮੇਂ ਨੂੰ ਵੀ ਕਿਵ ਜਾਣਾ=ਕਿਵੇਂ ਜਾਣ ਸਕੀਏ ਭਾਵ ਨਾ ਹੀ ਕੁਝ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਕੁਝ ਆਖਿਆ ਜਾ ਸਕਦਾ ਹੈ। ਜੈਸਾ ਕਿ -

*ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧*
*॥ ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥*
*ਅੰਗ - ੮੯੪*

ਅਥਵਾ ਕਿਸ ਪ੍ਰਕਾਰ ਕਰਕੇ ਬ੍ਰਹਮਾ ਆਖਣਾ ਕਰੇ ਕਿ ਮੈਂ ਸ੍ਰਿਸ਼ਟੀ ਰਚਨਾ ਅਮਕੇ ਵੇਲੇ ਕਰਦਾ ਹਾਂ। ਬ੍ਰਹਮਾ ਤਾਂ ਆਪ ਦੀ ਉਤਪਤੀ ਕਰਨ ਵਾਲੀ ਕਮਲ ਦੀ ਨਾਲੀ ਦਾ ਅੰਤ ਨਹੀਂ ਪਾ ਸਕਿਆ। ਜੈਸਾ ਕਿ -

*ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ*
*ਸਵਾਰਿ ॥ ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥*
*ਅੰਗ - ੪੮੯*

ਕਿਵੇਂ ਸਲਾਹਣਾ ਵਿਸ਼ਨੂੰ ਕਰੇ ਕਿ ਫਲਾਣੇ ਵੇਲੇ ਮੈਂ ਸ੍ਰਿਸ਼ਟੀ ਨੂੰ ਪਾਲਦਾ ਹਾਂ ਅਤੇ ਕਿਸ ਪ੍ਰਕਾਰ ਸ਼ਿਵ ਜੀ ਵਰਣਨ ਕਰੇ ਕਿ ਮੈਂ ਇਸ ਸਮੇਂ ਲੈਤਾ ਕਰਦਾ ਹਾਂ ਭਾਵ ਇਹ ਸੰਭਵ ਨਹੀਂ ਹੈ ਕਿਉਂਕਿ ਉਹ ਆਪ ਵੀ ਜਾਣਦੇ ਨਹੀਂ ਹਨ ਅਥਵਾ ਮਨ, ਬਾਣੀ ਅਤੇ ਸਰੀਰ ਕਰਕੇ ਕਿਵੇਂ ਜਾਣੀਏ ਕਿ ਉਹੋ ਪ੍ਰਭੂ ਕਿਵੇਂ ਤੇ ਕਦੋਂ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਅਤੇ ਸੰਘਾਰ ਕਰਦਾ ਹੈ ਭਾਵ ਇਸ ਭੇਦ ਨੂੰ ਜਾਣਿਆ ਨਹੀਂ ਜਾ ਸਕਦਾ।

**ਨਾਨਕ ਆਖਣਿ ਸਭੁ ਕੋ ਆਖੈ; ਇਕਦੂ ਇਕੁ ਸਿਆਣਾ॥**

ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਸਿੱਧ ਪੁਰਸੋ! ਉਂਜ ਤਾਂ ਸਭੁ ਕੋ=ਹਰ ਕੋਈ ਆਖਣਿ=ਆਖਣ ਵਾਲੇ ਹੋ ਕੇ ਆਖੈ=ਆਖ ਰਹੇ ਹਨ ਅਰਥਾਤ ਕਥਨ ਕਰ ਰਹੇ ਹਨ ਵਾ: ਵਖਿਆਨ ਕਰ ਰਹੇ ਹਨ ਕਿ ਉਹ ਪ੍ਰਭੂ ਇਸ ਤਰ੍ਹਾਂ ਸ੍ਰਿਸ਼ਟੀ ਦੀ ਰਚਨਾ ਕਰਦਾ ਹੋਵੇਗਾ। ਇੰਜ ਪਾਲਦਾ ਹੋਵੇਗਾ ਅਤੇ ਇਸ ਪ੍ਰਕਾਰ ਅੰਤ ਕਰਦਾ ਹੋਵੇਗਾ ਪਰੰਤੂ ਸੰਪੂਰਨ ਰੂਪ ਵਿਚ ਇਸ ਗੱਲ ਨੂੰ ਕੋਈ ਵੀ ਨਹੀਂ ਜਾਣਦਾ। (ਇਥੇ "ਇਕਦੂ" ਪਾਠ ਇਕੱਠਾ ਪੜ੍ਹਨਾ ਹੈ ਭਾਵ ਇਕ ਤੋਂ ਵੱਧ ਇਕ ਸਿਆਣਾ ਬਣ ਕੇ ਕਹਿਣ ਦਾ ਯਤਨ) ਸੱਚ ਤਾਂ ਇਹ ਹੈ ਕਿ ਉਸ ਦੀ ਰਚਨਾ ਦੀ ਉਤਪਤੀ, ਪਾਲਣਾ ਅਤੇ ਲੈਅ ਨੂੰ ਕੋਈ ਨਹੀਂ ਜਾਣ ਸਕਿਆ, ਕਿਉਂਕਿ -

**ਵਡਾ ਸਾਹਿਬੁ, ਵਡੀ ਨਾਈ; ਕੀਤਾ ਜਾ ਕਾ ਹੋਵੈ॥**

ਉਹ ਪ੍ਰਭੂ ਵੱਡਾ ਹੈ। ਸਾਹਿਬੁ=ਸਾਰਿਆਂ ਦਾ ਮਾਲਕ ਹੈ। ਉਸ ਦੀ ਨਾਈ=ਵਡਿਆਈ ਵੱਡੀ ਹੈ। ਜਿਸ ਦਾ ਕੀਤਾ ਹੋਇਆ ਸਭ ਕੁਝ ਹੋ ਰਿਹਾ ਹੈ, ਭਾਵ ਸਾਰਾ ਸੰਸਾਰ ਹੋ ਰਿਹਾ ਹੈ।

ਪ੍ਰਸ਼ਨ - ਫਿਰ ਸਿੱਧ ਕਹਿਣ ਲੱਗੇ ਕਿ ਮਹਾਰਾਜ ਜੀ! ਕੋਈ ਤਾਂ ਉਸ ਦੇ ਸਮੱਗਰ ਗੁਣਾਂ ਨੂੰ ਜਾਣਦਾ ਹੋਵੇਗਾ?

ਗੁਰ ਉੱਤਰ - ਉੱਤਰ ਵਿਚ ਗੁਰੂ ਜੀ ਫੁਰਮਾਉਂਦੇ ਹਨ-

**ਨਾਨਕ ਜੇ ਕੋ ਆਪੌ ਜਾਣੈ; ਅਗੈ ਗਇਆ ਨ ਸੋਹੈ॥**

ਹੇ ਸਿੱਧ ਪੁਰਸ਼ੋ! ਜੇ=ਜੇਕਰ ਕੋ=ਕੋਈ ਆਪੌ ਜਾਣੈ=ਆਪਣੇ ਆਪ ਨੂੰ ਜਾਣੇ ਕਿ (ਮੈਂ ਉਸ ਦੇ ਸਮੱਗਰ ਗੁਣਾਂ ਨੂੰ) ਜਾਣਦਾ ਹਾਂ ਤਾਂ ਉਹ ਪੁਰਸ਼ ਅਗੈ=ਪ੍ਰਲੋਕ ਵਿਚ ਗਇਆ=ਗਿਆ ਨ ਸੋਹੈ=ਸ਼ੋਭਦਾ ਨਹੀਂ ਹੈ ਭਾਵ ਦਰਗਾਹ ਵਿਚ ਉਸ ਦੀ ਸ਼ੋਭਾ ਨਹੀਂ ਹੋਵੇਗੀ ਸਗੋਂ ਆਪਣੀ ਕਥਨੀ ਉਪਰ ਸ਼ਰਮਿੰਦਗੀ ਹੀ ਹੋਵੇਗੀ।

ਪ੍ਰਸ਼ਨ - ਭਾਈ ਲਹਿਣਾ ਜੀ ਅਤੇ ਹੋਰ ਮੁਖ ਸਿੱਖਾਂ ਨੇ ਕਰਤਾਰਪੁਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਕਿ ਹੇ ਸਤਿਗੁਰੂ ਜੀ! ਆਪ ਜੀ ਦੇ ਅਨੁਸਾਰ ਤੀਰਥ ਕਿਹੜਾ ਹੈ? ਤਪ ਕਿਹੜਾ ਹੈ? ਦਇਆ ਕਿਹੜੀ ਹੈ? ਦਾਨ ਕਿਹੜਾ ਹੈ? ਅਤੇ ਸਰੂਪ ਦੀ ਪ੍ਰਾਪਤੀ ਕਿਵੇਂ ਹੋਵੇ?

ਉੱਤਰ - ਤਾਂ ਗੁਰੂ ਜੀ ਉੱਤਰ ਵਿਚ ਫੁਰਮਾਉਂਦੇ ਹਨ-

*ਤੀਰਥ ਤਪੁ; ਦਇਆ ਦਤੁ ਦਾਨ॥*

ਹੇ ਗੁਰਸਿੱਖੋ! ਜੇ ਤੁਹਾਡੇ ਅੰਦਰ ਪ੍ਰਮੇਸ਼ਰ ਦੀ ਪ੍ਰਾਪਤੀ ਦੀ

ਇੱਛਾ ਹੈ ਤਾਂ ਫਿਰ –

*ਗੁਰ ਸਮਾਨਿ ਤੀਰਥੁ ਨਹੀ ਕੋਇ ॥*
*ਸਰੁ ਸੰਤੋਖੁ ਤਾਸੁ ਗੁਰੁ ਹੋਇ ॥ ੧ ॥ ਰਹਾਉ ॥*
*ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥ ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥*
*ਅੰਗ – ੧੩੨੯*

ਤੀਰਥ: ਤੀਰਥ ਨਾਮ ਹੈ, ਪਵਿੱਤਰਤਾ ਦਾ। ਸਤਿਗੁਰੂ ਵਰਗਾ ਪਵਿੱਤਰ ਕੋਈ ਵੀ ਤੀਰਥ ਨਹੀਂ ਹੈ, ਜੋ ਜਗਿਆਸੂ ਦੀ ਪਾਪਾਂ ਦੀ, ਵਿਕਾਰਾਂ ਦੀ, ਔਗੁਣਾਂ ਦੀ, ਦੁਰਮਤ ਦੀ ਮੈਲ ਲਾਹੁਣ ਦੇ ਸਮਰੱਥ ਹੈ। ਪਸ਼ੂ ਬਿਰਤੀਆਂ ਨੂੰ ਦੇਵਤੇ ਬਣਾਉਣ ਵਾਲੇ ਹਨ, ਉਨ੍ਹਾਂ ਦੀ ਸੇਵਾ ਜੋ (ਤੀਰਥ ਪੂਰਾ ਸਤਿਗੁਰੂ) ਜਾਣ ਕੇ ਕਰਨੀ ਹੈ, ਇਹ ਤੀਰਥ ਦਾ ਇਸ਼ਨਾਨ ਹੈ। ਜੈਸਾ ਕਿ –

*ਸਤਿਗੁਰੁ ਤੀਰਥੁ ਜਾਣੀਐ ਅਠਸਠਿ ਤੀਰਥ ਸਰਣੀ ਆਏ।*
*ਭਾਈ ਗੁਰਦਾਸ ਜੀ, ਵਾਰ ੧੫, ਪਉੜੀ ੨)*

ਤਪ :

ਚਿੱਤ ਦੀ ਇਕਾਗਰਤਾ ਦਾ ਨਾਮ ਤਪ ਹੈ। ਜੈਸਾ ਕਿ –

*ਤਪ ਨਾਮ ਚਿਤ ਦੀ ਇਕਾਗਰਤਾ ਕੋ ਜਾਣੀਏ। (ਵੈਰਾਗ ਸਤਕ)*
*ਤਪਨ ਤਪ ਗੁਰ ਗਿਆਨ॥ ਅੰਗ – ੪੯੬*

ਸਤਿਗੁਰੂ ਜੀ ਦਾ ਗਿਆਨ ਧਾਰਨ ਕਰਨਾ ਤੇ ਸੇਵਾ ਤਪਾਂ ਵਿਚੋਂ ਸ਼੍ਰੋਮਣੀ ਤਪ ਹੈ। ਯਥਾ –

*ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥ ਅੰਗ – ੪੨੩*

ਸਤਿਗੁਰਾਂ ਦੀ ਜੋ ਟਹਿਲ ਸੇਵਾ ਕਰਨੀ ਹੈ, ਇਹ ਤਪਾਂ ਵਿਚ ਸ਼ਿਰੋਮਣੀ ਤਪ ਹੈ। ਜਿਵੇਂ ਤਪ ਬਹੁਤ ਕਠਿਨ ਹੁੰਦਾ ਹੈ। ਇਸੇ ਪ੍ਰਕਾਰ 'ਗੁਰ ਪੀਰਾਂ ਦੀ ਚਾਕਰੀ ਮਹਾਂ ਕਰੜੀ ਸੁਖ ਸਾਰ।' ਸੇਵਾ ਇਸ ਪ੍ਰਕਾਰ ਕਰਨੀ ਚਾਹੀਦੀ ਹੈ –

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲਿ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ॥*
*ਭਾਈ ਗੁਰਦਾਸ ਜੀ, ਵਾਰ ੩, ਪਉੜੀ ੧੮*

ਦਇਆ : ਕਿਸੇ ਦੁਖੀ ਨੂੰ ਤਰਸ ਕਰਕੇ ਆਪਣੇ ਸਰੀਰ ਦੀ ਪ੍ਰਵਾਹ ਨਾ ਕਰਦੇ ਹੋਏ ਉਸ ਦੁਖੀ ਦੀ ਸਹਾਇਤਾ ਕਰਨੀ, ਉਸ ਦਾ ਦੁੱਖ ਵੰਡਾਉਣਾ। ਦੁਖੀ ਦੇਖ ਕੇ ਜਿਹੜੇ ਚਿੱਤ ਦਾ ਢਲ ਜਾਣਾ ਇਸ ਨੂੰ ਦਇਆ ਕਹਿੰਦੇ ਹਨ। ਜਿਵੇਂ ਕੁਝ ਮੱਤ ਮੂੰਹ ਬੰਨ੍ਹਣ ਨੂੰ ਹੀ ਜੀਵ ਦੀ ਰੱਖਿਆ ਕਰਨ ਰੂਪ ਦਇਆ ਸਮਝਦੇ ਹਨ, ਜਿਸ ਦੇ ਨਤੀਜੇ ਨਿਕਲੇ ਕਿ ਸਦੀਆਂ ਤੱਕ ਭਾਰਤ ਗੁਲਾਮ ਰਹਿਆ, ਇਕ ਇਕ ਟਕੇ ਨੂੰ ਹਿੰਦੋਸਤਾਨ ਦੀ ਇੱਜ਼ਤ ਰੂਪ ਬੇਟੀਆਂ ਵਿਕਦੀਆਂ ਰਹੀਆਂ। ਇਹੋ ਜਿਹੀ ਦਇਆ ਦੀ ਲੋੜ ਨਹੀਂ ਹੈ।

ਦਤੁ : ਇੰਦਰੀਆਂ ਦਾ ਦਤੁ=ਦਮਨ ਕਰਨ ਦਾ ਨਾਮ ਹੈ। ਅੱਖਾਂ (ਬੰਦ) ਕਰ ਲੈਣੀਆਂ ਜਾਂ ਕੰਨਾਂ ਵਿਚ ਰੂੰ ਦੇ ਲੈਣੀ ਜਾਂ ਉਂਗਲੀਆਂ ਨਾਲ ਕੰਨ ਬੰਦ ਕਰ ਲੈਣ ਨੂੰ ਦਮਨ ਨਹੀਂ ਕਹਿੰਦੇ। ਇੰਦਰੀਆਂ ਦਾ ਦਮਨ ਤਾਂ ਗੁਰੂ ਜੀ ਇਉਂ ਫੁਰਮਾਨ ਕਰਦੇ ਹਨ। ਜੈਸਾ ਕਿ –

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ – ੫੧੭*

ਅੱਖਾਂ ਨਾਲ ਸਤਿਗੁਰੂ ਜੀ ਦੇ ਸਰੂਪ ਦੇ ਦਰਸ਼ਨ ਕਰਕੇ, ਕੰਨਾਂ ਨਾਲ ਗੁਰੂ ਜੀ ਦੀ ਪਵਿੱਤਰ ਬਾਣੀ ਜਾਂ ਨਾਮ ਨੂੰ ਸੁਣਨਾ।

*ਜੇਤਾ ਸੁਨਣਾ ਤੇਤਾ ਨਾਮੁ॥ ਜੇਤਾ ਪੇਖਨੁ ਤੇਤਾ ਧਿਆਨੁ॥*
*ਅੰਗ – ੨੩੬*

ਜਿਹੜੇ ਇੰਦਰੇ ਹਰਿਆਏ ਪਸ਼ੂ ਦੀ ਨਿਆਈਂ ਵਿਸ਼ਿਆਂ ਰੂਪੀ ਚਾਰੇ ਨੂੰ ਚਰਦੇ ਹਨ, ਇਨ੍ਹਾਂ ਨੂੰ ਸ਼ੁਭ ਗੁਣਾਂ ਵੱਲ ਲਾਉਣ ਦਾ ਨਾਮ ਦਮਨ ਕਰਨਾ ਹੈ ਭਾਵ ਇੰਦਰਿਆਂ ਦਾ ਰੋਕਣਾ ਹੀ ਦਮਨ ਹੈ। ਜੈਸਾ ਕਿ –

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*
*ਸਾਧ ਕੀ ਟਹਲ ਸੰਤਸੰਗਿ ਹੇਤ ॥*
*ਕਰਨ ਨ ਸੁਨੈ ਕਾਹੂ ਕੀ ਨਿੰਦਾ ॥*
*ਸਭ ਤੇ ਜਾਨੈ ਆਪਸ ਕਉ ਮੰਦਾ ॥ ਅੰਗ – ੨੭੪*
*ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥*
*ਵਾਰ ੨੯, ਪਉੜੀ ੧੧*

*ਚਿਤ ਸਿਮਰਨ ਕਰਉ ਨੈਨ ਅਵਿਲੋਕਨੋ*
*ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥ ਅੰਗ – ੬੯੪*

ਦਾਨ : ਧਰਮ ਦੀ ਕਿਰਤ ਕਰਕੇ ਵੰਡ ਕੇ ਛਕਣ ਦਾ ਨਾਮ ਦਾਨ ਹੈ, ਭਾਵ ਆਪਣੀ ਕਮਾਈ ਦਾ ਦਸਵਾਂ ਹਿੱਸਾ (ਦਸਵੰਧ) ਗੁਰੂ ਦੇ ਨਮਿਤ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਖਰਚ ਕਰਨਾ। ਜੈਸਾ ਕਿ –

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥ ਅੰਗ – ੧੨੪੫*

ਧਨ ਦਾਨ, ਅੰਨ ਦਾਨ, ਬਸਤਰ ਦਾਨ, ਜ਼ਮੀਨ ਦਾਨ ਆਦਿ ਦੇ ਨਾਲੋਂ ਭੀ ਵੱਡਾ ਦਾਨ ਜੇਕਰ ਕੋਈ ਦਾਤਾ ਹੋਵੇ ਤਾਂ ਬ੍ਰਹਮ ਗਿਆਨ ਦਾ ਦਾਨ ਦੇਣਾ ਹੈ। ਬ੍ਰਹਮ ਗਿਆਨ ਦੇ ਸਮਾਨ ਕੋਈ ਦਾਨ ਨਹੀਂ ਹੈ। ਜੋ ਵੀ ਵਸਤੂ ਆਪਣੇ ਪਾਸ ਹੈ, ਜਿਵੇਂ ਵਿਦਿਆ, ਧਨ, ਪਦਾਰਥ ਆਦਿਕ, ਮਿਤ੍ਰ ਤੇ ਸਤਰੂ ਦੀ ਭਾਵਨਾ ਨੂੰ ਛੱਡ ਕੇ ਇਕ ਸਮਾਨ ਦੇਣਾ। ਲੋੜ ਪੈਣ 'ਤੇ ਦਾਨੀ ਪੁਰਸ਼ ਸਿਰ ਤੱਕ ਵੀ ਦਾਨ ਕਰ ਦਿੰਦੇ ਹਨ। ਜੈਸਾ ਕਿ –

*ਪੁੰਨ ਦਾਨ ਕਾ ਕਰੇ ਸਰੀਰੁ॥*
*ਸੋ ਗਿਰਹੀ ਗੰਗਾ ਕਾ ਨੀਰੁ॥ ਅੰਗ – ੯੫੨*

**ਸੁਣਿਆ ਮੰਨਿਆ; ਮਨਿ ਕੀਤਾ ਭਾਉ॥**

ਜਿਨ੍ਹਾਂ ਨੇ ਗੁਰੂ ਦੁਆਰਾ ਨਾਮ ਦਾ ਸ੍ਰਵਣ, ਮੰਨਣ ਮਨਿ ਕੀਤਾ=ਨਿਧਿਆਸਣ ਕਰਕੇ ਗਿਆਨ ਦਾ ਭਾਉ=ਪ੍ਰਕਾਸ਼ ਪ੍ਰਾਪਤ ਕਰ ਲਿਆ ਹੈ।

**ਅੰਤਰਗਤਿ; ਤੀਰਥਿ ਮਲਿ ਨਾਉ॥**

ਉਹਨਾਂ ਦੇ ਅੰਦਰ ਜੋ ਜੀਵ-ਈਸ਼ ਦੇ ਭੇਦ ਦਾ ਅੰਤਰ=ਅੰਤਰਾ ਹੈ ਭਾਵ ਪਰਦਾ ਹੈ, ਉਸ ਦਾ ਗਤਿ=ਨਾਸ ਹੋ ਜਾਂਦਾ ਹੈ। ਤੀਰਥਿ=ਪਵਿੱਤਰ ਬ੍ਰਹਮ ਰੂਪ ਹੋ ਜਾਂਦਾ ਹੈ। ਉਹਨਾਂ ਦੇ ਅੰਦਰ ਮਾਇਆ ਦੀ ਇੱਛਾ ਜਾਂ ਅਲਪਗਪੁਣਾ ਭਾਵ ਅਵਿਦਿਆ ਦੀ ਮੈਲ ਨਹੀਂ ਰਹਿੰਦੀ। ਇਸ ਪ੍ਰਕਾਰ ਨਿਮਰਤਾ ਵਿਚ ਆ ਕੇ ਇਉਂ ਬੇਨਤੀ ਕਰੇ -

**ਸਭਿ ਗੁਣ ਤੇਰੇ; ਮੈ ਨਾਹੀ ਕੋਇ॥**

ਹੇ ਵਾਹਿਗੁਰੂ ਜੀ! ਸਭਿ=ਸਾਰੇ ਸ਼ੁਭ ਗੁਣ, ਸੰਤਾਂ ਭਗਤਾਂ ਨੂੰ ਸਤਿ ਚਿਤ ਆਨੰਦ ਸਰੂਪ ਦੀ ਸਾਖਿਆਤਤਾ ਵਾਲੇ ਤੇਰੇ ਹੀ ਦਿਤੇ ਹੋਏ ਹਨ। ਮੈ ਨਾਹੀ ਕੋਇ=ਮੇਰੇ ਵਿਚ ਕੋਈ ਵੀ ਗੁਣ ਨਹੀਂ ਹੈ।

*ਹਭਿ ਗੁਣ ਤੈਡੇ ਨਾਨਕ ਜੀਉ*
*ਮੈ ਕੂ ਥੀਏ ਮੈ ਨਿਰਗੁਣ ਤੇ ਕਿਆ ਹੋਵੈ॥* *ਅੰਗ - ੯੬੪*

ਵਾ: ਜੋ ਸਤੋ, ਰਜੋ, ਤਮੋ ਗੁਣ ਹਨ, ਤੇਰੇ ਹੀ ਰਚੇ ਹੋਏ ਹਨ। ਇੰਦਰੇ ਅਤੇ ਵਿਸ਼ੇ ਵੀ ਤੇਰੇ ਹੀ ਪੈਦਾ ਕੀਤੇ ਹੋਏ ਹਨ। ਮੈ ਨਾਹੀ ਕੋਇ=ਮੈ=ਮੇਰੇ ਵਿਚ ਇਹਨਾਂ ਨੂੰ ਵਸ ਕਰਨ ਦੀ ਕੋਈ ਸ਼ਕਤੀ ਨਹੀਂ ਹੈ। ਪ੍ਰਭੂ ਜੀ ਤੁਸੀਂ ਹੀ ਕ੍ਰਿਪਾ ਕਰੋ।

**ਵਿਣੁ ਗੁਣ ਕੀਤੇ; ਭਗਤਿ ਨ ਹੋਇ॥**

ਇਨ੍ਹਾਂ ਇੰਦਰਿਆਂ ਅਤੇ ਗੁਣਾਂ ਨੂੰ ਵਸ ਕੀਤੇ ਬਿਨਾਂ ਤੇਰੀ ਭਗਤੀ ਨਹੀਂ ਹੋ ਸਕਦੀ। ਜਿੰਨੀ ਦੇਰ ਆਪ ਜੀ ਦੇ ਸ਼ੁਭ ਗੁਣ ਹਿਰਦੇ ਦੇ ਅੰਦਰ ਨਾ ਧਾਰਨ ਕੀਤੇ ਜਾਣ, ਉਤਨਾ ਚਿਰ ਭਗਤੀ ਨਹੀਂ ਹੋ ਸਕਦੀ। ਭਗਤੀ ਕਰਨ ਵਾਸਤੇ ਪਤਿਤ ਪਾਵਨ, ਭਗਤ ਵੱਛਲ ਆਦਿਕ ਗੁਣਾਂ 'ਤੇ ਸ਼ਰਧਾ ਧਾਰਨ ਕਰਨੀ ਪੈਂਦੀ ਹੈ। ਜੈਸਾ ਕਿ -

*ਜੋ ਜਨੁ ਹਰਿ ਕਾ ਸੇਵਕੋ ਹਰਿ ਤਿਸ ਕੀ ਕਾਮੀ॥*
*ਅੰਗ - ੧੦੯੯*
*ਹਰਿ ਜੁਗੁ ਜੁਗੁ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥*
*ਅੰਗ - ੪੫੧*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥*
*ਅੰਗ - ੧੧੦੬*
*ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥*
*ਅੰਗ - ੫੨੪*

ਗੁਣ = ਸਰਗੁਣ ਸਰੂਪ ਧਾਰੇ ਤੋਂ ਬਿਨਾਂ ਭਗਤਾਂ ਨੂੰ ਭਗਤੀ ਦਾ ਫਲ ਪ੍ਰਾਪਤ ਨਹੀਂ ਹੁੰਦਾ। ਜਦੋਂ ਪ੍ਰਤੱਖ ਰੂਪ ਧਾਰਨ ਕਰ ਕੇ ਦਰਸ਼ਨ ਬਖਸ਼ਦਾ ਹੈ ਤਾਂ ਆਪਣੇ ਸੰਤਾਂ ਭਗਤਾਂ ਨੂੰ ਨਿਹਾਲ ਕਰ ਦਿੰਦਾ ਹੈ।

**ਸੁਅਸਤਿ ਆਥਿ; ਬਾਣੀ ਬਰਮਾਉ॥**

ਸਿੱਖ ਨੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ! ਮੇਰੀ ਸੁਅਸਤਿ=ਕਲਿਆਣ ਆਦਿ ਵਾਸਤੇ ਬਾਣੀ ਬਰਮਾਉ=ਉਹ ਬਾਣੀ ਉਚਾਰਣ ਕਰੋ ਜੀ, ਜਿਸ ਨਾਲ ਮੈਨੂੰ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇ।

**ਸਤਿ ਸੁਹਾਣੁ; ਸਦਾ ਮਨਿ ਚਾਉ॥**

ਹੇ ਸਿੱਖਾ! ਜਦੋਂ ਤੇਰੇ ਮਨ ਵਿਚ ਸਤਿ ਸੁਹਾਣੁ=ਸੱਚੀ ਸੁੰਦਰ ਬਾਣੀ ਗਾਉਣ ਦਾ ਸਦਾ=ਹਮੇਸ਼ਾ ਹੀ ਚਾਉ=ਉਤਸ਼ਾਹ ਬਣਿਆ ਰਹੇਗਾ ਤਾਂ ਤੈਨੂੰ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇਗੀ ਵਾ: ਹੇ ਸਿੱਖਾ ਤੇਰਾ ਵਾਸਤਵ ਰੂਪ ਇਹੀ ਹੈ। ਸਤਿ=ਸੱਚਾ ਸੱਚ ਸਰੂਪ ਹੈ। ਸੁਹਾਣੁ=ਚੇਤਨ ਸਰੂਪ ਹੈ। ਸਦਾ ਮਨਿ ਚਾਉ= ਅਨੰਦ ਸਰੂਪ ਹੈ।

ਇੱਕੀਵੀਂ ਪਉੜੀ ਦਾ ਮੁੱਖ ਭਾਵ - ਇਸ ਪਉੜੀ ਵਿਚ ਤੀਰਥਾਂ ਉਪਰ ਇਸ਼ਨਾਨ ਕਰਨ, ਤਪ ਕਰਨ, ਦਇਆ ਕਰਨ ਅਤੇ ਦਾਨ ਆਦਿਕ ਦੇ ਦਿਖਾਵੇ ਮਾਤ੍ਰ ਉਹ ਤਿਲ ਜਿੰਨਾ ਵੀ ਸਤਿਕਾਰ ਨਹੀਂ ਪਾਉਂਦਾ। ਉਹ ਤਿਲਕ ਜਾਣ ਵਾਲਾ ਹੀ ਮਾਣ ਹੈ। ਜੇ ਤਿਲ ਭਰ ਭੀ ਮਿਲ ਗਿਆ ਤਾਂ ਤਿਲਕ ਜਾਣ ਵਾਲਾ ਹੀ ਹੈ। ਜਿਹੜਾ ਪ੍ਰੇਮ ਨਾਲ ਸਤਿਗੁਰੂ ਦੇ ਨਾਮ ਨੂੰ ਸੁਣਨਾ, ਮੰਨਣਾ, ਨਿਧਿਆਸਣ ਕਰਨਾ ਇਸ ਨਾਲ ਪਰਮੇਸ਼ਰ ਦਾ ਭਾਉ ਪ੍ਰਕਾਸ਼ ਹੁੰਦਾ ਹੈ। ਮਨੁੱਖ ਦੇ ਅੰਦਰ ਹੀ ਤੀਰਥ ਰੂਪ ਪਰਮੇਸ਼ਰ ਹੈ। ਉਸ ਵਿਚ ਇਸ਼ਨਾਨ ਕਰਕੇ ਪਾਪਾਂ ਰੂਪੀ ਮੈਲ ਨਹੀਂ ਰਹਿੰਦੀ। ਸਤਿਪੁਰਸ਼ਾਂ ਦੇ ਅੰਦਰ ਅਤੇ ਬਾਹਰ ਗਰੀਬੀ ਹੁੰਦੀ ਹੈ। ਉਹ ਇਉਂ ਬੇਨਤੀ ਕਰਦੇ ਹਨ ਕਿ ਸਤਿਗੁਰੂ ਜੀ ਸਾਰੇ ਗੁਣ ਤੇਰੇ ਅੰਦਰ ਹੀ ਹਨ। ਮੈਨੂੰ ਤਾਂ ਤੇਰੇ ਵੱਲੋਂ ਗੁਣਾਂ ਦੀ ਦਾਤ ਪ੍ਰਾਪਤ ਹੋਈ ਹੈ। ਮੇਰੇ ਅੰਦਰ ਕੋਈ ਗੁਣ ਨਹੀਂ ਹੈ। ਸ਼ੁਭ ਗੁਣ ਧਾਰਨ ਕੀਤਿਆਂ ਬਗੈਰ ਆਪ ਜੀ ਦੇ ਵਿਚ ਗੁਣ ਅਰੋਪੇ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ ਅਤੇ ਸ੍ਰਿਸ਼ਟੀ ਦੀ ਉਤਪਤੀ ਬਾਰੇ ਕਥਨ ਕੀਤਾ ਹੈ। ਮਾਇਆ ਅਤੇ ਕਲਿਆਣ ਰੂਪ ਬ੍ਰਹਮ ਨੇ ਕਲਪਿਤਦਾਤਮ ਸੰਬੰਧ ਪਾ ਕੇ ਇਹ ਬਾਣੀ ਉਚਾਰਣ ਕਰਕੇ, ਇਕ ਤੋਂ ਮੈਂ ਬਹੁਤੇ ਹੋਣਾ, ਇਸ ਪ੍ਰਕਾਰ ਉਤਪਤੀ ਕੀਤੀ ਹੈ। 'ਸੁਅਸਤਿ ਆਥਿ ਬਾਣੀ ਬਰਮਾਉ।' ਬ੍ਰਹਮਾਦਿਕ ਅਤੇ ਬ੍ਰਹਿਮੰਡ ਆਦਿਕ ਪੈਦਾ ਕੀਤੇ। ਸ੍ਰਿਸ਼ਟੀ ਨੂੰ ਪੈਦਾ ਕਰਕੇ ਪਰਮਾਤਮਾ ਬਦਲਿਆ ਨਹੀਂ ਹੈ। ਫਿਰ ਵੀ "ਸਤਿ ਸੁਹਾਣੁ ਸਦਾ ਮਨਿ ਚਾਉ।" ਸਦਾ ਚੇਤਨ ਅਨੰਦ ਸਰੂਪ ਹੈ। ਫਿਰ ਕਿਹਾ ਕਿ ਉਹ ਵੇਲਾ ਕਿਹੜਾ ਹੈ? ਉਹ ਵਖਤ ਕਿਹੜਾ ਹੈ? ਰੁੱਤ ਕਿਹੜੀ ਹੈ? ਥਿਤ ਕਿਹੜੀ ਹੈ? ਜਦੋਂ ਉਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ? ਉਹ ਵੇਲਾ ਕੋਈ ਵੀ, ਨਾ ਪੁਰਾਣਾਂ ਵਾਲਾ, ਨਾ ਕੁਰਾਨਾਂ ਵਾਲਾ ਅਤੇ ਨਾ ਹੀ ਕੋਈ ਜੋਗੀ ਹੀ ਜਾਣ ਸਕਦਾ ਹੈ। ਕਰਤਾ ਪੁਰਖ ਜਦੋਂ ਸ੍ਰਿਸ਼ਟੀ ਨੂੰ ਸਾਜਦਾ ਹੈ ਅਤੇ ਆਪ ਹੀ ਜਾਣਦਾ ਹੈ। ਕਿਵੇਂ ਉਸ ਤੋਂ ਸ੍ਰਿਸ਼ਟੀ ਦੀ ਉਤਪਤੀ ਕਹਿ ਦੇਈਏ? ਕਿਵੇਂ ਪਾਲਣਾ ਕਹਿ ਦੇਈਏ? ਕਿਵੇਂ ਸਿਫਤ ਕਰੀਏ ਅਤੇ ਕਿਵੇਂ ਪਰਲੋ ਦਾ ਵਰਣਨ ਕਰੀਏ ਕਿ ਇਉਂ ਕਰਦਾ ਹੈ। ਸਾਰੀ ਦੁਨੀਆਂ ਕਹਿਣ ਵਾਲੀ ਬਣ ਕੇ ਕਹੀ ਜਾਂਦੀ ਹੈ। ਇਕ ਤੋਂ ਇਕ ਸਿਆਣਾ ਬਣ ਕੇ ਕਹਿੰਦਾ ਹੈ ਪਰੰਤੂ ਉਹ ਤਾਂ ਵੱਡਾ ਮਾਲਕ ਹੈ, ਵੱਡੀ ਉਸ ਦੀ ਮਹਿਮਾ ਹੈ। ਜਿਸ ਦਾ ਕੀਤਾ ਹੋਇਆ ਸੰਸਾਰ ਹੁੰਦਾ ਹੈ। ਜਿਹੜਾ ਕੋਈ ਹਉਮੈ ਕਰਕੇ ਕਹੇ ਕਿ ਮੈਂ ਜਾਣਦਾ ਹਾਂ, ਉਹ ਇਥੇ ਸਾਧ ਸੰਗਤ ਵਿਚ ਵੀ ਅਤੇ ਸੱਚਖੰਡ ਵਿਚ ਵੀ ਜਾ ਕੇ ਸੋਭਾ ਨਹੀਂ ਪਾਉਂਦਾ। ਉਹ ਪਰਮਾਤਮਾ ਬੇਅੰਤ ਹੈ। ਉਸ ਦੀ ਮਹਿਮਾ ਜਾਣੀ ਨਹੀਂ ਜਾ ਸਕਦੀ।

************

# ਚੌਥੇ ਰਤਨ
# ਬਾਬਾ ਬੀਰ ਸਿੰਘ ਜੀ ਨੌਰੰਗਾਬਾਦ

ਮਾਝੇ ਦੀ ਪਾਵਨ ਧਰਤੀ ਇਕ ਗੁਣ ਭਰਪੂਰ ਤੇ ਸ਼ਕਤੀਸ਼ਾਲੀ ਬੀਰ ਧਰਮ ਪੁੱਤਰ ਤੇ ਤਿਆਗੀ ਕਰਮਬੀਰ ਸਤਿਪੁਰਖਾਂ ਦੀ ਜਨਮ ਭੂਮੀ ਹੈ, ਇਸ ਧਰਤੀ ਪਰ ਹਰ ਸਮੇਂ ਹਰ ਮੋਰਚੇ ਦਾ ਮੋਹਰੀ ਤੇ ਨਵੇਂ ਸਮੇਂ ਤੇ ਨਵੇਂ ਰਾਹ ਪੈਦਾ ਕਰਨ ਵਾਲਾ ਕੋਈ ਨਾ ਕੋਈ ਮਰਦ ਪੈਦਾ ਹੁੰਦਾ ਰਿਹਾ ਹੈ।

ਇਸ ਧਰਤੀ ਦਾ ਚੱਪਾ-ਚੱਪਾ ਸਿੱਖ ਸਤਿਗੁਰਾਂ ਦਾ ਜਸ ਉਚਾਰਨਹਾਰ ਸੀ ਅਤੇ ਰਮਾਇਣ ਦੇ ਮਹਾਨ ਕਰਤਾ ਤੁਲਸੀ ਦਾਸ, ਸੱਯਦ ਬੁਲੇਸ਼ਾਹ, ਸਾਈਂ ਮੀਆਂ ਮੀਰ ਤੇ ਹੋਰ ਅਨੇਕ ਗੁਣ ਭਰਪੂਰ ਮਹਾਂਪੁਰਖਾਂ ਤੇ ਸ਼ਹੀਦਾਂ ਦੇ ਖੂਨ ਨਾਲ ਪਵਿੱਤਰ ਹੋਈ ਧਰਤੀ ਹੈ, ਜਿਸਨੇ ਕਦੇ ਵੀ ਪੰਜਾਬ ਨੂੰ ਅਗਵਾਈ ਦੇਣ ਵਿਚ ਪਿਛਾਂਹ ਕਦਮ ਨਹੀਂ ਹਟਾਏ। ਇਸੇ ਰੰਗ ਰੱਤੀ ਹੋਈ ਧਰਤੀ ਦੇ ਇਕ ਨਗਰ ਗਗੋਬੂਏ ਵਿਖੇ ਸਾਵਨ ਸੁਦੀ ਤੀਜ ਦਿਨ ਬੁੱਧਵਾਰ ਮੁਤਾਬਿਕ ੧੯੨੫ ਬਿਕਰਮੀ ਨੂੰ ਸਰਦਾਰ ਸੇਵਾ ਸਿੰਘ ਦੇ ਗ੍ਰਹਿ ਵਿਖੇ ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੇ ਇਕ ਅਸਚਰਜ ਬਾਲਕ ਨੇ ਜਨਮ ਲਿਆ। ਮਾਤਾ ਨੇ ਤੱਕਿਆ ਬਾਲਕ ਦਾਈ ਦੇ ਆਉਣ ਤੋਂ ਪਹਿਲਾਂ ਹੀ ਉਸਦੀ ਗੋਦੀ ਅੰਦਰ ਖੇਲ੍ਹਣ ਲੱਗਾ ਤੇ ਕੋਈ ਵੀ ਨਾ ਸਮਝ ਸਕਿਆ, ਹੋਰ ਬੱਚਿਆਂ ਵਾਂਗ ਨਾ ਇਹ ਰੋਇਆ ਤੇ ਨਾ ਹੀ ਮਾਤਾ ਨੇ ਕੋਈ ਪੀੜਾਂ ਆਦਿਕ ਦੀ ਸ਼ਿਕਾਇਤ ਹੀ ਕੀਤੀ। ਮਾਤਾ ਪਿਤਾ ਦਾ ਕਾਲਜਾ ਮਲਹਾਰਾਂ ਨਾਲ ਬਾਹਰ ਨੂੰ ਆ ਰਿਹਾ ਸੀ। ਸਾਰਾ ਨਗਰ ਹੀ ਇਸ ਅਸਚਰਜ ਬਾਲਕ ਦੀ ਜਨਮ ਕਥਾ ਸੁਣ ਕੇ ਦੀਦ ਪਾਣ ਹਿੱਤ ਪੁੱਜ ਗਿਆ। ਸਾਰਿਆਂ ਇਹ ਸਮਝ ਕੇ ਮਾਈ ਨੂੰ ਵਧਾਈ ਦਿਤੀ ਕਿ ਇਹ ਬਾਲਕ ਗੁਰੂ ਹਰਿਗੋਬਿੰਦ ਸਾਹਿਬ ਦੇ ਦਿਤੇ ਹੋਏ ਨਗਰ ਨੂੰ ਵਰ "ਕਿ ਤੁਹਾਡੀ ਕੁਲ ਅੰਦਰ ਇਕ ਮਹਾਨ ਗੁਰਮੁਖ ਸਿੱਖ ਕੁਲ ਉਧਾਰਨ ਹਿਤ ਆਵੇਗਾ, ਨਿਸ਼ਾਨੀ ਇਹ ਹੋਵੇਗੀ ਕਿਉਂਕਿ ਜਨਮ ਸਮੇਂ ਹੀ ਹੱਸੇਗਾ," ਸੋ ਨਗਰ ਵਾਸੀ ਇਹ ਸਮਝਣ ਲੱਗੇ ਕਿ ਇਹ ਵੱਡਾ ਹੋ ਕੇ ਨਗਰ ਦਾ ਕਲਿਆਣ ਤੇ ਮਹਾਨ ਯਸ ਪੈਦਾ ਕਰੇਗਾ।

ਜਦੋਂ ਸਵਾ ਮਹੀਨੇ ਪਿਛੋਂ ਧਰਮਸਾਲਾ ਵਿਖੇ ਕੜਾਹ ਪ੍ਰਸ਼ਾਦਿ ਕਰਵਾ ਕੇ ਨਾਮ ਰਖਿਆ ਤਦ -

"ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥" ਦਾ ਮਹਾਵਾਕ ਆਇਆ ਜਿਸ ਕਰਕੇ "ਬ" ਅਖਰ ਤੋਂ ਨਾਮ ਬੀਰ ਸਿੰਘ ਰੱਖਿਆ ਗਿਆ। ਇਸ ਤਰ੍ਹਾਂ ਮਾਂ ਦੀ ਗੋਦੀ, ਟੱਬਰ ਦੇ ਪਿਆਰ ਤੇ ਗਵਾਂਢੀਆਂ ਦੇ ਚਾਉ ਮਲ੍ਹਾਰ ਨੇ ਬੀਰ ਸਿੰਘ ਜੀ ਨੂੰ ਪੰਜ ਸਾਲ ਦੀ ਉਮਰ ਨੂੰ ਪੁਜਾਇਆ। ਉਹ ਹੋਰਨਾਂ ਬੱਚਿਆਂ ਵਾਂਗ, ਖੇਡਣ ਤੋਂ ਸੰਕੋਚ ਕਰਕੇ, ਚੁੱਪ ਕਰਕੇ ਇਕਾਂਤ ਵਿਚ ਬੈਠੇ ਰਹਿਣਾ ਬਹੁਤ ਪਸੰਦ ਕਰਦੇ ਸਨ। ਫਿਰ ਛੋਟੀ ਅਵਸਥਾ ਵਿਚ ਹੀ ਉਨ੍ਹਾਂ ਨੂੰ ਧਰਮਸਾਲ ਵਿਚ ਪੜ੍ਹਨ ਬਿਠਾ ਦਿਤਾ, ਥੋੜ੍ਹੇ ਹੀ ਸਮੇਂ ਵਿਚ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਗ੍ਰਹਿਣ ਕਰ ਲਈ ਤੇ ਫਿਰ ਜਿੰਨਾ ਕੁਝ ਹੋਰ ਵੇਦਾਂਤ ਆਦਿਕ ਗ੍ਰੰਥਾਂ ਦੀ ਸਮਝ ਡੇਰੇ ਦੇ ਬਾਬਾ ਜੀ ਪਾਸ ਸੀ, ਉਹ ਉਸ ਤੋਂ ਅਧਿਕ ਕਿਤਾਬਾਂ ਤੋਂ ਲੈ ਗਏ। ਬੁੱਧੀ ਇਤਨੀ ਤੀਖਣ ਤੇ ਪ੍ਰਬਲ ਸੀ ਕਿ ਉਹ ਇਕ ਵਾਰੀ ਤੋਂ ਵੱਧ ਕੋਈ ਵੀ ਸੰਥਾ ਪ੍ਰਾਪਤ ਕਰਨ ਦੀ ਲੋੜ ਨਹੀਂ ਪ੍ਰਤੀਤ ਕਰਦੇ ਸਨ। ਸਾਰਉਕਤਾਵਲੀ, ਵਿਚਾਰ ਸਾਗਰ ਤੇ ਯੋਗ ਵਸ਼ਿਸ਼ਟ ਆਦਿਕ ਗ੍ਰੰਥਾਂ ਦੀ ਪੜ੍ਹਾਈ ਨੇ ਉਨ੍ਹਾਂ ਨੂੰ ਪੂਰਨ ਵੇਦਾਂਤ ਮਾਰਗੀ ਬਣਾ ਦਿਤਾ। ਇਸ ਤਰ੍ਹਾਂ ਉਹ ਬਗੈਰ ਕਿਤੇ ਦੂਰ ਪੜ੍ਹਨ ਜਾਣ ਦੇ ਹੀ ਇਕ ਚੰਗੇ ਵਿਦਵਾਨ ਬਣ ਗਏ। ਪਰ ਉਹ ਇਕ ਤਰ੍ਹਾਂ ਘਾਟ ਮਹਿਸੂਸ ਕਰਦੇ ਸਨ ਕਿ ਕੋਈ ਵੱਡੀ ਕਮੀ ਹੈ ਜੋ ਹਰ ਕੀਮਤ ਪਰ ਦੂਰ ਕਰਨੀ ਹੈ, ਪਰ ਉਹ ਕਮੀ ਕਿਹੜੀ ਹੈ ਉਹ ਅਨੁਭਵ ਕਰਦੇ ਹੋਏ ਵੀ ਦਸਣ ਤੋਂ ਅਸਮਰਥ ਸਨ, ਕਿਉਂਕਿ ਘਰ ਵਾਲਿਆਂ ਸਮਝਣਾ ਸੀ ਕਿ ਇਹ ਘਰ ਛਡ ਕੇ ਕਿਧਰੇ ਭੱਜਣ ਦੀ ਤਿਆਰੀ ਕਰ ਰਿਹਾ ਹੈ।

ਉਸ ਸਮੇਂ ਫੌਜੀ ਨੌਕਰੀ ਇਕ ਤਰ੍ਹਾਂ ਖਾਨਦਾਨੀ ਪੇਸ਼ਾ ਹੀ ਸੀ। ਬੀਰ ਸਿੰਘ ਜੀ ਦੇ ਪਿਤਾ ਸਰਦਾਰ ਸ਼ਾਮ ਸਿੰਘ ਜੀ ਵੀ ਪਲਟਨ ਵਿਚ ਸਨ। ਜਦੋਂ ਉਹ ਮੁਲਤਾਨ ਦੀ ਲੜਾਈ ਅੰਦਰ ਸ਼ਹੀਦ ਹੋ ਗਏ ਤਦ ਫਿਰ ਉਨ੍ਹਾਂ ਦੀ ਜਗ੍ਹਾ ਲਈ ਆਪ ਨੂੰ ਸੱਦਾ ਦਿਤਾ ਗਿਆ। ਸਿਪਾਹੀਗੀਰੀ ਵਿਚ ਉਸ ਸਮੇਂ ਇੱਜ਼ਤ ਵੀ ਸੀ ਤੇ ਆਮ ਘਰਾਂ ਲਈ ਆਮਦਨੀ ਦਾ ਜ਼ਰੀਆ ਵੀ, ਸੋ ਘਰਦਿਆਂ ਦੀ ਖੁਸ਼ੀ ਨਾਲ ਹੀ ਇਹ ਗੱਲ ਪ੍ਰਵਾਨ ਕਰ ਲਈ ਤੇ ਬੀਰ ਸਿੰਘ ਜੀ ਨੇ ਆਪਣੇ ਅੰਦਰ ਜੋ ਘਾਟ ਮਹਿਸੂਸ ਕੀਤੀ ਸੀ ਉਹ ਵੀ ਪੂਰੀ ਹੋਣ ਲਈ ਸਮਾਂ ਮਿਲਦਾ ਨਜ਼ਰ ਆਇਆ। ਸੋ ਆਪ ਜੀ ਘੋੜ ਸਵਾਰਾਂ ਅੰਦਰ ਸ਼ਾਮਲ ਹੋ ਗਏ।

ਬੀਰ ਸਿੰਘ ਜੀ ਬਾਣੀ ਘਰੋਂ ਹੀ ਸਿਖ ਕੇ ਤੇ ਯਾਦ ਕਰਕੇ ਲਿਆਏ ਸਨ ਜੋ ਹਰ ਸਮੇਂ ਪਾਠ ਅੰਦਰ ਮਸਤ ਡਿਊਟੀ ਦੇ ਕੇ, ਹਰ ਮੋਰਚੇ ਸਮੇਂ ਆਪ ਸਾਮ੍ਹਣੇ ਡੱਟ ਕੇ ਮੁਕਾਬਲਾ ਕਰਦੇ। ਸੋ ਆਪ ਜੀ ਨੇ ਆਪ ਦੇ ਮਾਲਕ ਦਰਬਾਰੀ ਤੇ ਹੋਰ ਸਾਥੀ ਸਿਪਾਹੀਆਂ ਪਰ ਧਾਰਮਕ ਵਡੱਪਣ ਦੀ ਮੋਹਰ ਛਾਪ ਲਗਾ ਦਿਤੀ। ਅਸਲ ਵਿਚ ਸਫਲ ਮਨੁੱਖ ਉਹੀ ਹੈ ਜੋ ਕਿ ਹਰ ਮਹਾਜ਼ ਵਿਚ ਸਫਲ ਹੈ। ਜੋ ਇਕ ਜਗ੍ਹਾ ਸਫਲ ਨਹੀਂ ਉਹ ਦੂਸਰੀ ਜਗ੍ਹਾ ਸਫਲਤਾ ਦੀ ਘੱਟ ਹੀ ਆਸ ਰੱਖ ਸਕਦਾ ਹੈ।" ਬਾਬਾ ਬੀਰ ਸਿੰਘ ਜੀ ਦੇ ਨਗਰ ਦਾ ਇਕ ਹੋਰ ਸਿਪਾਹੀ ਵੀ ਇਸੇ ਹੀ ਜਗ੍ਹਾ ਪਲਟਨ ਵਿਚ ਸੀ। ਉਹ ਸਤਸੰਗੀ, ਅਭਿਆਸੀ ਤੇ ਉਚੇ ਵਿਚਾਰਾਂ ਦਾ ਗੁਰਸਿੱਖ ਸੀ। ਉਸ ਦੀ ਰੁਚੀ, ਬੋਲ-ਚਾਲ ਤੇ ਜੀਵਨ ਦਾ ਚਜ-ਆਚਾਰ ਹਰ ਕਿਸੇ ਨੂੰ ਹੀ ਪ੍ਰਭਾਵਿਤ ਕਰਦਾ ਸੀ। ਬਾਬਾ ਬੀਰ ਸਿੰਘ ਜੀ ਨੇ ਇਸ ਨਾਲ ਸਹਿਚਾਰ ਵਧਾਇਆ ਤੇ ਉਹਨਾਂ

ਦੇ ਅੰਦਰੋਂ ਹੀ ਕਿਸੇ ਖੂੰਜੇ ਵਿਚੋਂ ਇਹ ਆਵਾਜ਼ ਨਿਕਲੀ ਕਿ ਇਹੀ ਤੇਰੇ ਅੰਦਰ ਵਸ ਰਹੀ ਘਾਟ ਨੂੰ ਦੂਰ ਕਰਨ ਲਈ ਉਪਰਾਲਾ ਪੈਦਾ ਕਰੇਗਾ। ਇਹ ਸੱਜਣ ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਦਾ ਸੇਵਕ ਸੀ, ਸਿਮਰਨ ਦੀ ਲਗਨ ਤੇ ਭਾਗਾਂ ਦੀ ਖਿੱਚ ਕਰਕੇ ਇਹ ਨੌਕਰੀ ਛੱਡ ਕੇ ਕੁਰੀ ਸੰਤਾਂ ਪਾਸ ਹੀ ਜਾ ਟਿਕਿਆ ਸੀ। ਇਹ ਉਥੋਂ ਹੋਰ ਕਿਧਰੇ ਨਾ ਗਿਆ ਸਗੋਂ ਸਦਾ ਲਈ ਬਾਬਾ ਜੀ ਦਾ ਹੀ ਹੋ ਕੇ ਰਹਿ ਗਿਆ। ਨੌਕਰੀ ਤੋਂ ਜਾਣ ਸਮੇਂ ਇਹ ਸੰਗੀ ਸਾਥੀ ਤੇ ਉਚ ਵਿਚਾਰਵਾਨ ਹੋਣ ਕਰਕੇ ਬਾਬਾ ਬੀਰ ਸਿੰਘ ਜੀ ਨੂੰ ਇਹ ਪੱਕੀ ਕਰ ਗਿਆ ਕਿ ਜੇਕਰ ਕਦੇ ਰਾਵਲਪਿੰਡੀ ਤੋਂ ਘਰ ਨੂੰ ਵੀ ਜਾਉ ਤਦ ਬਾਬਿਆਂ ਦੇ ਦਰਸ਼ਨ ਕੀਤੇ ਬਗੈਰ ਨਹੀਂ ਜਾਣਾ। ਉਨ੍ਹਾਂ ਭਰੋਸਾ ਦਵਾਇਆ ਸੀ ਕਿ ਦਰਸ਼ਨ ਕਰਨ ਪਿਛੋਂ ਤੁਹਾਨੂੰ ਮਾਨਸਿਕ ਤਸੱਲੀ ਤੇ ਆਤਮਿਕ ਸ਼ਾਂਤੀ ਪ੍ਰਾਪਤ ਹੋਵੇਗੀ। ਇਹ ਗੱਲ ਬਾਬਾ ਬੀਰ ਸਿੰਘ ਜੀ ਦੇ ਹਿਰਦੇ ਵਿਚ ਸਮਾ ਗਈ ਸੀ। "ਮੇਰੀ ਜੀਵਨ ਯਾਤਰਾ ਸਫਲ ਹੀ ਉਥੇ ਜਾ ਕੇ ਹੋਣੀ ਹੈ। ਉਹੀ ਮੇਰਾ ਅਸਥਾਨ ਹੈ ਤੇ ਉਸ ਦੀ ਖੋਜ ਵਿਚ ਮੈਂ ਜੀਵਨ ਭਰ ਤੋਂ ਭਟਕਦਾ ਫਿਰ ਰਿਹਾ ਹਾਂ।" ਉਹ ਬਾਣੀ ਦਾ ਪਾਠ ਕਰਦੇ ਸਨ, ਗੁਰਦਵਾਰੇ ਜਾ ਕੇ ਸੇਵਾ ਝਾੜੂ ਦੇਂਦੇ, ਗੁੰਥੀ ਦੀ ਪੂਰੀ ਸੇਵਾ ਕਰਦੇ, ਗੁਰਦਵਾਰੇ ਝਾੜੂ ਤੇ ਦਰੀਆਂ ਦੀ ਸੇਵਾ ਵਿਚ ਰਹਿੰਦੇ। ਤਨਖਾਹ ਦੇ ਜੋ ਪੈਸੇ ਬਚਦੇ ਸਨ ਉਹ ਸਾਰੀ ਗਰੀਬ ਸਾਥੀਆਂ ਵਿਚ ਹੀ ਵੰਡ ਦੇਂਦੇ ਸਨ। ਫਿਰ ਜਦੋਂ ਉਹਨਾਂ ਨੇ ਇਹ ਫੈਸਲਾ ਕੀਤਾ ਕਿ ਨੌਕਰੀ ਛੱਡ ਕੇ, ਇਕ ਦਮ ਬੈਰਾਗਮਈ ਤਪੀ ਸਾਧਨ ਤੇ ਵਾਹਿਗੁਰੂ ਜੀ ਦੀ ਯਾਦ ਵਿਚ ਜੀਵਨ ਬਸਰ ਕਰਨਾ ਹੈ। ਤਦ ਇਹ ਵੀ ਨਾਲ ਹੀ ਮਨ ਵਿਚ ਸੋਚ ਲਿਆ ਕਿ ਉਹ ਇਥੋਂ ਸਿੱਧੇ ਕੁਰੀ ਹੀ ਜਾਣਗੇ ਤੇ ਜਿਸ ਤਰ੍ਹਾਂ ਵੀ ਮਹਾਂਪੁਰਖ ਉਨ੍ਹਾਂ ਨੂੰ ਆਗਿਆ ਦੇਣਗੇ ਉਹ ਉਸੇ ਹੀ ਤਰ੍ਹਾਂ ਜੀਵਨ ਬਸਰ ਕਰਨਗੇ। ਫਿਰ ਉਨ੍ਹਾਂ ਨੇ ਆਪਣੀ ਰਜਮੈਂਟ ਦੇ ਇੰਚਾਰਜ ਨੂੰ ਕਿਹਾ ਕਿ ਉਨ੍ਹਾਂ ਨੂੰ ਪੱਕੀ ਛੁੱਟੀ ਦੇ ਦਿਤੀ ਜਾਵੇ। ਜਦੋਂ ਸਾਹਿਬ ਨੂੰ ਇਹ ਪਤਾ ਲੱਗਿਆ ਕਿ ਮਹਾਤਮਾ ਦੀ ਸੇਵਾ ਵਿਚ ਜਾ ਕੇ ਬਾਕੀ ਦਾ ਜੀਵਨ ਸਾਧੂ ਹੋ ਕੇ ਬਤੀਤ ਕਰਨਾ ਚਾਹੁੰਦੇ ਹਨ, ਤਦ ਉਸਨੇ ਪੂਰੀ ਤਰ੍ਹਾਂ ਯਤਨ ਕੀਤਾ ਕਿ ਕਿਸੇ ਤਰ੍ਹਾਂ ਉਹ ਟਲ ਜਾਣ। ਸੋ ਉਨ੍ਹਾਂ ਨੇ ਹਰ ਲਾਲਚ ਦਿਤਾ। ਅਹੁਦਾ ਵਧਾਣ, ਡੀਊਟੀ ਮਾਫ ਤੇ ਹੋਰ ਸਹੂਲਤਾਂ ਦੇਣ ਦੀ ਵੀ ਛੋਟ ਦੇਣੀ ਚਾਹੀ ਪਰ ਬਾਬਾ ਬੀਰ ਸਿੰਘ ਜੀ ਨੇ ਇਕੋ ਗੱਲ ਕਹੀ ਕਿ ਹੁਣ ਨੌਕਰੀ ਸੱਚੇ ਦਰਬਾਰ ਦੀ ਕਰਨੀ ਹੈ। ਆਖਰ ਅਫਸਰ ਜਦੋਂ ਕਿਸੇ ਵੀ ਤਰ੍ਹਾਂ ਨਾ ਮੰਨਿਆ ਤਦ ਆਪ ਨੇ ਕਿਹਾ, "ਹੱਛਾ ਭਾਈ ਅਸੀਂ ਤੁਹਾਡੇ ਨੌਕਰ ਹੀ ਨਹੀਂ, ਫਿਰ ਨਾਮ ਕਿਸ ਤੋਂ ਕਟੌਣਾ ਹੈ।" ਉਨ੍ਹਾਂ ਦਫਤਰ ਦੇ ਸਾਰੇ ਹੀ ਕਾਗਜ਼ ਫੋਲ ਮਾਰੇ ਪਰ ਕਿਧਰੋਂ ਕੋਈ ਥਾਂ ਪਤਾ ਨਾ ਲੱਗਾ। ਆਖਰ ਗਲ੍ਹ ਪੱਲਾ ਪਾ ਕੇ ਉਨ੍ਹਾਂ ਬਾਬਾ ਜੀ ਨੂੰ ਕਿਹਾ ਕਿ ਉਹ ਉਨ੍ਹਾਂ ਦੀ ਗਲਤੀ ਮਾਫ ਕਰਨ ਤੇ ਆਪਣਾ ਘੋੜਾ ਕਾਠੀ ਜੀਨ ਸਾਮਾਨ ਤੇ ਨੌਕਰੀ ਦਾ ਰੁਪਿਆ ਲੈ ਜਾਣ, ਇਸ ਤਰ੍ਹਾਂ ਸਣੇ ਸਾਮਾਨ ਨੌਕਰੀ ਤੋਂ ਫਾਰਗ ਹੋ ਕੇ ਆਪ ਕੁਰੀ ਆਏ, ਡੇਰੇ ਤੋਂ ਬਾਹਰ ਘੋੜਾ ਬੰਨ੍ਹ ਕੇ ਆਪਣੇ ਬਾਲ ਸਖਾਈ ਮਿੱਤਰ ਤੇ ਨਗਰ ਦੇ ਸਾਥੀ ਭਾਈ ਚੰਦਾ ਸਿੰਘ ਜੀ ਨੂੰ ਮਿਲੇ। ਚੰਦਾ ਸਿੰਘ ਜੀ ਨੇ ਬਾਬਾ ਭਾਗ ਸਿੰਘ ਜੀ ਨੂੰ ਬੀਰ ਸਿੰਘ ਬਾਰੇ ਸਭੋ ਕੁਝ ਪਹਿਲਾਂ ਹੀ ਦੱਸਿਆ ਹੋਇਆ ਸੀ। ਉਹ ਡੇਰੇ ਤੋਂ ਬਾਹਰ ਹੀ ਇਸ ਆਉਣ ਵਾਲੇ ਸਮੇਂ ਦੇ ਮਹਾਨ ਤ੍ਰਿਕਾਲ ਦਰਸੀ ਤਤਵੇਤਾ ਮਹਾਨ ਪੁਰਖ ਨੂੰ ਤੱਕਣ ਤੇ ਤੋਲਣ ਨਾਪਣ ਹਿਤ ਆਏ। ਬਾਹਰ ਆ ਕੇ ਬਾਬਾ ਭਾਗ ਸਿੰਘ ਜੀ ਨੇ ਪੁੱਛਿਆ।

"ਭਾਈ! ਤੂੰ ਕੌਣ ਹੈਂ? ਕਿਥੇ ਜਾਣਾ ਹੈ?

ਬਾਬਾ ਬੀਰ ਸਿੰਘ ਜੀ ਨੇ ਬੇਨਤੀ ਕੀਤੀ। "ਮਹਾਰਾਜ ਮੈਂ ਅਜੇ ਤਕ ਨਹੀਂ ਜਾਣਦਾ ਮੈਂ ਕੌਣ ਹਾਂ, ਕਿਥੋਂ ਆਇਆ ਹਾਂ ਕਿਥੇ ਜਾਣਾ ਹੈ? ਜੇਕਰ ਇਹ ਜਾਣਦਾ ਹੁੰਦਾ ਤਦ ਮੈਂ ਨੌਕਰੀ ਹੀ ਕਿਉਂ ਛਡਦਾ। ਉਥੇ ਸਫਰ ਤਾਂ ਰੋਜ਼ ਦਾ ਸੀ, ਪਰ ਬਗੈਰ ਮੰਜ਼ਲ ਤੋਂ, ਕਰਮ ਕਰੀਦਾ ਸੀ। ਜਿਸ ਦਾ ਕੋਈ ਰੰਗ ਨਹੀਂ ਸੋ ਮੇਹਰ ਕਰੋ ਤਦ ਹੀ ਇਹ ਗੱਲਾਂ ਸਮਝ ਆ ਸਕਦੀਆਂ ਹਨ। ਮੈਂ ਤਾਂ ਤੁਹਾਡੀ ਕ੍ਰਿਪਾ ਦ੍ਰਿਸ਼ਟੀ ਦਾ ਪਾਤਰ ਹੀ ਬਣਨਾ ਹੈ, ਬਾਕੀ ਸਭੋ ਕੁਝ ਆਪ ਹੀ ਦੱਸੋ। ਬਾਬਾ ਬੀਰ ਸਿੰਘ ਇਸ ਸਮੇਂ ਬਹੁਤ ਹੀ ਧਿਆਨ ਨਾਲ ਬਾਬਾ ਜੀ ਦਾ ਚਿਹਰਾ ਤਕਦੇ ਜਾ ਰਹੇ ਸਨ, ਜਿਉਂ-ਜਿਉਂ ਤਕਦੇ ਅੰਦਰ ਇਕ ਰਸ ਛੋਹ ਸੁਆਦ ਵਿਸਮਾਦ ਵਧਦਾ ਜਾਂਦਾ ਸੀ, ਦ੍ਰਿਸ਼ਟ ਲਾਂਭੇ ਗਿਆਂ ਅੰਦਰ ਪੀੜ ਤੇ ਦਰਦ ਅਨੁਭਵ ਹੁੰਦਾ ਸੀ। ਫਿਰ ਜਦੋਂ ਦ੍ਰਿਸ਼ਟ ਲਾਂਭੇ ਕਰਨ ਹੀ ਨਾ ਤਦ ਬਾਬਾ ਭਾਗ ਸਿੰਘ ਜੀ ਨੇ ਪੁੱਛਿਆ, "ਭਾਈ ਮਝੈਲਾ ਇਹ ਤਕਦਾ ਕੀ ਹੈਂ?"

"ਮੈਂ ਇਸ ਤਰ੍ਹਾਂ ਪ੍ਰਤੀਤ ਕਰਦਾ ਹਾਂ ਕਿ ਮੈਂ ਤੁਹਾਨੂੰ ਚੰਗੀ ਤਰ੍ਹਾਂ ਬਹੁਤ ਨੇੜਿਉਂ ਕਈ ਦੇਰ ਤਕ ਡਿੱਠਾ ਹੋਇਆ ਹੈ। ਪਰ ਕਿੱਥੇ ਤੇ ਕਦੋਂ ਇਹ ਯਾਦ ਨਹੀਂ?" ਬਾਬਾ ਬੀਰ ਸਿੰਘ ਜੀ ਨੇ ਕਿਹਾ।

"ਭਾਈ ਅਸੀਂ ਤੇਰੇ ਕਰਜ਼ਾਈ ਹਾਂ, ਅਸਾਂ ਤੇਰਾ ਕੁਝ ਦੇਣਾ ਹੈਂ, ਉਹੀ ਦੇਣ ਲਈ ਸੋਚ ਰਹੇ ਸਾਂ, ਪਰ ਹੁਣ ਤੂੰ ਆਪ ਹੀ ਆ ਪੁੱਜਾ ਹੈਂ ਤਦ ਲੈ ਕੇ ਹੀ ਜਾਏਂਗਾ।" ਸਮੇਂ ਤੇ ਜਨਮਾਂ ਦੀ ਦੂਰੀ ਕਰਕੇ ਤੈਨੂੰ ਝਾਉਲਾ ਪੈ ਰਿਹਾ ਹੈ, ਜਦੋਂ ਹੀ ਪਰਦਾ ਹਟ ਗਿਆ, ਸਾਰਾ ਭਰਮ ਹਟ ਜਾਏਗਾ, ਫਿਰ ਆਪ ਹੀ ਸਮਝ ਆ ਜਾਏਗੀ ਕਿ ਇਹ ਸਾਰੀ ਹੀ ਕਿਰਿਆ ਕਰਮ ਤੇ ਸਰੀਰ ਕਿਥੋਂ ਤੇ ਕਦੋਂ ਬਣਿਆ ਹੈ ਤੇ ਇਹ ਕਿਥੋਂ ਆਇਆ ਹੈ ਤੇ ਕਿਥੇ ਜਾਣਾ ਹੈ ਇਹ ਸਭ ਸੋਝੀ ਹੋ ਆਵੇਗੀ, ਕਾਹਲੀ ਨਾ ਕਰ ਤੇਜ਼ੀ ਅੰਦਰ ਕੰਵਲ ਦੇ ਖਿੜਨੋਂ ਪਹਿਲਾਂ ਹੀ ਮੁਰਝਾਣ ਦਾ ਡਰ ਹੁੰਦਾ ਹੈ। ਸੋ ਭਾਈ ਤੂੰ ਸਾਥੋਂ ਕੁਝ ਲੈਣਾ ਤਾਂ ਹੈ ਪਰ ਇਸ ਸਾਜ਼ ਸਮਾਨ ਤੇ ਤੋਪ ਬੰਦੂਕਾਂ ਦੀ ਛਾਂ ਹੇਠਾਂ ਘੋੜਾ ਤੇ ਸਾਮਾਨ ਕੋਲ ਲੈ ਕੇ ਆਇਆ ਹੈਂ, ਉਹ ਸੌਦਾ ਜੋ ਸਾਡੇ ਪਾਸ ਹੈ ਉਹ ਇਸ ਬੋਝ ਤੇ ਬੰਦਸ਼ ਅੰਦਰ ਨਹੀਂ ਮਿਲਦਾ ਉਸ ਲਈ ਤਾਂ ਹੌਲੇ ਹੀ ਹੋਣਾ ਪਵੇਗਾ। ਜਾਹ ਜਾ ਕੇ ਇਹ ਬੋਝ ਘਰ ਛੱਡ ਆ। ਫਿਰ ਤੇਰੇ ਪਾਸ ਅਸਵਾਰੀ ਲਈ ਕੇਵਲ ਖਿਆਲ ਹੀ ਹੋਣਗੇ, ਉਨ੍ਹਾਂ ਨੂੰ ਸਹੀ ਰਾਹ ਪਰ ਤੋਰਨਾਂ ਕੋਈ ਵੀ ਮੁਸ਼ਕਲ ਨਹੀਂ ਹੈ। ਫਿਰ ਉਸ ਪਿਛੋਂ ਤੈਨੂੰ ਇਹ ਸਮਝ ਵੀ ਆ ਹੀ ਜਾਏਗੀ ਕਿ ਤੂੰ ਕਦੋਂ ਦਾ ਸਾਡਾ ਵਾਕਫ ਹੈਂ ਤੇ ਤੇਰਾ ਸਾਡਾ ਕਦੋਂ ਤੇ ਕਿਥੋਂ ਦਾ ਸੰਬੰਧ ਹੈ। ਤੇਰਾ ਤੇ ਸਾਡਾ ਅੱਜ ਦਾ ਨਹੀਂ ਕਈ ਜਨਮਾਂ ਦਾ ਲੰਬਾ

ਲੇਖਾ ਤੇ ਮੇਲ ਹੈ। ਤੇਰਾ ਆਵਣ ਜਾਣ ਦਾ ਹਿਸਾਬ ਵੀ ਸਮਝਣਾ ਹੀ ਪਵੇਗਾ। ਸੋ ਤੂੰ ਨਗਰ ਜਾ ਕੇ ਹੀ ਵਾਪਸ ਆਵੇਂਗਾ।

ਬਾਬਾ ਬੀਰ ਸਿੰਘ ਇਸਨੂੰ ਆਗਿਆ ਸਮਝ ਕੇ ਨਗਰ ਆਏ। ਫਿਰ ਸਾਰਾ ਸਾਮਾਨ ਘਰਦਿਆਂ ਦੇ ਸਪੁਰਦ ਕਰ ਦਿਤਾ ਤੇ ਆਪ ਖੂਹ ਦੇ ਕੋਠੇ ਵਿਚ ਹੀ ਠਹਿਰ ਗਏ। ਇਥੇ ਕਾਫੀ ਸਮਾਂ ਲੰਘ ਗਿਆ। ਘਰ ਵਾਲੇ ਤੇ ਮਾਈ ਇਸ ਗੱਲ ਤੋਂ ਬਹੁਤ ਦੁਖੀ ਸੀ ਕਿ ਬੀਰ ਸਿੰਘ ਘਰ ਆਉਂਦੇ ਰਿਜ਼ਕ ਨੂੰ ਲੱਤ ਮਾਰ ਕੇ ਆ ਗਿਆ ਹੈ। ਉਹ ਰੋਜ਼ ਹੀ ਕਿਸੇ ਨਾ ਕਿਸੇ ਬਹਾਨੇ ਤਾਹਨੇ ਮੇਹਣੇ ਦੇਂਦੇ ਹੀ ਰਹਿੰਦੇ ਸਨ। ਬਾਰਸ਼ ਇਸ ਸਾਲ ਹੋਈ ਨਾ, ਫਸਲਾਂ ਸੁਕ ਰਹੀਆਂ ਸਨ। ਭਰਾਵਾਂ ਕਿਹਾ, ਹੋਰ ਨਹੀਂ ਤਦ ਮਾਲੂਵਾਲ ਤੋਂ ਜਾ ਕੇ ਟਿੰਡਾਂ ਹੀ ਲੈ ਆਵੋ, ਘਰ ਵੀ ਵਿਹਲਾ ਮੱਖੀਆਂ ਮਾਰਦਾ ਹੈਂ? ਅੱਗੋਂ ਮਾਲੂਵਾਲ ਦਾ ਘੁਮਾਰ ਬਹੁਤ ਹੀ ਸਿੱਧ ਪੁਰਸ਼ ਸੀ। ਉਸ ਨੇ ਬਾਬਾ ਜੀ ਨੂੰ ਤੱਕ ਕੇ ਕਿਹਾ - "ਬਾਬਾ ਕਿਉਂ ਲੋਕਾਂ ਨੂੰ ਧੋਖਾ ਦੇਂਦਾ ਫਿਰਦਾ ਹੈਂ? ਤੂੰ ਇਕ ਟਿੰਡ ਪਾਣੀ ਨਾਲ ਸਾਰੇ ਇਲਾਕੇ ਨੂੰ ਪਾਣੀ ਦੇ ਸਕਦਾ ਹੈਂ, ਫਿਰ ਇਹ ਟਿੰਡਾਂ ਦੇ ਭਾਰ ਸਾਥੋਂ ਲੈਣ ਕਿਉਂ ਆਇਆ ਹੈਂ? ਜਾਉ ਇਹ ਭੇਟ ਇਕ ਟਿੰਡ ਲੈ ਜਾਵੋ, ਤੁਸੀਂ ਜਿੰਨੀ ਚਾਹੋਗੇ ਵਰਖਾ ਹੋ ਜਾਵੇਗੀ। ਫਿਰ ਇਹ ਟਿੰਡ ਮੇਰੀ ਨਿਸ਼ਾਨੀ ਵਜੋਂ ਰੱਖਣੀ। ਮੈਂ ਜਦੋਂ ਚਾਹਾਂਗਾ ਇਹ ਸੋਨੇ ਚਾਂਦੀ ਦੀ ਭਰ ਕੇ ਲੈ ਲਵਾਂਗਾ।

ਚੰਗਾ ਭਾਈ ਫਕੀਰ ਸਾਂਈਂ ਅਸੀਂ ਤਾਂ ਸਿੱਧੇ ਸਾਦੇ ਜੱਟ ਹਾਂ, ਭਰਾਵਾਂ ਭੇਜਿਆ ਟਿੰਡਾਂ ਲੈਣ ਆ ਗਏ। ਤੂੰ ਇਕ ਟਿੰਡ ਦੇ ਕੇ ਭੇਜਦਾ ਹੈਂ ਲੈ ਜਾਂਦੇ ਹਾਂ, ਅੱਗੇ ਜੋ ਕੁਝ ਦਾਤੇ ਨੂੰ ਮਨਜ਼ੂਰ ਹੈ ਉਹ ਹੋ ਕੇ ਹੀ ਰਹੇਗਾ। ਜੇਕਰ ਕੋਈ ਹੋਰ ਸਮਾਂ ਆਇਆ ਉਹ ਵੀ ਤੁਹਾਡੀ ਮਰਜ਼ੀ ਅਨੁਸਾਰ ਹੀ ਹੋਵੇਗਾ। ਇਹ ਕਹਿ ਕੇ ਬਾਬਾ ਜੀ ਮਾਲੂਵਾਲ ਦੇ ਘੁਮਾਰ ਦੇ ਘਰੋਂ ਆ ਗਏ ਤੇ ਟਿੰਡ ਲਿਆ ਕੇ ਘਰ ਦਿਤੀ। ਭਰਾਵਾਂ ਨੇ ਹਾਸਾ ਉਡਾਇਆ ਕਿ ਹੁਣ ਲੋਕ ਸਾਨੂੰ ਘਰ ਵੀ ਨਹੀਂ ਵੜਨ ਦੇਣਗੇ, ਜਦੋਂ ਕਿ ਮੁੱਲ ਲੈਣ ਗਿਆ ਟਿੰਡਾਂ ਵੀ ਦੇਣ ਸਮੇਂ ਮਖੌਲ ਕਰਦੇ ਹਨ, ਘਰ ਇਹ ਸਾਡਾ ਸਾਧ ਭਰਾ ਪਤਾ ਨਹੀਂ ਕੀ ਸਮਝਦਾ ਹੈ? ਅਜੇ ਉਹ ਗੱਲਾਂ ਕਰਦੇ ਸਨ ਕਿ ਬਾਬਾ ਬੀਰ ਸਿੰਘ ਟਿੰਡ ਬਾਹਰ ਲੈ ਆਏ ਤੇ ਉੱਚੀ ਜਗ੍ਹਾ ਰੱਖ ਕੇ ਕਹਿਣ ਲੱਗੇ, "ਹੁਣ ਇਹ ਉਸ ਦੇ ਨਾਮ ਨੂੰ ਲਾਜ ਹੈ, ਆਗਿਆ ਦਿਉ ਕਿ ਪਾਲਣਹਾਰ ਇਸਨੂੰ ਪਾਣੀ ਨਾਲ ਭਰ ਦੇਵੋ, ਧਰਤੀ ਦੇ ਲੋਕ ਵਸਦੇ ਹੋ ਜਾਣ। ਇਸ ਗੱਲ ਵਿਚ ਇਤਨਾ ਅਸਰ ਸੀ ਕਿ ਅਚਾਨਕ ਹੀ ਇਕ ਪਾਸੇ ਤੋਂ ਕਾਲੀ ਘਟਾ ਚੜ੍ਹੀ ਤੇ ਪਲਾਂ ਅੰਦਰ ਹੀ ਵਰਖਾ ਆਰੰਭ ਹੋਈ, ਹਰ ਇਕ ਪਾਸੇ ਪਾਣੀ ਹੀ ਪਾਣੀ ਦਿਸਦਾ ਸੀ। ਅਜੇ ਉਹ ਟਿੰਡ ਪਾਣੀ ਤੋਂ ਖਾਲੀ ਸੀ ਸੋ ਸਾਰੇ ਨਗਰ ਨੇ ਮਿਲ ਕੇ ਬੇਨਤੀ ਕੀਤੀ ਕਿ ਬਾਬਾ ਜੀ ਹੁਣ ਇਹ ਵਰਖਾ ਬੰਦ ਕਰਾਉ। ਨਹੀਂ ਤੇ ਸਾਰਾ ਦੇਸ਼ ਤਬਾਹ ਹੋ ਜਾਏਗਾ, ਆਪ ਨੇ ਉਹ ਟਿੰਡ ਚੁੱਕ ਕੇ ਬਾਹਰੋਂ ਅੰਦਰ ਕਰ ਲਈ, ਰੱਬ-ਰੱਬ ਕਰ ਕੇ ਬਾਰਿਸ਼ ਰੁਕੀ ਲੋਕਾਂ ਸੁੱਖ ਦਾ ਸਾਹ ਲਿਆ।

ਉਸ ਸਮੇਂ ਇਕ ਹੋਰ ਭਾਣਾ ਵਰਤ ਗਿਆ। ਇਕ ਸੰਤ ਜਨਾ ਦਾ ਡੇਰਾ ਨਗਰ ਆ ਉਤਰਿਆ ਸੀ। ਉਹ ਰਾਤ ਸਮੇਂ ਸਰਦੀ ਕਰਕੇ ਤੰਗ ਹੋ ਗਏ। ਕੋਈ ਲੱਕੜੀ ਹੈ ਨਹੀਂ ਸੀ ਬਾਬਾ ਬੀਰ ਸਿੰਘ ਜੀ ਨੇ ਕੋਠੇ ਦੇ ਤਖਤੇ ਹੀ ਲਾਹ ਕੇ ਸੰਤਾਂ ਨੂੰ ਦੇ ਦਿਤੇ। ਸੇਕ ਕੇ ਉਨ੍ਹਾਂ ਰਾਤ ਕੱਟੀ, ਸੁਬ੍ਹਾ ਇਹ ਖਬਰ ਜਦੋਂ ਘਰ ਪੁੱਜੀ ਤਦ ਆਪ ਜੀ ਦੀ ਮਾਤਾ ਭਜਦੀ ਹੋਈ ਆਈ ਤੇ ਕਹਿਣ ਲੱਗੀ, "ਬੀਰ ਸਿੰਹਾ! ਤੂੰ ਸਾਨੂੰ ਕਿਹੜੀ ਕਮਾਈ ਖਵਾਣ ਲੱਗਾ ਹੈਂ, ਜੋ ਸਾਡੇ ਇਹ ਤਖਤੇ ਵੀ ਫੂਕਣ ਨੂੰ ਦੇ ਦਿਤੇ, ਇਥੋਂ ਜਾਹ ਸਾਨੂੰ ਤੇਰੀ ਲੋੜ ਨਹੀਂ, ਮੁੜ ਕੇ ਇਹ ਮੂੰਹ ਸਾਨੂੰ ਨਾ ਵਖਾਵੀਂ।"

ਬਾਬਾ ਬੀਰ ਸਿੰਘ ਜੀ ਨੇ ਮਾਂ ਤੋਂ ਖਿਮਾ ਮੰਗੀ ਕਿ ਉਹ ਗਰੀਬ ਦੁਖੀ ਸਨ, ਜੇ ਅੱਗ ਨਾ ਮਿਲਦੀ ਤਦ ਮਰ ਜਾਂਦੇ, ਤਖਤੇ ਮੈਂ ਚੜ੍ਹਾ ਦਿਆਂਗਾ।

ਅੱਗੋਂ ਮਾਂ ਨੇ ਗਰਮ ਹੋ ਕੇ ਫਿਰ ਕਿਹਾ, "ਹੁਣ ਤੂੰ ਕਿਹੜੇ ਖਜਾਨੇ ਵਿਚੋਂ ਦਰਵਾਜੇ ਬਣਾਨੇ ਹਨ, ਆਪੇ ਲੋੜ ਵਾਲੇ ਬਣਾ ਲੈਣਗੇ ਤੂੰ ਆਪਣਾ ਰਾਹ ਫੜ।" ਬਾਬਾ ਬੀਰ ਸਿੰਘ ਜੀ ਨੇ ਕਿਹਾ, "ਮਾਂ! ਮੈਂ ਚਲਿਆ ਹਾਂ ਪਰ ਫਿਰ ਇਹ ਮੂੰਹ ਮੱਥਾ ਤੈਨੂੰ ਜੀਉਂਦੇ ਤਕਣਾ ਨਸੀਬ ਨਹੀਂ ਹੋਣਾ, ਇਹ ਯਾਦ ਰੱਖੀਂ।" ਮਾਂ ਨੇ ਰੋਹ ਵਿਚ ਆ ਕੇ ਕਿਹਾ, "ਤੇਰੇ ਮੱਥੇ ਦੇ ਫੁੱਲ ਸਾਨੂੰ ਦਿਸ ਪਏ ਹਨ ਤੂੰ ਵਸਦਿਆਂ ਨਾਲੋਂ ਉਜੜਿਆ ਹੀ ਭਲਾ ਹੈਂ।"

ਇਹ ਸੁਣ ਕੇ ਬਾਬਾ ਜੀ ਨੇ ਕਮਰਕਸੇ ਕਸ ਲਏ ਤੇ ਉਥੋਂ ਸਿੱਧੇ ਹੀ ਘਰ ਬਾਰ ਵਲੋਂ ਬਿਲਕੁਲ ਵਿਹਲੇ ਹੋ ਕੇ ਬਾਬਾ ਜੀ ਪਾਸ ਕੁਰੀ ਪੁੱਜ ਗਏ। ਬਾਬਾ ਭਾਗ ਸਿੰਘ ਜੀ ਬਹੁਤ ਹੀ ਪ੍ਰਸੰਨ ਹੋਏ। ਉਨ੍ਹਾਂ ਲੰਗਰ ਦੀ ਸੇਵਾ ਸੌਂਪ ਦਿਤੀ। ਫਿਰ ਇਕ ਦਿਨ ਅਚਾਨਕ ਹੀ ਫੁਰਮਾਣ ਲੱਗੇ, "ਭਾਈ ਮਝੈਲਾ, ਸੁਣਿਆ ਹੈ ਤੂੰ ਇੱਕੋ ਹੀ ਮਿੱਟੀ ਦੀ ਟਿੰਡ ਲਿਆ ਕੇ ਸਾਰੇ ਪਿੰਡ ਨੂੰ ਪਾਣੀ ਦੇ ਦਿਤਾ, ਦੇਖੀਂ ਕਿਤੇ ਐਸਾ ਹੀ ਪਾਣੀ ਦਾ ਪ੍ਰਨਾਲਾ ਸਾਡੇ ਗਰੀਬਾਂ ਦੇ ਛੋਟੇ ਜਿਹੇ ਡੇਰੇ ਅੰਦਰ ਨਾ ਛੱਡ ਬਹੀਂ। ਅਸੀਂ ਤੇ ਭਾਈ ਸਿੱਧੇ ਪਧਰੇ ਸਾਦ ਮੁਰਾਦੇ ਜੰਗਲਾਂ ਦੇ ਵਾਸੀ ਫਕੀਰ ਹਾਂ, ਫਿਰ ਇਹ ਬਹੁ ਸ਼ਕਤੀ ਵਾਲੀਆਂ ਕਹਾਣੀਆਂ ਸਾਨੂੰ ਨਹੀਂ ਆਉਂਦੀਆਂ।" ਬਾਬਾ ਬੀਰ ਸਿੰਘ ਜੀ ਨੇ ਅਤੀ ਨੀਵੇਂ ਹੋ ਕੇ ਕਿਹਾ, "ਤੁਹਾਡੇ ਇਕ ਘੜੀ ਦਰਸ਼ਨ ਕਰਕੇ ਹੀ ਉਹ ਬਰਕਤ ਮਿਲੀ ਹੈ, ਵਰਨਾਂ ਹੋਰ ਵੀ ਮੇਰੇ ਵਾਂਗ ਅਰਦਾਸਾਂ ਕਰਨ ਵਾਲੇ ਭਾਈ ਉਥੇ ਬਹੁਤ ਸਨ, ਮੈਂ ਤੇ ਉਸ ਫਕੀਰ ਦਾ ਬਚਨ ਨਾ ਟਾਲ ਸਕਿਆ ਤੇ ਉਸੇ ਹੀ ਆਸ਼ੇ ਅਨੁਸਾਰ ਮੈਂ ਇਹ ਅਰਦਾਸ ਕੀਤੀ ਸੀ ਕਿ "ਹੇ ਸਿਰਜਣਹਾਰ, ਹੇ ਦੀਨਾਨਾਥ ਭਗਤ ਵਛਲ ਪ੍ਰਮ ਪਿਤਾ, ਤੇਰਾ ਇਹ ਸੰਸਾਰ ਅੱਜ ਭੁੱਖ ਦੇ ਦੁੱਖ ਨਾਲ ਵਿਲਕਦਾ ਪਿਆ ਹੈ, ਮੈਂ ਵੀ ਇਕ ਬੇ-ਸਹਾਰਾ ਤੇ ਸ਼ਕਤੀਹੀਣ ਮਨੁੱਖ ਹਾਂ। ਜੇਕਰ ਸਮਰੱਥਾ ਬਖਸ਼ੋ ਤਦ ਮੈਂ ਇਤਨਾ ਬੜਾ ਲੰਗਰ ਲਗਾਵਾਂ ਕਿ ਖਾਣ ਵਾਲੇ ਥੱਕ ਜਾਣ ਪਰ ਮੇਰਾ ਭੰਡਾਰ ਨਾ ਮੁੱਕੇ। ਪਰ ਜੇਕਰ ਇਹ ਸਮਰੱਥਾ ਅਜੇ ਨਹੀਂ ਬਖਸ਼ ਸਕਦਾ ਤਦ ਇਨ੍ਹਾਂ ਦੀ ਬਾਹੁੜੀ ਕਰੋ। ਖਸਮਾਨਾ ਕਰੋ ਤੇ ਮੇਹਰਾਂ ਦੇ ਘਰ ਆ ਕੇ ਬਰਸੋ। ਕ੍ਰਿਪਾਧਾਰ ਫਿਰ ਸੰਸਾਰ ਸੁਖੀ, ਸਾਊ, ਸੁਖਾਵਾਂ ਤੇ ਸੁਚੱਜਾ ਹੋਵੇ ਤਾਂ ਹੀ ਅਸੀਂ ਵੀ ਸੋਚ ਤੋਂ ਬਾਹਰ ਹੋ ਕੇ ਤੇਰੀ ਭਗਤੀ ਵਿਚ ਲੱਗ ਸਕਦੇ ਹਾਂ। ਕਿਸਾਨ ਜੋ ਮੇਰੇ ਦੇਸ਼ ਦੀ ਰੀੜ੍ਹ ਦੀ ਹੱਡੀ ਹੈ ਉਹ ਰਾਜਨ ਹੋ ਕੇ ਹੋਰਨਾਂ ਨੂੰ ਖਾਣ ਨੂੰ ਦਿੰਦਾ ਹੈ, ਪਰ ਅੱਜ ਤਾਂ ਇਹ

ਆਪ ਹੀ ਦੁਖੀ ਹੈ ਫਿਰ ਹੋਰ ਕੌਮ ਨੂੰ ਕਿੱਥੋਂ ਪਾਲੇਗਾ? ਜੋ ਲੋਕਾਂ ਦਾ ਸਹਾਰਾ ਬਣੇ, ਗਰੀਬ ਨਿਵਾਜ ਇਹ ਕਰਨ ਸਮੇਂ ਤੇ ਫਿਰ ਇਸ ਮਹਾਨ ਸਮੇਂ ਮੈਂ ਇਹ ਅਨੁਭਵ ਕੀਤਾ ਸੀ ਕਿ ਆਪ ਉਥੇ ਹੀ ਹਾਜ਼ਰ ਸੀ। ਫਿਰ ਮੇਹਰ ਦੀ ਧਾਰ ਉਹ ਲੋਕਾਂ ਪਰ ਤਰਸ ਤੇ ਸੰਸਾਰ ਦੇ ਦੁਖ ਹਰਨ ਆਪ ਕਰਦੇ ਹੋ। ਪਰ ਸਿਰਫ ਇਹ ਵਡਿਆਈ ਹੀ ਸਾਨੂੰ ਦੇਣੀ ਸੀ। ਸੋ ਮੈਂ ਇਹ ਅਨੁਭਵ ਕਰਦਾ ਹਾਂ ਕਿ ਮੈਂ ਆਪ ਜੀ ਰਾਹੀਂ ਮਿਲੀ ਸ਼ਕਤੀ ਨੂੰ ਗਲਤ ਵਰਤ ਕੇ ਅਵੱਗਿਆ ਕੀਤੀ ਹੈ, ਤਦ ਮੈਂ ਖਿਮਾ ਮੰਗਦਾ ਹਾਂ। ਇਹ ਮੈਂ ਕੋਈ ਵੀ ਗੱਲ ਸ਼ਕਤੀ ਦਿਖਾਣ ਹਿਤ ਨਹੀਂ ਸਗੋਂ ਘਰ ਵਾਲਿਆਂ ਦੀ ਮਨਸ਼ਾ ਪੂਰੀ ਕਰਨ ਲਈ ਹੀ ਕੀਤੀ ਸੀ ਉਹ ਪਾਣੀ ਚਾਹੁੰਦੇ ਸਨ ਉਨ੍ਹਾਂ ਬਾਬੇ ਦੀ ਟਿੰਡ ਨਾਲ ਮਖੌਲ ਕੀਤਾ ਸੀ। ਪਰ ਉਸ ਟਿੰਡ ਭਰ ਕੇ ਡੋਹਲਣ ਨਾਲ ਪੁਰੇ ਦੀ ਐਸੀ ਹਵਾ ਚਲੀ ਤੇ ਫਿਰ ਪਛੌਂ ਵਲੋਂ ਐਸੀ ਘਟਾ ਉਠੀ ਕਿ ਚੌਹੀਂ ਪਾਸੀਂ ਜਲ ਥਲ ਹੋ ਗਿਆ। ਬਾਬਾ ਜੀ ਮੈਂ ਤਾਂ ਸਿਧ ਪਧਰਾ ਜੱਟ ਪੁੱਤਰ ਤੇ ਫਿਰ ਫੌਜੀ ਸਿਪਾਹੀ ਹਾਂ ਮੈਨੂੰ ਵਿੰਗ ਵਲ ਤਾਂ ਆਉਂਦੇ ਨਹੀਂ। ਸੋ ਤੁਸੀਂ ਮਹਾਤਮਾ ਲੋਕ ਕੀ ਕੌਤਕ ਵਰਤਾਂਦੇ ਹੋ, ਇਹ ਮੇਰੀ ਸਮਝ ਤੋਂ ਬਾਹਰ ਹੈ। ਇਹ ਕਹਿ ਕੇ ਉਨ੍ਹਾਂ ਨੀਵੀਂ ਪਾ ਲਈ। ਬਾਬਾ ਭਾਗ ਸਿੰਘ ਜੀ ਨੇ ਸਿਰ ਪਰ ਮੇਹਰ ਭਰਿਆ ਹੱਥ ਰੱਖ ਕੇ ਕਿਹਾ, ਇਸ ਛੋਟੀ ਜਿਹੀ ਗੱਲ ਨੇ ਇੱਕ ਬਹੁਤ ਵੱਡਾ ਭੇਦ ਖੋਹਲ ਦਿਤਾ ਹੈ, ਉਹ ਟਿੰਡ ਜੋ ਮੇਰੇ ਪ੍ਰਭੂ ਨੇ ਤੇਰੀ ਸਪੁਰਦਦਾਰੀ ਵਿਚ ਕੀਤੀ ਹੈ ਉਹ ਅਤੁੱਟ ਭੰਡਾਰ ਹੈ। ਉਹ ਨਾ ਕਦੇ ਵੀ ਮੁੱਕੇਗੀ ਤੇ ਨਾ ਹੀ ਥੁੜੇਗੀ ਹੀ। ਜਾਹ ਰੱਜ ਰੱਜ ਕੇ ਹੋਰਨਾਂ ਦੀਆਂ ਭੁੱਖਾਂ ਮਿਟਾ। ਤੇਰੇ ਲੰਗਰ ਅੰਦਰ ਰੋਟੀ ਖਾਣ ਵਾਲਿਆਂ ਦੀ ਕੋਈ ਗਿਣਤੀ ਤੇ ਹਿਸਾਬ ਨਹੀਂ ਲਗਾ ਸਕੇਗਾ। ਤੇਰੇ ਜ਼ੁਮੇਂ ਹੋਰ ਕੋਈ ਹਿਸਾਬ ਬਾਕੀ ਨਹੀਂ ਹੈ। ਪਿਤਾ ਦਾ ਕਰ ਮਾਂ ਨੇ ਇਹ ਕਹਿ ਕੇ ਉਤਾਰ ਦਿਤਾ ਹੈ ਕਿ ਉਸਨੂੰ ਤੇਰੀ ਲੋੜ ਨਹੀਂ ਹੈ। ਹੈ ਵੀ ਸੱਚ। ਤੇਰੀ ਲੋੜ ਉਸ ਇਕ ਨੂੰ ਨਹੀਂ, ਹਜ਼ਾਰਾਂ ਮਾਸੂਮ ਮਾਵਾਂ ਤੇ ਬੇਸਹਾਰਾ ਲੋਕਾਂ ਨੂੰ ਲੋੜ ਹੈ, ਜੋ ਤੇਰੀ ਛਾਂ ਹੇਠ ਵਸਣਗੇ। ਗੁਰੂ ਦਾ ਕਰ ਵੀ ਤੂੰ ਉਤਾਰ ਦਿਤਾ ਤੇ ਜਦੋਂ ਆਪਾ ਵਾਰ ਕੇ ਸੇਵਾ ਵਿਚ ਲੱਗ ਗਿਆ ਹੈਂ ਤੇ ਤੇਰੀ ਆਪਣੀ ਕੋਈ ਵੀ ਖਾਹਸ਼ ਨਹੀਂ ਹੈ। ਗੁਰਦੇਵ ਕੇਵਲ ਆਤਮਾ ਸੁਧੀ ਤੇ ਸਤਿ ਸਰੂਪ ਦਾ ਚਿੰਤਕ, ਸਤਿ ਵਿਹਾਰ ਤੇ ਸਤਿ ਆਚਾਰ ਮੰਗਦੇ ਹਨ। ਸੋ ਜਾਹ ਇਹ ਸਾਰੇ ਹੀ ਗੁਣ ਤੇਰੇ ਅੰਦਰ ਭਰਪੂਰ ਦਿਸਣਗੇ, ਤੇਰੀ ਮਾਰੀ ਸੰਸਾਰ ਖਾਏਗਾ। ਠੀਕ ਹੈ ਉਹ ਘੁਮਾਰ ਫਕੀਰ ਨੇ ਤੇਰੀ ਅਸਲੀਅਤ ਲੋਕਾਂ ਪਰ ਖੋਹਲਣੀ ਚਾਹੀ ਸੀ। ਪਰ ਅਕਲਾਂ ਬਾਝੋਂ ਖੂਹ ਖਾਲੀ। ਉਹਨਾਂ ਉਲਟਾ ਤੈਨੂੰ ਘਰੋਂ ਹੀ ਕੱਢ ਕੇ ਆਪਣੀਆਂ ਹੀ ਬਰਕਤਾਂ ਨੂੰ ਘਰੋਂ ਧੱਕਾ ਦੇ ਦਿਤਾ ਹੈ। ਉਹ ਇਹ ਸਮਝਦੇ ਹੋਣਗੇ ਕਿ ਇਹ ਫੌਜੀ ਸਾਡੇ ਕੰਮ ਜੋਗ ਹੈ ਨਹੀਂ, ਫਿਰ ਵਿਹਲੀਆਂ ਟਿੱਕੀਆਂ ਭੰਨਦਾ ਹੈ, ਹੋਰ ਇਸ ਤੋਂ ਕਿਸੇ ਆਮਦਨ ਦੀ ਆਸ ਨਹੀਂ, ਫਿਰ ਇਸ ਤੋਂ ਖਲਾਸੀ ਹਾਸਲ ਕਰੋ। ਭਾਈ ਸਾਡੇ ਪੂਰਨ ਗੁਰਦੇਵ ਨੇ ਗਰੀਬਾਂ ਨੂੰ ਰੋਟੀ ਖਵਾਣ ਪਿਛੇ ਮਾਰ ਖਾਧੀ ਸੀ, ਫਿਰ ਜੇਕਰ ਲੋੜਵੰਦ ਸੰਗ ਹਿਤ ਲਕੜਾਂ ਦੇ ਕੇ ਤੂੰ ਘਰੋਂ ਕੱਢਿਆ ਗਿਆ ਹੈਂ ਤਦ ਇਹ ਕੋਈ ਅਲੋਕਾਰ ਤੇ ਨਹੀਂ ਹੋਇਆ, ਸੱਚ ਤਾਂ ਇਹ ਹੈ ਕਿ ਜੇਕਰ ਉਹ ਨਾ ਕੱਢਦੇ ਤਦ ਵੀ ਤੂੰ ਆਹ ਹੀ ਛਿੜਦੀ ਹੋਈ ਡਾਰ ਵਿਚ ਆ ਮਿਲਣਾ ਸੀ। ਕੋਇਲਾਂ ਦੇ ਬੱਚੇ ਕਾਵਾਂ ਦੇ ਘਰ ਪਲਦੇ ਹਨ ਪਰ ਉਹ ਆਪਣੀ ਕੁਲ ਦੀ ਆਵਾਜ਼ ਪਛਾਣ ਕੇ ਉਨ੍ਹਾਂ ਨਾਲ ਹੀ ਜਾ ਰਲਦੇ ਹਨ। ਤੇਰਾ ਇਹ ਜੀਵਨ ਤਾਂ ਸੰਗਤ ਤੇ ਗਰੀਬ ਨਿਵਾਜ ਸਤਿਗੁਰਾਂ ਦੇ ਮਿਸ਼ਨ ਨੂੰ ਪ੍ਰਵਾਨ ਚੜ੍ਹਾਨ ਹਿਤ ਹੈ, ਫਿਰ ਘਰ ਕਿਵੇਂ ਬੈਠਾ ਰਹਿ ਸਕਦਾ ਸੀ।

ਉਪਰ ਆਇਆ ਹੈ ਕਿ ਬਾਬਾ ਭਾਗ ਸਿੰਘ ਜੀ ਦਾ ਜੀਵਨ ਸੰਜਮੀ ਇਕਾਂਤਵਾਸੀ ਤੇ ਮਹਾਨ ਵਿਰਕਤ ਜੀਵਨ ਸੀ। ਉਨ੍ਹਾਂ ਦਾ ਅਸੂਲ ਸੀ ਮੰਗਣ ਜਾਣਾ ਨਹੀਂ ਆਇਆ ਹੋਇਆ ਬਚਾ ਕੇ ਰੱਖਣਾ ਨਹੀਂ, ਲਗਦੀ ਵਾਹ ਗੀਤਾ ਫੈਲਣ ਨਹੀਂ ਦੇਣੀ, ਪਰ ਬਾਬਾ ਬੀਰ ਸਿੰਘ ਜੀ ਦੇ ਆਉਣ ਕਰਕੇ ਬਾਹਰੋਂ ਸੰਗਤਾਂ ਬਹੁਤ ਆਉਂਦੀਆਂ ਸਨ ਡੇਰਾ ਹਰ ਸਮੇਂ ਭਰਿਆ ਰਹਿਣ ਲੱਗਾ। ਇਕ ਦਿਨ ਬਾਬਾ ਭਾਗ ਸਿੰਘ ਜੀ ਨੇ ਕਿਹਾ, ਭਾਈ ਇਹ ਭੀੜਾਂ ਦੇ ਭੰਡਾਰ ਜੋ ਤੇਰੇ ਨਾਲ ਹੀ ਬਣ ਗਏ ਹਨ ਇਹਨਾਂ ਨੂੰ ਹੋਰ ਜਗ੍ਹਾ ਤੇ ਰੱਖ, ਇਹ ਸਾਡੇ ਵਿਰਕਤ ਜੀਵਨ ਵਿਚ ਤੂਫਾਨ ਨਾ ਲਿਆਉਣ ਤੁਹਾਡੇ ਤਾਂ ਘੋੜਿਆਂ ਦੇ ਤਬੇਲੇ ਹੀ ਗਿਣੇ ਨਾ ਜਾਣਗੇ। ਤੁਹਾਡੀਆਂ ਲੋਹਾਂ ਹਰ ਸਮੇਂ ਹੀ ਚਲਦੀਆਂ ਰਿਹਾ ਕਰਨਗੀਆਂ। ਤੇਰੇ ਮਗਰ ਫੌਜਾਂ ਦੀ ਚੜ੍ਹਾਈ ਹੋਇਆ ਕਰੇਗੀ। ਫਿਰ ਹੱਸ ਪਏ ਤੇ ਫੁਰਮਾਇਆ, ਚਲੋ ਉਹ ਵੀ ਤਕਿਆ ਜਾਸੀ। ਹੁਣ ਇਹ ਸਾਡੀ ਪੈੜ ਛੁਡਾ, ਅਸੀਂ ਤਾਂ ਚੌਹੀਂ ਪਾਸੀਂ ਸਾਂਤਵਿਕ ਵਾਤਾਵਰਣ ਹੀ ਤੱਕਣ ਦੀ ਚਾਹਨਾ ਰਖਦੇ ਹਾਂ। ਵਾਹਿਗੁਰੂ ਦੀ ਮੇਹਰ ਸਦਕੇ ਸਾਡੀ ਇਸੇ ਤਰ੍ਹਾਂ ਨਿਭ ਭੀ ਜਾਏਗੀ, ਜਦੋਂ ਰਾਜਿਆਂ ਦੀਆਂ ਫੌਜਾਂ ਦੀ ਰੋਟੀ ਹੋਵੇ ਤਦ ਅਸੀਂ ਕਰੀਏ ਹੀ ਨਾ, ਪਰ ਇਹ ਤੇਰੀ ਹੀ ਮਹਾਨ ਹਸਤੀ ਹੈ ਜੋ ਇਸ ਸਾਰੇ ਹੀ ਵੱਡੇ ਅਡੰਬਰ ਨੂੰ ਸਾਂਭ ਲਵੇਗੀ। ਅੱਖਾਂ ਮੀਟ ਕੇ ਖਲੋਤੇ ਰਹੇ ਫਿਰ ਬਾਬਾ ਬੀਰ ਸਿੰਘ ਜੀ ਦੇ ਸਿਰ ਪਰ ਹੱਥ ਧਰਕੇ ਕਿਹਾ, ਵਾਹ! ਬੀਰ ਸਿੰਘ ਤੂੰ ਧੰਨ ਹੈਂ, ਜਿਸਦੇ ਲੰਗਰ ਅੰਦਰ ਉਸ ਦੇ ਜ਼ਾਲਮ ਕਾਤਲ ਤੇ ਵੈਰੀ ਵੀ ਉਸੇ ਤਰ੍ਹਾਂ ਤ੍ਰਿਪਤ ਹੋ ਕੇ ਪ੍ਰਸ਼ਾਦਿ ਛਕਦੇ ਹਨ ਜਿਵੇਂ ਸਿੱਖ ਸੇਵਕ ਤੇ ਗੁਰੂ ਦੇ ਪਿਆਰੇ ਸਿੰਘ।

ਲੈ ਬਈ ਸੱਜਣਾ ਜਾਹ ਤੈਨੂੰ ਵੱਡੇ ਸਾਹਿਬਾ ਪਾਸੋਂ ਥਾਪੜਾ ਦਵਾ ਦੇਈਏ, ਫਿਰ ਤੇਰੀਆਂ ਵਾਗਾਂ ਖੁਲ੍ਹੀਆਂ ਹਨ, ਜਿੱਧਰ ਮਰਜ਼ੀ ਆਵੇ, ਉਸ ਤੋਂ ਪੂਜਾ ਕਰਵਾ ਤੇ ਆਕੜ ਖਾਨਾਂ ਨੂੰ ਪੈਰੀਂ ਪਵਾ। ਇਹ ਫੌਜਾਂ ਤੇ ਰੋਜ਼ ਦਾ ਖੱਪ ਖਾਨਾ ਇਹ ਸਾਡੇ ਵਸ ਦਾ ਰੋਗ ਨਹੀਂ। ਵੱਡੇ ਘਰਾਂ ਦੀਆਂ ਵੱਡੀਆਂ ਮਿਰਚਾਂ ਦੀ ਕਹਾਵਤ ਐਵੇਂ ਹੀ ਮਸ਼ਹੂਰ ਨਹੀਂ, ਅਸਲ ਵਿਚ ਵੱਧ ਮਿਰਚਾਂ ਹੀ ਵੱਡੇ ਲੰਗਰ ਦੀ ਸੋਭਾ ਤੇ ਮਾਨ ਦਾ ਕਾਰਨ ਹਨ, ਅਸੀਂ ਚਾਹੁੰਦੇ ਹਾਂ ਕਿ ਇਹ ਤੇਰੀਆਂ ਵੱਡੀਆਂ-ਵੱਡੀਆਂ ਸ਼ਕਤੀਆਂ ਤੇ ਪੂਜਾ ਪ੍ਰਤਿਸ਼ਟਾ ਸਾਡੇ ਸਾਹਵੇਂ ਹੀ ਹੋਵੇ ਤਾਂ ਕਿ ਅਸੀਂ ਤੱਕੀਏ ਕਿ ਸਾਡਾ ਤੇ ਸਾਡਿਆਂ ਵੱਡਿਆਂ ਦਾ ਵਰਦਾਨ ਕਿਵੇਂ ਤੇ ਕਿੰਨਾਂ ਕੁਝ ਪੂਰਾ ਹੁੰਦਾ ਹੈ।

*(ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)*

**********

# ਬਾਲਮ ਸਾਖੀਆਂ ਗੁਰੂ ਨਾਨਕ ਦੇਵ ਜੀ

**(ਬੱਚਿਆਂ ਲਈ ਵਿਸ਼ੇਸ਼)**

*ਡਾ. ਭਾਈ ਵੀਰ ਸਿੰਘ ਜੀ*

## ਜਦੋਂ ਕਰਤਾਰਪੁਰ ਰਾਵੀ ਨਗਰ ਵਸਾਇਆ

ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਤੋਂ ਪਿਛੋਂ ਆਪਣੇ ਨਗਰ, ਰਾਏ ਭੋਇੰ ਦੀ ਤਲਵੰਡੀ, ਨਨਕਾਣਾ ਸਾਹਿਬ ਆ ਗਏ। ਕੁਝ ਦਿਨ ਘਰ ਰਹਿ ਕੇ ਫਿਰ ਘਰ ਤੋਂ ਚੱਲ ਪਏ। ਆਪ ਨੇ ਲਾਹੌਰ ਤੋਂ 20-22 ਮੀਲ ਦੂਰ ਦਰਿਆ ਰਾਵੀ ਦੇ ਕੰਢੇ-ਕੰਢੇ ਤੁਰਦੇ ਇਕ ਬਹੁਤ ਹੀ ਸੁੰਦਰ ਤੇ ਹਰਿਆਵਲ ਭਰੀ ਥਾਂ ਤੇ ਇਕ ਰੁਖ ਹੇਠ ਡੇਰਾ ਲਾ ਲਿਆ। ਉਥੇ ਹੀ ਬੈਠੇ ਸਵੇਰੇ ਸ਼ਾਮ ਕੀਰਤਨ ਕਰਦੇ ਰਹਿੰਦੇ। ਇਕ ਜੱਟੀ ਦੋ ਤਿੰਨ ਦਿਨ ਲਗਾਤਾਰ ਖੇਤਾਂ ਵਿਚ ਪਤੀ ਨੂੰ ਰੋਟੀ ਦੇਣ ਜਾਂਦੀ ਅਤੇ ਵਾਪਸੀ ਤੇ ਕੋਲੋਂ ਲੰਘਦੀ ਕੀਰਤਨ ਸੁਣਦੀ ਰਹੀ। ਉਹਨੂੰ ਕੀਰਤਨ ਨੇ ਧੂਹ ਪਾਈ ਤੇ ਉਹਨੇ ਆ ਕੇ ਨਮਸਕਾਰ ਕਰਕੇ ਪੁਛਿਆ ਕਿ ਤੁਸੀਂ ਤਿੰਨ ਦਿਨਾਂ ਤੋਂ ਕੁਝ ਖਾਧਾ ਨਹੀਂ, ਕਿਧਰੇ ਗਏ ਨਹੀਂ, ਅੱਗ ਨਹੀਂ ਬਾਲੀ, ਤੁਸੀਂ ਕੌਣ ਹੋ? ਗੁਰੂ ਜੀ ਨੇ ਉਤਰ ਦਿਤਾ ਕਿ ਅਸੀਂ ਵੀ ਤੁਹਾਡੇ ਵਾਂਗ ਮਨੁੱਖ ਹਾਂ। ਭੁੱਖ ਵੀ ਲਗਦੀ ਹੈ ਪਰ ਨਾਮ ਤੇ ਕੀਰਤਨ ਦਾ ਅਧਾਰ ਹੈ। ਜਦ ਖਾਣ ਨੂੰ ਕੁਝ ਮਿਲਿਆ ਤਾਂ ਖਾ ਲਵਾਂਗੇ। ਉਹ ਘਰ ਗਈ। ਦੁੱਧ, ਦਹੀਂ, ਲੱਸੀ ਤੇ ਰੋਟੀ ਤਿਆਰ ਕਰਕੇ ਲੈ ਆਈ ਤੇ ਖੁਆ ਦਿਤੀ।

ਉਸ ਦੀ ਸੇਵਾ ਪ੍ਰਵਾਨ ਹੋਣ ਨਾਲ ਉਹਨੂੰ ਮਨ ਵਿਚ ਖੁਸ਼ੀ ਹੋਈ। ਸੰਤੁਸ਼ਟਤਾ ਮਹਿਸੂਸ ਹੋਈ ਤੇ ਉਹ ਕੀਰਤਨ ਸੁਣ ਕੇ ਪ੍ਰਭੂ ਪ੍ਰੇਮ ਵਿਚ ਜੁੜਨ ਲੱਗੀ। ਅਖੀਰ ਉਹਦਾ ਪਤੀ ਵੀ ਇਕ ਦਿਨ ਆਇਆ ਤੇ ਸੱਚੇ ਦਿਲ ਨਾਲ ਗੁਰੂ ਜੀ ਦੀ ਸ਼ਰਨ ਆਉਣ ਤੇ ਗੁਰੂ ਜੀ ਨੇ ਅਸੀਸ ਦਿਤੀ ਕਿ ਤੁਹਾਨੂੰ ਦੁੱਧ ਪੁੱਤ ਦੀ ਥੁੜ ਹੁਣ ਨਹੀਂ ਰਹੇਗੀ। ਇਹ ਅਸੀਸ ਰੰਗ ਲਿਆਈ। ਇਉਂ ਆਸ ਪਾਸ ਦੇ ਪਿੰਡਾਂ ਵਿਚ ਵੀ ਧੁੰਮ ਪੈ ਗਈ ਤੇ ਲੋਕ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਤੇ ਆਪਣੇ ਮਨ ਦੇ ਸ਼ੰਕੇ ਨਵਿਰਤ ਕਰਨ ਲਈ ਆਉਣ ਲਗ ਪਏ। ਪਤੀ ਪਤਨੀ ਦੋਦੋ ਤੇ ਦੋਦਾ ਨੇ ਇਕ ਦਿਨ ਬੇਨਤੀ ਕੀਤੀ ਕਿ ਤੁਸੀਂ ਧੁੱਪ, ਠੰਢ ਤੇ ਮੀਂਹ, ਸਭ ਹਾਲਤਾਂ ਵਿਚ ਰੁੱਖ ਹੇਠ ਹੀ ਰਹਿੰਦੇ ਹੋ, ਅਸੀਂ ਇਥੇ ਛੱਪਰ ਪਾ ਦੇਣੇ ਚਾਹੁੰਦੇ ਹਾਂ। ਆਗਿਆ ਲੈ ਕੇ ਉਨ੍ਹਾਂ ਨੇ ਗੁਰੂ ਸਾਹਿਬ ਤੇ ਸੰਗਤਾਂ ਦੇ ਠਹਿਰਨ ਲਈ ਛੱਪਰ ਪਾ ਦਿਤੇ।

ਇਲਾਕੇ ਦੇ ਪੰਡਤ, ਮੌਲਵੀ ਤੇ ਜੋਗੀ ਦੁਖੀ ਹੋ ਗਏ ਕਿ ਲੋਕ ਉਨ੍ਹਾਂ ਪਾਸ ਆਉਣ ਦੀ ਥਾਂ ਗੁਰੂ ਨਾਨਕ ਦੇਵ ਜੀ ਪਾਸ ਜਾਂਦੇ ਹਨ। ਉਨ੍ਹਾਂ ਇਲਾਕੇ ਦੇ ਹਾਕਮ ਕਰੋੜੀ ਚੰਦ ਨੂੰ ਜਾ ਕੇ ਚੁਗਲੀ ਕੀਤੀ ਕਿ ਗੁਰੂ ਨਾਨਕ ਸਾਡੇ ਧਰਮ ਦਾ ਵਿਰੋਧ ਕਰਦਾ ਹੈ। ਨਾਲੇ ਉਸ ਨੇ ਛੱਪਰ ਪਾ ਕੇ ਤੁਹਾਡੀ ਜ਼ਮੀਨ ਮੱਲ ਲਈ ਹੈ। ਕੰਨਾਂ ਦਾ ਕੱਚਾ ਕਰੋੜੀ ਚੰਦ ਕਰੋਧਵਾਨ ਹੋ ਕੇ ਗੁਰੂ ਜੀ ਵਲ ਤੁਰਿਆ ਤਾਂ ਰਾਹ ਵਿਚ ਘੋੜੇ ਤੋਂ ਡਿੱਗ ਕੇ ਜ਼ਖਮੀ ਹੋ ਗਿਆ ਤੇ ਵਾਪਸ ਮੁੜ ਗਿਆ। ਕੁਝ ਸਮੇਂ ਪਿਛੋਂ ਮੁੜ ਚਲਿਆ ਤਾਂ ਗੁਰੂ ਜੀ ਦੇ ਨੇੜੇ ਆ ਕੇ ਉਹਨੂੰ ਦਿਸਣੋਂ ਹਟ ਗਿਆ। ਅੱਖਾਂ ਅੱਗੇ ਹਨ੍ਹੇਰਾ ਆ ਗਿਆ। ਉਹ ਪਿੱਛੇ ਮੁੜੇ ਤਾਂ ਠੀਕ ਦਿਸਣ ਲਗ ਪਵੇ। ਗੁਰੂ ਜੀ ਵਲ ਤੁਰੇ ਤਾਂ ਮੁੜ ਅੱਖਾਂ ਅੱਗੇ ਹਨ੍ਹੇਰਾ ਆ ਜਾਏ।

ਦੋਦੋ ਤੇ ਦੋਦਾ, ਪਤੀ ਪਤਨੀ ਨੇ ਜਾ ਕੇ ਕਰੋੜੀ ਚੰਦ ਨੂੰ ਸਮਝਾਇਆ ਕਿ ਗੁਰੂ ਨਾਨਕ ਧੁਰੋਂ ਵਰੋਸਾਇ ਹੋਏ ਹਨ। ਉਨ੍ਹਾਂ ਵਲ ਮਾੜੀ ਨੀਅਤ ਨਾਲ ਜਾਣ ਦੀ ਇਹ ਸਜ਼ਾ ਹੈ। ਉਹਨੂੰ ਸਮਝ ਆ ਗਈ। ਉਹ ਠੀਕ ਨੀਅਤ ਨਾਲ ਆਇਆ, ਕੀਰਤਨ ਸੁਣਿਆ ਤੇ ਮੁੜ ਬਚਨ ਸੁਣ ਕੇ ਨਿਹਾਲ ਹੋ ਗਿਆ। ਉਹ ਸਿੱਖ ਬਣ ਗਿਆ। ਕਰੋੜੀ ਚੰਦ ਨੇ ਇਹ ਸਾਰੀ ਜ਼ਮੀਨ ਹੀ ਗੁਰੂ ਜੀ ਦੇ ਸਪੁਰਦ ਕਰ ਦਿਤੀ। ਪੱਕੀ ਧਰਮਸਾਲਾ ਬਣਵਾਈ ਤੇ ਲੰਗਰ ਆਦਿ ਲਈ ਇਮਾਰਤਾਂ ਬਣਵਾ ਦਿਤੀਆਂ।

ਇਸ ਤਰ੍ਹਾਂ ਕਰੋੜੀ ਚੰਦ ਦੀ ਭੇਟ ਕੀਤੀ ਜ਼ਮੀਨ ਤੇ ਕਰਤਾਰਪੁਰ ਨਗਰ ਵਸ ਗਿਆ।

ਇਥੇ ਨਵੇਂ ਆਬਾਦ ਹੋਏ ਨਗਰ ਦਾ ਨਾਮ ਗੁਰੂ ਨਾਨਕ ਦੇਵ ਜੀ ਨੇ ਆਪ ਕਰਤਾਰਪੁਰ ਰਖਿਆ। ਫਿਰ ਤਲਵੰਡੀ ਤੋਂ ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਵੀ ਇਥੇ ਹੀ ਆ ਕੇ ਰਹਿਣ ਲਗ ਪਏ। ਬਟਾਲੇ ਤੋਂ ਗੁਰੂ ਜੀ ਦੀ ਧਰਮ ਪਤਨੀ ਤੇ ਦੋਵੇਂ ਸਪੁੱਤਰ ਵੀ ਉਥੇ ਹੀ ਆ ਗਏ।

ਅੰਮ੍ਰਿਤ ਵੇਲੇ ਜਪੁਜੀ ਸਾਹਿਬ ਦਾ ਪਾਠ ਤੇ ਆਸਾ ਦੀ ਵਾਰ ਦਾ ਕੀਰਤਨ, ਸ਼ਾਮ ਨੂੰ ਦਿਨ ਡੁਬਦਿਆਂ ਸੋਦਰ ਦੀ ਚੌਕੀ ਤੇ ਆਰਤੀ ਦੀ ਰਹੁਰੀਤੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਰਹਿੰਦਿਆਂ ਹੀ ਪ੍ਰਚਲਤ ਕੀਤੀ। ਖੁੱਲ੍ਹੇ ਲੰਗਰ ਦੀ ਪ੍ਰਥਾ ਵੀ ਇਥੋਂ ਹੀ ਸ਼ੁਰੂ ਹੋਈ।

## ਭਾਈ ਬੁੜਾ ਦਾ ਮਿਲਾਪ

ਕਰਤਾਰਪੁਰ ਵਿਚ ਗੁਰੂ ਸਾਹਿਬ ਆਬਾਦੀ ਤੋਂ ਕੁਝ ਦੂਰ ਉਜਾੜ ਵਿਚ ਇਕ ਰੁਖ ਹੇਠ ਬੈਠੇ ਕੀਰਤਨ ਕਰ ਰਹੇ ਸਨ ਕਿ ਇਕ ਬਾਲਕ ਮੱਝਾਂ, ਗਊਆਂ ਚਾਰਦਾ ਉਸ ਪਾਸੇ ਆ ਨਿਕਲਿਆ। ਉਹਨੇ ਕੀਰਤਨ ਸੁਣਿਆ ਤੇ ਦਿਲ ਨੂੰ ਚੰਗਾ ਲੱਗਾ। ਉਹ ਮੱਝਾਂ ਗਊਆਂ ਛੱਡ ਕੇ ਨੇੜੇ ਹੋ ਕੇ ਕੀਰਤਨ ਸੁਣਨ ਲੱਗਾ। ਇਸ ਤਰ੍ਹਾਂ ਦਿਨ ਵਿਚ ਕਈ ਵਾਰ ਹੋਈਆਂ। ਬਾਲਕ ਨੇ ਰੱਬ ਦਾ ਰੂਪ, ਮਹਾਂਪੁਰਸ਼ ਜਾਣ ਕੇ ਸੇਵਾ ਕਰਨ ਦਾ ਵਿਚਾਰ ਬਣਾਇਆ। ਕੁਝ ਦੂਰ ਇਕ ਖੂਹ ਸੀ ਉਸ ਵਿਚ ਮਿੱਟੀ ਦੀਆਂ ਟਿੰਡਾਂ ਪਾਣੀ ਕੱਢਣ ਲਈ ਬੱਧੀਆਂ ਹੋਈਆਂ ਸਨ। ਬਾਲਕ ਉਥੋਂ ਦੋ ਟਿੰਡਾਂ ਖੋਲ੍ਹ ਲਿਆਇਆ। ਇਕ ਉਹਨੇ ਸੀਤਲ ਜਲ ਦੀ ਭਰ ਲਈ ਤੇ ਦੂਜੀ ਵਿਚ ਗਊ ਦਾ ਦੁੱਧ ਚੋ ਲਿਆਂਦਾ। ਦੋਵੇਂ ਟਿੰਡਾਂ ਗੁਰੂ ਜੀ ਅੱਗੇ ਰੱਖ ਤੇ ਨਮਸਕਾਰ ਕਰਕੇ ਬੈਠ ਗਿਆ।

ਗੁਰੂ ਜੀ ਦੀ ਉਹਦੇ ਤੇ ਕ੍ਰਿਪਾ ਦ੍ਰਿਸ਼ਟੀ ਹੋਈ। ਉਨ੍ਹਾਂ ਪੁੱਛਿਆ, ਬਾਲਕ ਤੇਰਾ ਨਾਮ ਕੀ ਹੈ? ਬੱਚਾ ਝੱਟ ਬੋਲ ਪਿਆ, ਜੀ ਮੇਰਾ ਨਾਮ ਬੂੜਾ ਹੈ। ਗੁਰੂ ਜੀ ਨੇ ਫਿਰ ਪੁੱਛਿਆ, ਬੂੜਿਆ ਤੂੰ ਕੀ ਚਾਹੁੰਦਾ ਏ? ਕੀ ਸੰਕਲਪ ਲੈ ਕੇ ਆਇਆ ਏਂ? ਜਦੋਂ

ਬੂੜੇ ਨੇ ਆਪਣੇ ਮਨ ਦੀ ਅਵਸਥਾ ਦਸੀ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ, ਤੂੰ ਬਾਲਕ ਬੂੜਾ ਨਹੀਂ, 'ਬੁੱਢਾ ਏਂ' ਬਸ ਉਸ ਸਮੇਂ ਤੋਂ ਬੂੜੇ ਦਾ ਨਾਮ ਬੁੱਢਾ ਪੈ ਗਿਆ।

ਇਸ ਪਹਿਲੀ ਮਿਲਣੀ ਨਾਲ ਹੀ ਬਾਲਕ ਬੁੱਢਾ ਪ੍ਰਭੂ ਦੇ ਨਾਮ ਸਿਮਰਨ ਵਿਚ ਅਜੇਹਾ ਰੰਗਿਆ ਗਿਆ ਕਿ ਮੁੜ ਗੁਰੂ ਨਾਨਕ ਦੇ ਘਰ ਨਾਲ ਉਹਦੀ ਉਮਰ ਭਰ ਲਈ ਹੀ ਨਹੀਂ, ਸਦਾ ਲਈ ਸਾਂਝ ਪੈ ਗਈ। ਉਹਨੇ ਘਰ ਜਾਣਾ ਭੁਲਾ ਦਿਤਾ ਤੇ ਗੁਰੂ ਨਾਨਕ ਦੇਵ ਜੀ ਪਾਸ ਹੀ ਕਰਤਾਰਪੁਰ ਰਹਿਣ ਲੱਗ ਪਿਆ। ਕਦੇ-ਕਦੇ ਗੁਰੂ ਜੀ ਉਹਨੂੰ ਘਰ ਜਾ ਕੇ ਮਾਤਾ ਪਿਤਾ ਤੇ ਹੋਰ ਸਬੰਧੀਆਂ ਨੂੰ ਮਿਲਣ ਦੀ ਆਪ ਆਗਿਆ ਦਿੰਦੇ ਤਾਂ ਉਹ ਘਰ ਫੇਰਾ ਪਾ ਕੇ ਮੁੜ ਆਉਂਦਾ।

ਇਹੀ ਬੁੱਢਾ (ਬੂੜਾ) ਸਿੱਖੀ ਜੀਵਨ ਤੇ ਆਦਰਸ਼ ਦੀ ਅਜੇਹੀ ਸਿਖਰ ਤੇ ਪਹੁੰਚ ਗਿਆ ਕਿ ਜਦ ਗੁਰੂ ਨਾਨਕ ਦੇਵ ਨੇ ਗੁਰਗੱਦੀ ਗੁਰੂ ਅੰਗਦ ਦੇਵ ਨੂੰ ਦਿਤੀ ਤਾਂ ਤਿਲਕ ਲਾਣ ਦੀ ਰਸਮ ਬਾਬਾ ਬੁੱਢਾ ਜੀ ਨੇ ਅਦਾ ਕੀਤੀ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਤਕ ਤਿਲਕ ਇਨ੍ਹਾਂ ਹੀ ਲਾਇਆ ਤੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਤਕ ਇਨ੍ਹਾਂ ਦੀ ਸੰਤਾਨ ਨੇ ਸੇਵਾ ਨਿਭਾਈ। ਜਦੋਂ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋਣ ਪਿੱਛੋਂ 1604 ਈਸਵੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼ ਹੋਇਆ ਤਾਂ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਹੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਨਿਯੁਕਤ ਕੀਤਾ।

## ਗੁਰੂ ਨਾਨਕ ਸਰਸਾ ਪਹੁੰਚੇ

ਗੁਰੂ ਨਾਨਕ ਦੇਵ ਨੇ ਦੂਜੀ ਉਦਾਸੀ ਸਮੇਂ ਦੱਖਣ ਵਲ ਜਾਣ ਸਮੇਂ ਪਹਿਲਾ ਪੜਾਅ ਹਿਸਾਰ ਦੇ ਇਲਾਕੇ ਵਿਚ ਸਰਸਾ ਵਿਚ ਕੀਤਾ। ਇਥੇ ਗੁਰੂ ਜੀ ਚਾਰ ਮਹੀਨੇ ਤੇ 11 ਦਿਨ ਰਹੇ। ਉਸ ਸਮੇਂ ਸਰਸਾ ਹਿੰਦੂ ਸੰਤਾਂ, ਮੁਸਮਮਾਨ ਫਕੀਰਾਂ ਤੇ ਜੋਗੀਆਂ ਦਾ ਗੜ੍ਹ ਸੀ ਤੇ ਉਹ ਲੋਕਾਂ ਨੂੰ ਜੀਵਨ ਦਾ ਅਸਲ ਰਾਹ ਸਮਝਾਣ ਦੀ ਥਾਂ ਕੁਰਾਹੇ ਪਾ ਰਹੇ ਸਨ। ਗੁਰੂ ਨਾਨਕ ਦੇਵ ਜੀ ਉਨ੍ਹਾਂ ਸੰਤਾਂ ਫਕੀਰਾਂ ਨੂੰ ਠੀਕ ਸੋਚ ਵਲ ਲਿਆਉਣ ਲਈ ਆਏ। ਇਹੋ ਖਾਸ ਮੰਤਵ ਇਥੇ ਰਹਿਣ ਦਾ ਸੀ।

ਜਦ ਜੋਗੀਆਂ ਸਿੱਧਾਂ ਤੇ ਫਕੀਰਾਂ ਨੇ ਸੁਣਿਆ ਕਿ ਗੁਰੂ ਨਾਨਕ ਆਏ ਹਨ ਤਾਂ ਉਹ ਇਕੱਠੇ ਹੋ ਕੇ ਗੁਰੂ ਜੀ ਨੂੰ ਮਿਲੇ। ਧਾਰ ਕੇ ਆਏ ਸਨ ਕਿ ਇਨ੍ਹਾਂ ਨੂੰ ਬਹਿਸ ਕਰਕੇ ਹਰਾਵਾਂਗੇ ਤੇ ਇਥੋਂ ਭਜਾ ਦਿਆਂਗੇ। ਪਰ ਗੁਰੂ ਨਾਨਕ ਦੇਵ ਜੀ ਨੇ ਲੰਮਾ ਸਮਾਂ ਲਾ ਕੇ ਉਨ੍ਹਾਂ ਸਭ ਦੇ ਭਰਮ ਭੁਲੇਖੇ ਦੂਰ ਕਰ ਦਿਤੇ। ਉਨ੍ਹਾਂ ਨਾਲ ਰਲ ਕੇ 40 ਦਿਨ ਇਕ ਦਾਣਾ ਰੋਜ਼ ਖਾ ਕੇ ਵੀ ਬਿਤਾਏ ਤੇ ਸਾਬਤ ਕੀਤਾ ਕਿ ਇਹ ਤਿਆਗ ਹਠ, ਤਪ ਸਭ ਵਿਅਰਥ ਹੈ। ਉਨ੍ਹਾਂ ਨੂੰ ਸਾਬਤ ਕਰ ਦਿਤਾ ਕਿ ਨਾਮ ਸਿਮਰਨ ਸਭ ਤੋਂ ਸ਼੍ਰੋਮਣੀ ਤਪ ਹੈ। ਨਾਮ ਅਭਿਆਸ ਵਿਚ ਹੀ ਸਾਰੇ ਸੁਖ ਹਨ।

ਜੀਆ ਦਾਨ ਦੇਣ ਵਾਲੇ ਇਸ ਅਸਥਾਨ ਤੇ ਹੁਣ ਸੁੰਦਰ ਗੁਰਦੁਆਰਾ ਹੈ।

## ਕੌਡੇ ਰਾਖਸ਼ ਨੂੰ ਜਾ ਕੇ ਤਾਰਿਆ

ਗੁਰੂ ਨਾਨਕ ਦੇਵ, ਮਰਦਾਨਾ ਤੇ ਇਕ ਸਿੱਖ ਸੀਹੋ ਸਰਸਾ ਤੋਂ ਚਲ ਕੇ ਕਾਫੀ ਸਫਰ ਪਿਛੋਂ ਧਨਾਸਰੀ ਦੇ ਉਨ੍ਹਾਂ ਜੰਗਲਾਂ ਵਿਚ ਜਾ ਪਹੁੰਚੇ ਜਿਥੇ ਆਦਮਖੋਰ, ਮਨੁੱਖ-ਖਾਣੇ ਜਾਂਗਲੀ ਵੀ ਕਿਧਰੇ-ਕਿਧਰੇ ਵਸਦੇ ਸਨ। ਇਨ੍ਹਾਂ ਵਿਚੋਂ ਕੌਡਾ ਰਾਖਸ਼ ਪ੍ਰਸਿੱਧ ਸੀ ਜੋ ਦੂਰ-ਦੂਰ ਤਕ ਜਾ ਕੇ ਕਈ ਮਨੁੱਖਾਂ ਨੂੰ ਚੁੱਕ ਲਿਜਾਂਦਾ ਤੇ ਆਪਣੇ ਟਿਕਾਣੇ ਜਾ ਕੇ ਤੇਲ ਦੇ ਤਪਦੇ ਕੜਾਹੇ ਵਿਚ ਸੁੱਟ ਕੇ ਤੇ ਤਲ ਕੇ ਖਾ ਜਾਂਦਾ। ਕਦੇ ਕੋਈ ਮਨੁੱਖ ਉਹਦੇ ਬਰੇਤੇ ਵਿਚ ਨਹੀਂ ਸੀ ਗਿਆ।

ਜਦ ਗੁਰੂ ਨਾਨਕ ਦੋ ਮਨੁੱਖਾਂ ਨਾਲ ਉਥੇ ਪਹੁੰਚੇ ਤਾਂ ਉਹਨੇ ਖੁਸ਼ ਹੋ ਕੇ ਲਲਕਾਰਾ ਮਾਰਿਆ ਤੇ ਝੀਲ ਤੋਂ ਪਾਣੀ ਲੈ ਰਹੇ ਮਰਦਾਨੇ ਨੂੰ ਫੜ ਕੇ ਕੜਾਹੇ ਵਲ ਲੈ ਤੁਰਿਆ। ਗੁਰੂ ਨਾਨਕ ਦੇਵ ਵੀ ਤੁਰੰਤ ਉਥੇ ਪਹੁੰਚੇ ਤੇ ਉਨ੍ਹਾਂ ਨੇ ਮਿਹਰ ਦ੍ਰਿਸ਼ਟੀ ਨਾਲ ਰਾਖਸ਼ ਤੇ ਉਹਦੇ ਕੜਾਹੇ ਵਲ ਦੇਖਿਆ। ਖੌਲ ਰਿਹਾ ਤੇਲ ਠੰਡਾ ਹੋ ਗਿਆ, ਕੜਾਹੇ ਹੇਠੋਂ ਅੱਗ ਬੁਝ ਗਈ। ਕੌਡਾ ਹੈਰਾਨ ਹੋ ਗਿਆ। ਜਦੋਂ ਉਹਨੇ ਗੁਰੂ ਨਾਨਕ ਦੇਵ ਵਲ ਦੇਖਿਆ ਤਾਂ ਕੌਡੇ ਨੇ ਮਰਦਾਨੇ ਨੂੰ ਛੱਡ ਦਿਤਾ ਤੇ ਗੁਰੂ ਜੀ ਦੇ ਚਰਨੀ ਡਿੱਗ ਪਿਆ। ਗੁਰੂ ਜੀ ਦੀ ਨਜ਼ਰ ਛੋਹ ਪ੍ਰਾਪਤ ਹੁੰਦੇ ਸਾਰ ਰਾਖਸ਼ ਅੰਦਰ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਗਿਆ ਤੇ ਗਿਆਨ ਦੇ ਦਰਵਾਜ਼ੇ ਖੁਲ੍ਹ ਗਏ।

ਉਹਨੇ ਪਸਚਾਤਾਪ ਕੀਤਾ। ਗੁਰੂ ਜੀ ਤੋਂ ਉਹਨੇ ਜੀਵਨ ਦਾ ਸੱਚਾ ਗਿਆਨ ਲਿਆ ਤੇ ਕਿਰਤ ਕਰਕੇ ਖਾਣ ਤੇ ਮਨੁੱਖੀ ਜੀਵਨ ਦਾ ਸਤਿਕਾਰ ਕਰਨਾ ਸਿੱਖ ਲਿਆ।

## ਮਛੰਦਰ ਨਾਥ ਨਾਲ ਗੋਸ਼ਟ

ਜਦੋਂ ਗੁਰੂ ਜੀ ਸੰਗਲਾਦੀਪ ਨੂੰ ਜਾ ਰਹੇ ਸਨ ਤਾਂ ਰਸਤੇ ਵਿਚ ਇਕ ਟਾਪੂ ਵਿਚ ਉਤਰੇ। ਉਥੇ ਗੋਰਖਨਾਥ ਜੋਗੀ ਤੇ ਉਸ ਦਾ ਗੁਰੂ ਮਛੰਦਰ ਨਾਥ ਬੈਠੇ ਸਨ। ਉਨ੍ਹਾਂ ਗੁਰੂ ਜੀ ਨੂੰ ਜੀ ਆਇਆਂ ਆਖਿਆ। ਵਿਚਾਰ ਵਟਾਂਦਰਾ ਹੋਇਆ ਤਾਂ ਮਛੰਦਰ ਨਾਥ ਨੇ ਪ੍ਰਸ਼ਨ ਕੀਤਾ - "ਹੇ ਗੁਰੂ ਨਾਨਕ! ਜੇ ਕੋਈ ਸਾਗਰ (ਸਮੁੰਦਰ) ਵਿਚ ਜੀਉਂਦਾ ਪੈ ਜਾਏ ਤਾਂ ਡੁੱਬ ਜਾਂਦਾ ਹੈ। ਜੇ ਮੁਰਦਾ ਪਵੇ ਤਾਂ ਤਰਦਾ ਰਹਿੰਦਾ ਹੈ। ਸਾਨੂੰ ਦਸੋ ਕਿ ਇਹ ਸੰਸਾਰ ਸਾਗਰ ਵਿਚੋਂ ਕਿਸ ਤਰ੍ਹਾਂ ਲੰਘੀਏ ਜਿਸ ਨਾਲ ਡੁੱਬੀਏ ਵੀ ਨਾ ਤੇ ਜੀਉਂਦੇ ਵੀ ਰਹੀਏ। ਤਾਰੂ ਸੰਸਾਰ ਸਾਗਰ ਤੋਂ ਕਿਸ ਤਰ੍ਹਾਂ ਪਾਰ ਉਤਰੇ।

ਸ੍ਰੀ ਗੁਰੂ ਜੀ ਬੋਲੇ - ਹੇ ਜੋਗੀਰਾਜ! ਜਲ ਉਤੇ ਤਰਨਾ ਸਿੱਖੋ। ਪਹਿਲਾਂ ਤਾਰੀ ਹੱਥਾਂ ਪੈਰਾਂ ਦੇ ਜ਼ੋਰ ਨਾਲ ਆਉਂਦੀ ਹੈ। ਜਦੋਂ ਮਨੁੱਖ ਤਾਰੂ ਹੋ ਜਾਏ ਤਾਂ ਮੁਰਦਾ ਤਾਰੀ ਸਿਖਦਾ ਹੈ। ਇਸ ਤਾਰੀ ਦੇ ਆਇਆਂ ਬਿਨਾਂ ਯਤਨ ਤਰਦਾ ਹੈ। ਜਿਵੇਂ ਮੁਰਦਾ ਬਿਨਾਂ ਯਤਨ ਤਰਦਾ ਹੈ ਇਸ ਤਰ੍ਹਾਂ ਤਰਨਹਾਰ ਜੀਊਂਦਾ ਵੀ ਰਹਿੰਦਾ ਹੈ ਪਰ ਹੇ ਜੋਗੀਰਾਜ! ਇਹ ਵੀ ਸੋਚੋ ਕਿ ਤਰਨਾ ਕਿਸ ਵਾਸਤੇ ਹੈ। ਐਉਂ ਤਰਨਾ ਤਾਂ ਮਨ ਦਾ ਚਾਉ ਹੈ। ਸਰੀਰ ਦੀ ਕਸਰਤ ਹੈ। ਕਿਸੇ ਪ੍ਰਯੋਜਨ ਲਈ ਤਰਨਾ ਚਾਹੀਦਾ ਹੈ।

ਜਦ ਪੁੱਛਿਆ ਪ੍ਰਯੋਜਨ ਕੀ ਹੈ? ਤਾਂ ਗੁਰੂ ਜੀ ਨੇ ਦਸਿਆ ਕਿ ਸਾਡਾ ਪ੍ਰਯੋਜਨ ਪ੍ਰਭੂ ਪਿਆਰੇ ਨਾਲ ਪ੍ਰੇਮ ਹੈ। ਸਾਡਾ ਪ੍ਰਯੋਜਨ ਆਪਾ ਨਿਵਾਰਨ ਤੇ ਬਸ ਨਹੀਂ, ਅਸਾਂ ਪ੍ਰੀਤਮ (ਪ੍ਰਭੂ) ਦੇ ਦੇਸ਼ ਤੇ ਉਸ ਦੇ ਪਾਸ ਪੁੱਜਣਾ ਹੈ। ਇਹ ਸੰਸਾਰ ਸਾਗਰ ਤਰ ਕੇ ਹੀ ਪੁੱਜ ਸਕਦੇ ਹਾਂ, ਡੁੱਬ ਕੇ ਨਹੀਂ।

**********

# ਉਤਸ਼ਾਹ ਭਰਪੂਰ ਸਹਿਜ ਮਾਰਗ ਭਾਗ - ੨
# (PATH OF FIRE AND LIGHT) Vol. II

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅਧਿਆਇ ਨੌਵਾਂ
## ਧਵੱਨੀ ਵਿਗਿਆਨ

ਸਭ ਤੋਂ ਪਹਿਲਾਂ ਕੇਵਲ ਸ਼ਬਦ ਸੀ, ਉਹ ਸ਼ਬਦ ਰੱਬ ਕੋਲ ਸੀ। ਉਹ ਸ਼ਬਦ 'ਰੱਬ' ਹੀ ਸੀ।

ਜੇਕਰ ਤੁਸੀਂ ਸੰਸਾਰ ਦੇ ਸਾਰੇ ਗ੍ਰੰਥ ਪੜ੍ਹੋ, ਵਿਕਾਸ ਦੀ ਫਿਲੌਸਫੀ ਦੇ ਬਾਰੇ ਸਾਰੇ ਗ੍ਰੰਥਾਂ ਵਿਚ ਐਨਾ ਹੀ ਲਿਖਿਆ ਹੋਇਆ ਹੈ, ਬ੍ਰਹਿਮੰਡ ਦੀ ਉਤਪਤੀ ਬਾਰੇ ਐਨਾ ਹੀ ਦਸਿਆ ਹੋਇਆ ਹੈ। ਵੱਡੇ-ਵੱਡੇ ਰਿਸ਼ੀਆਂ ਮੁਨੀਆਂ ਨੇ ਚੁੱਪ ਰਹਿ ਕੇ ਹੀ ਉਨ੍ਹਾਂ ਸ਼ਬਦਾਂ ਦਾ ਅਨੁਭਵ ਕੀਤਾ ਜਿਹੜੇ ਬੋਲੇ ਨਹੀਂ ਗਏ। ਤੁਸੀਂ ਕਹਿ ਸਕਦੇ ਹੋ, 'ਧਵਨੀ ਰਹਿਤ ਧਵਨੀ।' ਉਨ੍ਹਾਂ ਦੇ ਮਨ ਇਕਾਗਰ ਸਨ, ਅੰਤਰਮੁਖੀ ਸਨ ਉਨ੍ਹਾਂ ਨੇ ਅੰਤਰ ਵਿੰਨ ਕੇ ਵੱਖ-ਵੱਖ ਪੱਧਰ ਪਾਰ ਕੀਤਾ ਤੇ ਇਨ੍ਹਾਂ ਆਵਾਜ਼ਾਂ ਨੂੰ ਪਕੜਿਆ।

ਸਾਰੀਆਂ ਪਰੰਪਰਾਵਾਂ ਤਿੰਨਾਂ ਵਿਚੋਂ ਇਕ ਕੇਂਦਰ ਬਿੰਦੂ ਚੁਣ ਕੇ ਉਸ ਉਤੇ ਹੀ ਧਿਆਨ ਲਗਾਉਂਦੀਆਂ ਹਨ ਉਹ ਹਨ ਜਾਂ ਤਾਂ ਧਵਨੀ, ਸ਼ੁੱਧ ਉਚਾਰਣ ਕੀਤਾ ਸ਼ਬਦ ਜਾਂ ਸ਼ਬਦਾਂ ਦਾ ਜੋੜ, ਇਕ ਆਕਾਰ, ਕੋਈ ਮੂਰਤ ਜਾਂ ਕੋਈ ਚੀਜ਼ ਜਾਂ ਰੋਸ਼ਨੀ ਜਦੋਂ ਤੁਸੀਂ ਧਵਨੀ ਦੀ ਗੱਲ ਕਰਦੇ ਹੋ, ਤਾਂ ਉਸ ਦੀਆਂ ਤਿੰਨ ਕਿਸਮਾਂ ਹਨ, ਇਕ ਉਹ ਜਿਹੜੇ ਪ੍ਰਾਰਥਨਾ ਲਈ ਵਰਤੇ ਜਾਂਦੇ ਹਨ, ਦੂਸਰੇ ਜਿਹੜੇ ਤੁਹਾਡੇ ਵਿਚਾਰਾਂ ਵਿਚ ਹਨ, ਤੀਸਰੇ ਜਿਹੜੇ ਮੰਤਰ ਹਨ। ਮੰਤਰ ਇਕ ਧਵਨੀ ਹੈ ਇਕ ਸ਼ੁੱਧ ਉਚਾਰਣ ਕੀਤਾ ਸ਼ਬਦ ਹੈ ਜਾਂ ਇਕ ਵਾਕ ਹੈ, ਸ਼ਬਦਾਂ ਦਾ ਇਕੱਠ ਹੈ। ਤੁਹਾਨੂੰ ਆਪਣੇ ਮਨ ਨੂੰ ਸਿੱਖਾਣਾ ਪਵੇਗਾ, ਕਿਵੇਂ ਇੱਕ ਬਿੰਦੂ ਤੇ ਧਵਨੀ ਤੇ ਇਕਾਗਰ ਕਰਨਾ ਹੈ, ਜਿਹੜਾ ਤੁਹਾਨੂੰ ਐਧਰ ਉਧਰ ਨਾ ਜਾਣ ਦੇਵੇ, ਏਨਾਂ ਹੀ ਨਹੀਂ ਜਿਹੜਾ ਤੁਹਾਡੇ ਮਨ ਨੂੰ ਇਕਾਗਰ ਕਰੇ।

ਕਿਸੇ ਵਸਤੂ ਨੂੰ ਚੁਣਨਾ, ਇਕਾਗਰ ਕਰਨਾ, ਇਕ ਬਿੰਦੂ ਤੇ ਟਿਕਣਾ, ਇਹ ਕਰਨ ਲਈ ਤੁਹਾਨੂੰ ਆਪਣੀ ਮਾਨਸਿਕ ਯੋਗਤਾ ਦੇਖਣੀ ਪਵੇਗੀ। ਕੀ ਤੁਹਾਡਾ ਮਨ ਧਵਨੀ ਵਲ ਵਧੇਰੇ ਖਿਚਿਆ ਜਾਂਦਾ ਹੈ? ਸੰਗੀਤ ਵਲ ਪ੍ਰੇਰਿਆ ਜਾਂਦਾ ਹੈ? ਜਾਂ ਕਿ ਜਦੋਂ ਤੁਸੀਂ ਕੁਝ ਦੇਖਦੇ ਹੋ ਤਾਂ ਆਕਰਸ਼ਿਤ ਹੁੰਦੇ ਹੋ? ਇਹ ਸਭ ਕੁਝ ਤੁਹਾਨੂੰ ਦੇਖਣਾ ਪਵੇਗਾ। ਕੀ ਤੁਸੀਂ ਦੇਖ ਕੇ ਆਕਰਸ਼ਿਤ ਹੁੰਦੇ ਹੋ, ਸੁਣ ਕੇ ਹੁੰਦੇ ਹੋ। ਵਾਸਤਵ ਵਿਚ ਕੋਈ ਚੀਜ਼, ਕੋਈ ਵੀ ਇਕਾਗਰਤਾ ਦਾ ਬਿੰਦੂ ਚੁਣਨ ਤੋਂ ਪਹਿਲਾਂ ਜਾਂ ਚੁਣਨ ਲਈ ਤੁਹਾਨੂੰ ਇੱਕ ਸੁਚੱਜੇ ਮੈਡੀਟੇਸ਼ਨ, ਗੁਰੂ ਦੀ ਲੋੜ ਹੈ। ਜਦੋਂ ਇਹੋ ਜਿਹਾ ਗੁਰੂ ਤੁਹਾਨੂੰ ਸ਼ਬਦ ਜਾਂ ਆਕਾਰ ਤੁਹਾਨੂੰ ਦਿੰਦਾ ਹੈ ਉਹ ਤੁਹਾਨੂੰ ਇਕ ਦੈਵੀ ਸ਼ਕਤੀ ਤੁਹਾਨੂੰ ਦਿੰਦਾ ਹੈ।

ਆਵਾਜ਼ ਨਾਲ ਇਕ ਆਕਾਰ ਬਣਦਾ ਹੈ। ਜੇਕਰ ਤੁਹਾਨੂੰ ਧਵਨੀ ਦਿਤੀ ਜਾਵੇ ਤਾਂ ਆਕਾਰ ਤੁਹਾਡੇ ਕੋਲ ਹੈ, ਜੇਕਰ ਇਸ ਆਵਾਜ਼ ਨੂੰ ਸ਼ਕਤੀਸ਼ਾਲੀ ਕੀਤਾ ਜਾਵੇ, ਤਾਂ ਉਹ ਆਕਾਰ ਸ਼ਕਤੀਸ਼ਾਲੀ ਹੋ ਜਾਂਦਾ ਹੈ, ਫੇਰ ਤੁਸੀਂ ਕਦੇ ਵੀ ਇਕੱਲੇ ਨਹੀਂ ਹੁੰਦੇ ਕਿਉਂਕਿ ਉਹ ਆਕਾਰ ਸਦਾ ਹੀ ਤੁਹਾਡੇ ਨਾਲ ਰਹਿੰਦਾ ਹੈ। ਪਹਿਲੇ ਪਹਿਲ ਤੁਸੀਂ ਦੋ ਹੋ, ਵੱਖ-ਵੱਖ ਹੋ, ਆਵਾਜ਼ ਤੁਹਾਡੇ ਨਾਲ ਜਾਏਗੀ, ਤੁਹਾਡੇ ਨਾਲ ਸੌਵੇਗੀ, ਤੁਹਾਡੇ ਨਾਲ ਗੱਲ ਕਰੇਗੀ, ਤੁਹਾਡੇ ਨਾਲ ਖੁਸ਼ ਹੋਵੇਗੀ ਕਿਉਂਕਿ ਆਵਾਜ਼ ਦਾ ਆਕਾਰ ਹੈ। ਸਮਾਂ ਪਾ ਕੇ ਤੁਹਾਡਾ ਨਿਸ਼ਾਨਾ ਹੈ ਆਵਾਜ਼ ਨਾਲ ਇੱਕ ਹੋਣਾ।

ਹਰ ਵਿਚਾਰ ਦਾ ਇਕ ਆਕਾਰ ਹੁੰਦਾ ਹੈ, ਹਰ ਇਕ ਧਵਨੀ ਇਕ ਲਹਿਰ ਪੈਦਾ ਕਰਦੀ ਹੈ ਜਿਸਨੂੰ ਵਿਚਾਰ ਕਿਹਾ ਜਾਂਦਾ ਹੈ। ਹਰ ਇਕ ਵਿਚਾਰ ਦਾ ਆਕਾਰ ਹੈ, ਜਿਸ ਤੋਂ ਇਹ ਭਾਵ ਹੈ ਕਿ ਧਵਨੀ ਅਤੇ ਆਕਾਰ ਇੱਕ ਹੀ ਚੀਜ਼ ਹੈ। ਬਿਲਕੁਲ ਇਸੇ ਤਰ੍ਹਾਂ ਜੋ ਕੋਈ ਵੀ ਕਾਰਜ ਤੁਸੀਂ ਕਰਦੇ ਹੋ, ਵਾਸਤਵ ਵਿਚ ਉਹ ਤੁਹਾਡੇ ਅਨੰਦ ਸਾਗਰ ਤੋਂ ਉੱਠਿਆ ਇੱਕ ਵਿਚਾਰ ਹੈ। ਅਸੀਂ ਆਪਣੇ ਆਪ ਵਿਚ ਕੁਛ ਨਹੀਂ। ਅਸੀਂ ਕੇਵਲ ਵਿਸ਼ਵ ਧਵਨੀ ਦੇ ਬਣਾਏ ਹੋਏ ਆਕਾਰ ਹਾਂ। ਧਵਨੀ ਦੇ ਨਾਲ ਇੱਕ ਆਕਾਰ ਆਉਂਦਾ ਹੈ ਕਿਉਂਕਿ ਹਰ ਇਕ ਧਵਨੀ ਦਾ ਆਕਾਰ ਹੈ।

ਪਰ ਰੋਸ਼ਨੀ ਨਾਲ ਕੋਈ ਆਵਾਜ਼ ਨਹੀਂ, ਰੋਸ਼ਨੀ ਤੁਹਾਨੂੰ ਚੁੱਪ ਵੱਲ ਨਹੀਂ ਲੈ ਕੇ ਜਾਂਦੀ। ਆਵਾਜ਼ ਤੁਹਾਨੂੰ ਚੁੱਪ ਵੱਲ ਲੈ ਜਾਂਦੀ ਹੈ, ਇਹੋ ਹੀ ਕਾਰਣ ਹੈ ਕਿ ਰਿਸ਼ੀਆਂ-ਮੁਨੀਆਂ ਨੇ ਬ੍ਰਹਮਗਿਆਨੀਆਂ ਨੇ, ਆਵਾਜ਼ ਨੂੰ ਰੱਖਿਆ ਹੈ, ਚਾਨਣ ਨੂੰ ਨਹੀਂ। ਉਨ੍ਹਾਂ ਨੇ ਆਵਾਜ਼ 'ਤੇ ਧਿਆਨ ਜੋੜਨਾ ਦਸਿਆ। ਜਦੋਂ ਕਿ ਰੋਸ਼ਨੀ ਆਵਾਜ਼ ਨਾਲੋਂ ਵਧੇਰੇ ਤੇਜ਼ ਚਲਦੀ ਹੈ, ਨਕਲੀ ਰੋਸ਼ਨੀ, ਨਕਲੀ ਚਿੰਨ੍ਹ ਤੁਹਾਡੇ ਲਈ ਇੱਕ ਤਰ੍ਹਾਂ ਨਾਲ ਰੁਕਾਵਟ ਬਣ ਜਾਂਦੀ ਹੈ, ਇਹ ਤੁਹਾਨੂੰ ਅਸਲੀ ਚਾਨਣ ਦੇਖਣ ਹੀ ਨਹੀਂ ਦਿੰਦੇ। ਇਸੇ ਕਰਕੇ ਉਪਨਿਸ਼ਦਾਂ ਵਿਚ ਦਸਿਆ ਗਿਆ ਹੈ ਕਿ ਇਹ ਸਰੀਰ ਬੜੇ ਲਿਸ਼ਕਦੇ ਚਮਕਦੀਆਂ ਵਸਤੂਆਂ ਨਾਲ ਢਕਿਆ ਪਿਆ ਹੈ, ਇਸ ਵਿਚ ਐਨੀ ਚਮਕ ਹੈ ਕਿ ਸਾਡੀਆਂ ਅੱਖੀਆਂ ਚੁੰਧਿਆ ਜਾਂਦੀਆਂ ਹਨ, ਜਿਸ ਕਰਕੇ ਅਸੀਂ ਕੁਝ ਦੇਖ ਨਹੀਂ ਸਕਦੇ, ਇਹ ਚਾਨਣ ਐਨਾ ਵਧੇਰੇ ਚਮਕਦਾਰ ਹੈ ਕਿ ਅਸੀਂ ਸੱਚ ਦੇਖ ਹੀ ਨਹੀਂ ਸਕਦੇ। ਸੱਚ ਤੱਕ ਪਹੁੰਚ ਹੀ ਨਹੀਂ ਸਕਦੇ, ਇਸੇ ਕਾਰਣ ਅਸੀਂ ਸਭ ਤੋਂ ਪਹਿਲਾਂ ਇਹ ਰੋਸ਼ਨੀ ਹਟਾਉਣੀ ਚਾਹੁੰਦੇ ਹਾਂ, ਇਹ ਹੀ ਤੁਹਾਡੀ ਡੀਊਟੀ ਹੈ ਕਿ ਇਸ ਰੋਸ਼ਨੀ ਨੂੰ ਪਾਸੇ ਕੀਤਾ ਜਾਵੇ। ਲੋੜ ਹੈ ਆਪਣੇ ਆਸ ਪਾਸ ਹਨ੍ਹੇਰਾ ਕਰਨਾ ਚਾਹੀਦਾ ਹੈ ਤਾਂ ਜੋ ਤੁਸੀਂ ਸਤਿ ਦਾ ਚਾਨਣ ਦੇਖ ਸਕੋ।

ਇਹੋ ਹੀ ਧਵਨੀ ਲਈ ਕਿਹਾ ਜਾ ਸਕਦਾ ਹੈ, ਅਸਲੀ ਸੱਚੀ ਧਵਨੀ ਸੁਣਨ, ਮੌਲਿਕ ਆਵਾਜ਼ ਸੁਣਨ ਲਈ ਤੁਹਾਨੂੰ ਆਪਣੇ ਆਪ ਨੂੰ ਬਾਹਰ ਦੀਆਂ ਆਵਾਜ਼ ਤੋਂ ਬਚਣਾ ਪਵੇਗਾ, ਨਹੀਂ ਤਾਂ ਤੁਹਾਡਾ ਮਨ ਕਦੀ ਵੀ ਮੌਲਿਕ ਧਵਨੀ ਨਹੀਂ ਸੁਣ ਸਕੇਗਾ। ਤੁਹਾਡਾ ਦਿਮਾਗ ਗਾ ਰਿਹਾ ਹੈ। ਤੁਹਾਡਾ ਸੁਆਸ ਗਾ ਰਿਹਾ ਹੈ, ਤੁਹਾਡੇ ਸਵਾਸਾਂ ਵਿਚ ਸੰਗੀਤ ਹੈ, ਤੁਹਾਡੇ ਦਿਮਾਗ ਵਿਚ ਸੰਗੀਤ ਹੈ ਪਰ ਤੁਸੀਂ ਇਹ ਸੰਗੀਤ ਸੁਣ ਨਹੀਂ ਰਹੇ ਕਿਉਂਕਿ ਬਾਹਰ ਦੀਆਂ ਆਵਾਜ਼ਾਂ ਤੁਹਾਡਾ ਧਿਆਨ ਖਿੱਚ ਲੈਂਦੀਆਂ ਹਨ, ਜਿਸ ਕਰਕੇ ਤੁਸੀਂ ਅੰਦਰ ਦੀ ਆਵਾਜ਼ ਨਹੀਂ ਸੁਣ ਸਕਦੇ, 'ਅਨਾਹਦ ਨਾਦ' ਤੋਂ ਭਾਵ ਹੈ ਮਧੁਰ ਸੰਗੀਤ ਜੇ ਕਿਤੇ ਤੁਸੀਂ ਸੁਣ ਲਵੋ, ਤੁਸੀਂ ਬਾਕੀ ਦੇ ਸੰਗੀਤ ਭੁੱਲ ਜਾਓਗੇ, ਪਰ ਇਹ ਸੁਣਨ ਲਈ ਤੁਹਾਨੂੰ ਅਨੁਸ਼ਾਸਨ ਦੀ ਲੋੜ ਹੈ, ਆਪਾ ਚੀਨਣ ਦੀ ਲੋੜ ਹੈ ਕਿਉਂਕਿ ਤੁਹਾਨੂੰ ਇਸ ਦਾ ਅਰਥ ਹੀ ਨਹੀਂ ਪਤਾ। ਅਨੁਸ਼ਾਸਨ ਤੋਂ ਭਾਵ ਠੀਕ ਹੈ, ਆਪਣੀਆਂ ਸ਼ਕਤੀਆਂ ਨੂੰ ਨੀਯਮਤ ਕਰਕੇ ਉਨ੍ਹਾਂ ਨੂੰ ਦਿਸ਼ਾ ਦੇਣੀ, ਉਨ੍ਹਾਂ ਨੂੰ ਠਕਿ ਸੇਧ ਵਿਚ ਲੈ ਜਾਣਾ ਅਨੁਸ਼ਾਸਨ ਹੈ, ਕੈਦ ਨਹੀਂ।

ਇਹ ਜਾਨਣ ਦੀ ਲੋੜ ਹੈ ਕਿ ਇਹ ਆਵਾਜ਼ਾਂ ਕਿੱਥੋਂ ਆਉਂਦੀਆਂ ਹਨ, ਕਿਸ ਨੇ ਸੁਣੀਆਂ ਹਨ, ਕਿਸ ਤਰ੍ਹਾਂ ਨਾਲ ਸੁਣੀਆਂ ਗਈਆਂ। ਜਦੋਂ ਰਿਸ਼ੀ ਮੁਨੀ ਡੂੰਘੀ ਮੈਡੀਟੇਸ਼ਨ ਅਵਸਥਾ ਵਿਚ ਸੀ, ਉਦੋਂ ਉਨ੍ਹਾਂ ਦਾ ਮਨ ਅਨੰਤ ਤਕ ਪਹੁੰਚਿਆ, ਇਕਾਗਰ ਹੋ ਕੇ ਉਹ ਇੱਕ ਦਿਸ਼ਾ ਵਲ ਗਿਆ ਜਿਸ ਨਾਲ ਉਨ੍ਹਾਂ ਦੀ ਸੰਤੁਲਨ ਅਵਸਥਾ ਬਣੀ। ਜਦੋਂ ਉਨ੍ਹਾਂ ਦਾ ਮਨ ਸੰਤੁਲਨ ਅਵਸਥਾ ਵਿਚ ਪਹੁੰਚ ਗਿਆ। ਸੁੰਨ ਅਵਸਥਾ ਪ੍ਰਾਪਤ ਹੋ ਗਈ। ਉਸ ਸਮੇਂ ਰਿਸ਼ੀਆਂ-ਮੁਨੀਆਂ ਨੂੰ ਬ੍ਰਹਮਗਿਆਨੀਆਂ ਨੂੰ ਇਹ ਆਵਾਜ਼ਾਂ ਸੁਣੀਆਂ, ਉਨ੍ਹਾਂ ਲਈ ਇਹ ਕਰਨਾ ਅਤਿ ਕਠਨ ਸੀ ਪਰ ਉਹ ਆਵਾਜ਼ਾਂ ਨੂੰ ਵਧਾਉਣਾ ਜਾਣਦੇ ਸੀ।

ਵਾਸਤਵ ਵਿਚ ਦੋ ਤਰ੍ਹਾਂ ਦੀਆਂ ਆਵਾਜ਼ਾਂ ਹਨ। ਇੱਕ ਉਹ ਆਵਾਜ਼ਾਂ ਜਿਹੜੀਆਂ ਬਾਹਰ ਦੇ ਸੰਸਾਰ ਦੀਆਂ ਹਨ, ਦੂਸਰੀਆਂ ਉਹ ਜਿਹੜੀਆਂ ਅੰਦਰ ਮਨ ਦੀ ਚੁੱਪ ਦੀਆਂ ਹਨ। ਫੇਰ ਤੁਸੀਂ ਚੁੱਪ ਵਿਚ ਚਲੇ ਜਾਂਦੇ ਹੋ, ਹੋਰ ਚੁੱਪ ਵਿਚ ਚਲੇ ਜਾਂਦੇ ਹੋ, ਹੋਰ ਡੂੰਘੀ ਚੁੱਪ ਵਿਚ ਚਲੇ ਜਾਂਦੇ ਹੋ, ਜਿਹੜਾ ਕਿ ਬਹੁਤ ਸ਼ਕਤੀਸ਼ਾਲ ਹੈ। ਤੁਸੀਂ ਸੋਚਦੇ ਹੋ ਤੁਹਾਡਾ ਸੰਸਾਰ ਬੜਾ ਸ਼ਕਤੀਸ਼ਾਲੀ ਹੈ। ਪਰ ਵਿਗਿਆਨ ਨੇ ਇਹ ਖੋਜਿਆ ਹੈ ਕਿ ਇੱਕ ਕਣ ਅਣੂ ਦੇ ਜੇ ਤੁਸੀਂ ਹਿੱਸੇ ਕਰ ਦਿਓ, ਉਹ ਹੋਰ ਵੀ ਸ਼ਕਤੀਸ਼ਾਲੀ ਹੋ ਜਾਂਦਾ ਹੈ। ਤੁਹਾਡੇ ਬ੍ਰਹਿਮੰਡ ਦੀ ਕੋਈ ਸ਼ਕਤੀ ਨਹੀਂ, ਤੁਹਾਡੇ ਸੰਸਾਰ ਦੀ ਕੋਈ ਸ਼ਕਤੀ ਨਹੀਂ। ਇਕ ਅਣੂ ਤੁਹਾਡਾ ਸੰਸਾਰ ਖਤਮ ਕਰ ਸਕਦਾ ਹੈ, ਦੂਸਰੇ ਪਾਸੇ ਤੁਹਾਡਾ ਸਾਰਾ ਸੰਸਾਰ ਵੀ ਉਸ ਅਣੂ ਨੂੰ, ਉਸ ਕਣ ਨੂੰ ਖਤਮ ਨਹੀਂ ਕਰ ਸਕਦਾ।

ਵਾਸਤਵ ਵਿਚ ਕਿਸੇ ਵੀ ਚੀਜ਼ ਦਾ ਆਕਾਰ ਨਾਲ ਕੋਈ ਵਧੇਰੇ ਸਬੰਧ ਨਹੀਂ, ਪ੍ਰਮਾਣੂ ਦਾ ਸ੍ਰੋਤ ਚੁੱਪ ਵਿਚ ਹੈ। ਸੱਚੀ ਚੁੱਪ ਤੋਂ ਭਾਵ ਹੈ ਕਿ ਤੁਸੀਂ ਹੌਲੀ-ਹੌਲੀ ਆਪਣਾ ਮਨ ਇੰਦ੍ਰੀਆਂ ਤੋਂ ਪੂਰੀ ਤਰ੍ਹਾਂ ਨਾਲ ਹਟਾ ਲਿਆ ਹੈ, ਕੱਟ ਲਿਆ ਹੈ। ਤੁਸੀਂ ਇੰਦ੍ਰੀਆਂ ਨੂੰ ਆਗਿਆ ਨਹੀਂ ਦਿੰਦੇ ਕਿ ਉਹ ਬਾਹਰ ਦੀ ਆਵਾਜ਼ ਸੁਣਨ, ਜਦੋਂ ਤੁਸੀਂ ਇਸ ਤਰ੍ਹਾਂ ਕਰ ਲੈਂਦੇ ਹੋ ਤਾਂ ਮਨ ਅੰਦਰ ਦੀ ਆਵਾਜ਼ ਸੁਣਦਾ ਹੈ, ਜੋ ਤੁਸੀਂ ਮਨ ਤੇ ਅੰਦਰ ਜਮ੍ਹਾ ਕਰਕੇ ਰੱਖੀ ਹੈ।

ਜਦੋਂ ਤੁਹਾਡਾ ਮਨ ਅੰਦਰ ਜਾਣਾ ਸ਼ੁਰੂ ਕਰ ਦਿੰਦਾ ਹੈ, ਤੁਸੀਂ ਅਨੇਕਾਂ ਪ੍ਰਕਾਰ ਦੀਆਂ ਆਵਾਜ਼ਾਂ ਸੁਣਦੇ ਹੋ। ਤੁਸੀਂ ਬਹੁਤ ਸਾਰੀਆਂ ਭਾਸ਼ਾਵਾਂ ਸੁਣੋਗੇ, ਬਹੁਤ ਸਾਰੀਆਂ ਭਾਸ਼ਾਵਾਂ ਸਿਖੋਗੇ। ਕੁਝ ਕੁ ਤੁਸੀਂ ਸਮਝ ਸਕੋਗੇ, ਕੁਝ ਨਹੀਂ ਸਮਝੋਗੇ ਤਾਂ ਹੀ ਤੁਸੀਂ 'ਜ਼ੁਬਾਨ ਬੋਲਦੀ ਕਹਿੰਦੇ ਹੋ।' ਇਹ ਕੋਈ ਗਿਆਨ ਦਾ ਅੰਤ ਨਹੀਂ ਹੈ। ਇਹ ਆਵਾਜ਼ਾਂ, ਬੋਲਣਾ ਕੇਵਲ ਮਨੋਵਿਗਿਆਨਕ ਪੱਧਰ ਤੇ ਸੁਣੀਆਂ ਜਾਂਦੀਆਂ ਹਨ ਜਾਂ ਕਹਿ ਲਵੋ ਮਾਨਸਿਕ ਪੱਧਰ ਤੇ ਸੁਣੀਆਂ ਜਾਂਦੀਆਂ ਹਨ।

ਸਾਰੀਆਂ ਆਵਾਜ਼ਾਂ ਦਾ ਸ੍ਰੋਤ ਚੁੱਪ ਹੈ, ਸਾਰੀਆਂ ਆਵਾਜ਼ਾਂ ਚੁੱਪ ਦੇ ਸਾਗਰ ਤੋਂ ਆਉਂਦੀਆਂ ਹਨ। ਤੁਸੀਂ ਚੁੱਪ ਦੇ ਬਾਰੇ ਵਾਦ-ਵਿਵਾਦ ਕੀਤਾ ਹੋਵੇਗਾ, ਗੱਲਬਾਤ ਕੀਤੀ ਹੋਵੇਗੀ, ਪਰ ਚੁੱਪ ਨੂੰ ਕਦੀ ਅਨੁਭਵ ਨਹੀਂ ਕੀਤਾ, ਚੁੱਪ ਦਾਇਕ ਪਲ ਇਕ ਸਾਲ ਲਈ ਕਾਫੀ ਹੁੰਦਾ ਹੈ। ਜੇ ਮੈਨੂੰ ਇੱਕ ਸਾਲ ਦੀ ਮੌਜ ਮਸਤੀ ਦੇਵੇ, ਦੂਸਰੇ ਪਾਸੇ ਇੱਕ ਪਲ ਦੀ ਪੂਰਨ ਚੁੱਪ ਸ਼ਾਂਤੀ ਦੇਵੇ, ਮੈਂ ਇੱਕ ਪਲ ਦੀ ਚੁੱਪ ਸ਼ਾਂਤੀ ਹੀ ਲਵਾਂਗਾ, ਤੁਸੀਂ ਮੇਰਾ ਵਰ੍ਹਿਆਂ ਦੀ ਮੌਜ ਮਸਤੀ ਰਖ ਸਕਦੇ ਹੋ। ਜੇਕਰ ਤੁਸੀਂ ਪੂਰਨ ਚੁੱਪ ਵਿਚ ਜਾਓਗੇ ਤੁਸੀਂ ਜੋ ਕੁਝ ਵੀ ਸਮਝਣਾ ਚਾਹੋ ਸਮਝ ਸਕੋਗੇ। ਇਹ ਹੀ 'ਸਵਰੋਦਿਆ' (Swarodaya) ਦੀ ਫਿਲੌਸਫੀ ਹੈ, ਇਹ ਹੀ ਅਭਿਆਸ ਹੈ।

ਸਵਰ ਤੋਂ ਭਾਵ ਹੈ ਆਵਾਜ਼ ਦੀ ਤਰੰਗ, ਸਵਰੋਦਿਆ ਦਾ ਅਰਥ ਹੈ ਸਾਗਰ। ਲਹਿਰਾਂ ਦਾ ਸਾਗਰ ਲਗਾਤਾਰ ਆਵਾਜ਼ ਕਰਦਾ ਰਹਿੰਦਾ ਹੈ। ਆਪਣੀ ਨਾਸਿਕਾ ਨਾਲ ਟੇਪ ਰਿਕਾਡਰ ਲਗਾਓ, ਸੁਆਸ ਅੰਦਰ ਕਰੋ, ਬਾਹਰ ਕੱਢੋ। ਤੁਸੀਂ ਸੁਣੋਗੇ, ਲਗਾਤਾਰ 'ਹਮ-ਸਾ, ਹਮ-ਸਾ' ਦੀ ਆਵਾਜ਼ ਆ ਰਹੀ ਹੈ, ਇਹ ਇਕ ਮੰਤਰ ਹੈ। ਇਹ ਮੰਤਰ ਤੁਸੀਂ ਕਿੱਥੋਂ ਸਿੱਖਿਆ? ਇਹ ਤੁਹਾਡੇ ਸੁਆਸਾਂ ਦੀ ਆਵਾਜ਼ ਹੈ। ਇਸ ਦਾ ਅਰਥ ਹੈ 'ਮੈਂ ਉਹ ਹਾਂ' (I am that, I am that) ਸੁਆਸ ਰਾਗ ਗਾ ਰਹੇ ਹਨ, ਮੈਂ ਉਹ ਹਾਂ, ਮੈਂ ਉਹ ਹਾਂ। ਤੁਸੀਂ ਉਸ ਦੀ ਤਾਲ ਰਾਗ ਬਣਾ ਰਹੇ ਹੋ। ਸੁਆਸ ਲਗਾਤਾਰ ਸਥਾਈ ਰੂਪ ਵਿਚ ਇਹ ਰਾਗ ਤਾਲ ਗਾ ਰਹੇ ਹਨ 'ਸੋ ਤਮ' ਸੋ ਹਮ।

'ਸਵਰੋਦਿਆ' (Swarodaya) ਦਾ ਵਿਗਿਆਨ ਬੜਾ ਅਨੋਖਾ ਤੇ ਨਿਰਾਲਾ ਹੈ, ਤੁਸੀਂ ਸਾਰਾ ਜੀਵਨ ਲੱਗੇ ਰਹੋ ਤਾਂ ਵੀ ਤੁਸੀਂ ਪੂਰੀ ਤਰ੍ਹਾਂ ਨਾਲ ਨਹੀਂ ਖੋਜ ਸਕਦੇ, ਪੂਰਾ ਪਤਾ ਲਗਾ ਸਕਦੇ, ਲੋੜ ਹੈ, ਸ਼ਬਦ, ਗਤੀ, ਆਵਾਜ਼ ਤੇ ਆਕਾਰ ਇਨ੍ਹਾਂ ਵਿਚ ਕੀ ਭੇਦ ਹੈ, ਉਹ ਜਾਨਣ ਦੀ। ਸਾਰੀਆਂ ਆਵਾਜ਼ਾਂ ਆਕਾਰ ਬਣਾਉਂਦੀਆਂ ਹਨ। ਜਿਵੇਂ ਕਿ ਅਸੀਂ ਪਹਿਲੇ ਦਸ ਆਏ ਹਾਂ, ਆਵਾਜ਼ਾਂ ਦੋ ਤਰ੍ਹਾਂ ਦੀਆਂ ਹਨ ਇਕ ਉਹ ਆਵਾਜ਼ ਜਿਹੜੀ ਬਾਹਰ ਦੀ ਸੰਸਾਰਕ ਆਵਾਜ਼ ਵਿਚ ਫੈਲੀ ਹੁੰਦੀ ਹੈ। ਦੂਸਰੀ ਆਵਾਜ਼ ਉਹ ਜਿਹੜੀ ਅੰਦਰ ਇਕਾਗਰ ਕੀਤੀ ਹੋਈ ਹੈ। ਅੰਤ ਵਿਚ ਇਨ੍ਹਾਂ ਤੋਂ ਉਪਰ ਇਨ੍ਹਾਂ ਤੋਂ ਅੱਗੇ ਹੈ ਸੁੰਨ ਮੰਡਲ।

**********

# ਸੰਤ ਵਰਿਆਮ ਸਿੰਘ ਜੀ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਸੋਮਵਾਰ ਤੋਂ ਸ਼ਨਿੱਚਰਵਾਰ)**

**ਫੋਨ ਨੰ: 098148-01860, Email : atammarg1@yahoo.co.in**

| | ਡਾਕਟਰ ਦਾ ਨਾਮ | ਸਪੈਸ਼ਲਿਸ਼ਟ | ਦਿਨ |
|---|---|---|---|
| 1. | ਡਾ. ਸੁਖਦੇਵ ਕੌਰ ਗਰੇਵਾਲ | ਔਰਤਾਂ ਦੇ ਸਪੈਸ਼ਲਿਸਟ | ਸੋਮਵਾਰ |
| 2. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ | ਸੋਮਵਾਰ |
| 3. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਲਈ | ਮੰਗਲਵਾਰ |
| 4. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ (ਐਮ.ਬੀ.ਬੀ.ਐਸ.) | ਮੰਗਲਵਾਰ |
| 5. | ਡਾ. ਐਮ. ਐਲ. ਕਟਾਰੀਆ | ਜਨਰਲ ਮੈਡੀਸਨ/ਸਰਜਨ, ਐਮ.ਐਸ, ਡੀ.ਐਨ.ਬੀ., ਡੀ.ਓ.ਐਮ.ਐਸ, ਡੀ.ਐਮ.ਆਰ.ਈ, ਫੈਲੋ ਇੰਡੀਅਨ ਅਕੈਡਮੀ ਆਫ ਮੈਡੀਕਲ ਸਪੈਸ਼ਲਿਟੀਜ਼) | ਬੁੱਧਵਾਰ |
| 6. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | ਬੁੱਧਵਾਰ |
| 7. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ ਅਤੇ ਔਰਤਾਂ ਦੇ ਸਪੈਸ਼ਲਿਸਟ | ਵੀਰਵਾਰ |
| 8. | ਡਾ. ਜੇ ਲੂਥਰਾ | ਅੱਖਾਂ ਦੇ ਸਪੈਸ਼ਲਿਸਟ | ਵੀਰਵਾਰ |
| 9. | ਡਾ. ਐਨ. ਕੇ. ਭਾਟੀਆ | ਹਾਰਟ ਸਪੈਸ਼ਲਿਸਟ | ਸ਼ਨੀਵਾਰ |
| 10. | ਡਾ. ਗੁਰਸ਼ਰਨਦੀਪ ਸਿੰਘ | ਦੰਦਾਂ ਦੇ ਸਪੈਸ਼ਲਿਸਟ (ਬੀ.ਡੀ.ਐਸ) | ਸ਼ਨੀਵਾਰ |

## ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਪੇਸ਼ਾਬ ਟੈਸਟ, 3. ਸਟੂਲ ਟੈਸਟ, 4. ਥਾਇਰੈਡ ਟੈਸਟ, 5. ਈ.ਸੀ.ਜੀ , 6. ਐਕਸਰੇ, 7. ਈ.ਐਨ.ਟੀ., 8. ਸ਼ੂਗਰ ਟੈਸਟ, 9. ਕਿਡਨੀ ਟੈਸਟ, 10 . ਲਿਵਰ ਟੈਸਟ**

* **ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

## ਅਸਥਾਨ ਦੇ ਪ੍ਰੋਗਰਾਮ

**ਮਹੀਨੇ ਦਾ ਪਹਿਲਾ ਐਤਵਾਰ ਬਲੌਂਗੀ ਤੇ ਬਾਕੀ ਤਿੰਨ ਐਤਵਾਰ ਰਤਵਾੜਾ ਸਾਹਿਬ।**

**ਸਮਾਂ - 12.00 ਵਜੇ ਤੋਂ 4.00 ਵਜੇ ਤੱਕ ।**

**ਸੰਗਰਾਂਦ - 15 ਜੂਨ, ਦਿਨ ਐਤਵਾਰ**
**(ਸਮਾਂ ਸਵੇਰੇ 5.30 ਵਜੇ ਤੋਂ 8.30 ਵਜੇ ਤੱਕ)**

**ਪੂਰਨਮਾਸ਼ੀ - 13 ਜੂਨ, ਦਿਨ ਸ਼ੁਕਰਵਾਰ**

**(ਸਮਾਂ - ਦੁਪਹਿਰ 12.00 ਤੋਂ 4.00 ਵਜੇ ਤੱਕ)**

**ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਹੁੰਦਾ ਹੈ।**

**ਪੂਰਨਮਾਸ਼ੀ - ਨਿਰਮਲ ਡੇਰਾ ਹਿਰਦਾਪੁਰ ਖੇੜੀ (ਨੇੜੇ ਬਿੰਦਰਖ), (ਸਮਾਂ - ਸ਼ਾਮ 6.00 ਤੋਂ ਰਾਤ 12.00 ਵਜੇ ਤੱਕ)**

# ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

| ਪੁਸਤਕ ਦਾ ਨਾਮ | ਪੰਜਾਬੀ | ਹਿੰਦੀ | ਅੰਗਰੇਜੀ |
|---|---|---|---|
| 1. ਸੁਰਤਿ ਸਬਦਿ ਮਾਰਗ | 50/ | 70/- | 150/- |
| 2. ਕਿਵ ਕੂੜੈ ਤੁਟੈ ਪਾਲਿ | 40/- | 35/- | 70/- |
| 3. ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- | 270/- |
| 4. ਕਿਵ ਸਚਿਆਰਾ ਹੋਈਐ -੧ | 30/- | 35/- | 80/- |
| 5. ਕਿਵ ਸਚਿਆਰਾ ਹੋਈਐ -੨ | 60/- | 65/- | 80/- |
| 6. ਕਿਵ ਸਚਿਆਰਾ ਹੋਈਐ - ੩ | 100/- | 100/- | 110/- |
| 7. ਹੋਵੈ ਅਨੰਦੁ ਘਣਾ | 25/- | 30/- | |
| 8. ਚਉਥੈ ਪਹਰਿ ਸਬਾਹ ਕੈ | 55/- | 60/- | 70/- |
| 9. ਸੁਰਤਿਆਂ ਉਪਜੈ ਚਾਉ | 40/- | 40/- | |
| 10. ਬਾਬਾਣੀਆਂ ਕਹਾਣੀਆਂ | 50/- | 50/- | |
| 11. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- | 10/- |
| 12. ਅੰਮ੍ਰਿਤ ਫੁਹਾਰ | 10/- | 10/- | |
| 13. ਅਗੰਮ ਅਗੋਚਰ ਦਾ ਮਾਰਗ | 60/- | 70/- | 80/- |
| 14. ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- | |
| 15. ਅਮਰ ਜੋਤਾਂ | 15/- | 15/- | 20/- |
| 1੬. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | | |
| 18. ਅਮਰ ਗਾਥਾ | 100/- | 100/- | |
| 19. ਧਰਮ ਯੁਧ ਕੇ ਚਾਇ | 50/- | | |
| 20. ਪਵਿਤਰ ਪੈਂਡਾ | 25/- | | |
| 21. ਭਗਤ ਪ੍ਰਹਿਲਾਦ | 10/- | 10/- | |
| 22. ਵੈਸਾਖੀ | 10/- | 10/- | |
| 23. ਰਾਜ ਯੋਗ | 40/- | | |
| 24. ਸਾਜਨ ਚਲੇ ਪਿਆਰਿਆ | 10/- | 10/- | |
| 25. ਅਬਿਨਾਸੀ ਜੋਤ ਭਾਗ-1 | 90/- | 90/- | |
| 26. ਅਬਿਨਾਸੀ ਜੋਤ ਭਾਗ-2 | 90/- | 90/- | |
| 27. ਰੂਹਾਨੀ ਗੁਲਦਸਤਾ -1 | 60/- | 60/- | |
| 28. ਰੂਹਾਨੀ ਗੁਲਦਸਤਾ - 2 | 60/- | 60/- | |
| 29. ਸੰਤ ਤੁਮਾਰੇ ਤੁਮਰੇ ਪ੍ਰੀਤਮ | | 50/- | |

| ਪੁਸਤਕ ਦਾ ਨਾਮ | ਪੰਜਾਬੀ | ਅੰਗਰੇਜ਼ੀ |
|---|---|---|
| 30. ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. ਗੁਰੂ ਅਮਰਦਾਸ ਪਰਸੀਐ | 50/- | |
| 32. ਭਗਵਤ ਗੀਤਾ............। | 100/- | |
| 33. ਅਨੰਦਮਈ ਜੀਵਨ ਜਾਚ | 50/- | |
| 34. ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. ਅਨੁਭਵੀ ਪ੍ਰਵਚਨ | 50/- | |
| 36. ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. ਅੰਦਰਲੀ ਖੋਜ | 130/- | |
| 38. ਸਿਮਰਤ ਕਹਾਂ ਨਹੀਂ | 135/- | 200/ |
| 39. ਰੂਹਾਨੀ ਪ੍ਰਵਚਨ | 35/- | |
| 41. 'ਸੇਵਾ ਸਿਮਰਨ ਜੁਗਤੀਆਂ' | 150/- | |
| 42. 'ਮਾਨੁੱਖ ਤਨ ਦਾ ਪ੍ਰਯੋਜਨ' | 160/- | |
| 43. 'ਯੋਗਾ ਉਪਰ ਲੈਕਚਰ', | 30/- | |
| 44. 'ਕਰਮ ਬੰਧਨ ਤੋਂ ਮੁਕਤੀ' :- | 30/- | |
| 45. ਜੀਵਨ ਜੁਗਤਿ | 300/- | |
| 46. ਮਾਰਗ ਚੋਣ | 60/- | |
| 47. ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |

ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਉਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9592009106, 9417214379 ਤੇ ਸੂਚਿਤ ਕਰ ਸਕਦੇ ਹੋ ।

**Bank : Oriental Bank Of Commerce**
**A/c No. 11962011005435 A/c VGRMCT/Atam Marg Rtgs/Neft**
**Ifsc Code: ORBC0101196**

**Our Address: VGRMCT, Gurdwara Ishar Parkash, Ratwara Sahib, (Near Chandigarh) P.o. Mullanpur Garibdas, Teh. Kharar, Distt. Ajitgarh (Mohali) 140901, Pb. India**

**(Shahidi Divas of Guru Arjan Dev Ji - June 1, 2014)**

# Guru Arjan, the God Manifest

## (ਗੁਰੂ ਅਰਜਨ ਪ੍ਰਤੱਖ ਹਰਿ)

*Sant Waryam Singh Ji*

As soon as Akbar died the fanatical parties raised their head and came to occupy the country's stage. These included high caste members of both the religions – Hindus as well the Musalmans – people like Birbal, who were proud of their family, who looked on religion as a business and made bargains over it. Among them, blazed the fire of jealousy. The so-called *Acharyas* (religious leaders) and other bogus philosophers became the contractors of taking the people across the ocean of the world. They made a fool of the people and started amassing huge wealth from them. They were absolutely not fond of the popularly loved personality of Guru Arjan Sahib. Complaints were made against Guru Granth Sahib, charging that in this (Holy Scripture) there was the censure of Prophets and apostles of the *Vedas* and *Quran Sharif.* The Emperor heard the Bani of Guru Granth Sahib and made an offering of gold coins. Bhai Budhha Ji and Bhai Gurdas were offered *Saropas* (robes of honour). This was a humiliating defeat for the complainants. The conditions during the reign of Jahangir were different. Though he had declared that in the matter of giving justice, he would inflict punishment even on his beloved Queen Noor Jehan. But on the other hand, hostility against the Guru's family was increasing day by day in his mind, because these detractors, which included Prithia, Chandu Shah and other Pandits of this category were all in league with Mujaddad Alfsani and Sheikh Farid Bukhari. They were all the time pursuing conspiracies against the Guru's Divine Kingdom. They made so many false accusations against the Guru that Jahangir without giving much thought to the matter, turned against the Guru's regime. As a result; he seemed bent upon completely crushing this movement of peace (the *Sikh* Movement). So much contemptible hate for Gurus had been injected into his mind that he started issuing major proclamations, on the basis of the minor excuses. Sheikh Mujaddad Alfsani fully understood that if there was any major obstacle to the establishment of *Islamie* kingdom, it was the Voice of Truth, raised by the Fifth Sovereign Guru Arjun Dev. The Hindus and the Musalmans started sitting together at the same platform. He wanted to inflame Jehangir against the Guru. When Khusro raised the banner of revolt and was defeated, he crossed River *Beas* to meet the Sovereign Guru Arjun Dev at *Taran Taran Sahib*. According to the convention of Guru's *langar* (community kitchen) his hungry army men were fed in the *langar*; which was served to all without any distinction of caste or creed. This incident was very important which could be exploited to poison the mind of Jehangir. Prince Khusro

was arrested, his companions were put under harsh punishments, and Jahangir's collaborators were given rewards. These opponents could get no peace of mind till they had inflamed Jahangirs mind against Guru Arjan Dev. Guru Maharaj was summoned to Jehangirs Court at Lahore and without any enquiry capital punishment was announced against him under the *'yaasa'* rule. Such punishments are inflicted on the saints and the mendicants, so that their blood should not split on the earth.

Our historians record a large number of causes for this event, the chief of which is supposed to be the non-acceptance of the marriage proposal of Chandu's daughter for Guru's son, Guru Hargobind Sahib. This seems right, because Chandu had turned against Guru Maharaj over this very issue. Puffed up with pride, he was unmindful of his own insolence. He had said that he belonged to a high caste *Khatri* family, he held a big position and was a very honourable person. As against this, Guru Arjan Dev was only a wandering *faqir*, he had no property, he had no Govt. Office, addressing the priests who had returned after fixing the marriage with Guru Hargobind Sahib, he said, you have done a low act. You tried to put the brick of the superior room into the dirty water drain. His mind was filled with boundless hatred for Guru's family. This can be one of the reasons, but not all the reason.

There were many political reasons as well. Akbar was a devotee of Guru Maharaj beyond limit. Many of his officer's of the high rank both Hindu and Muslim had the best regards for Guru Maharaj; specially the *Subedar* (Provincial boss) of Lahore, Wazir Khan was one such. Also *Faquirs* (mendicants) of the exalted rank such as Mian Mir who wielded a vast influence on both the Hindu and the Musalmans, had the fullest faith on Guru Maharaj.

When the epidemic raged in Lahore the whole work of the burial of the dead and their obsequies was done without any distinction of caste or creed in the presence of Guru Maharaj. The needy were helped with clothes and food items. They were all ready to sacrifice themselves over Guru Maharaj. In addition the farmer class of Punjab looked upon Guru Maharaj as their Messiah; as when the famine broke out and they had no money to pay the land revenue, Guru Maharaj interceded on their behalf with the king and got their land revenue remitted. In this way, Guru Maharaj wielded a great influence in Punjab and also all over India. Jahangir was well-informed about all these facts; and he did not want any break with the Guru's establishment but the harsh fearful punishments inflicted (by the king) on the occasion of Amir Khusro's rebellion sent a shudder through the hearts of the people. So this was the occasion when the people would stay speechless, if the king entered into confrontation with the Guru's organisation. The opponents lodged a complaint that Guru Arjan Dev had helped Amir Khusro with money, that the Guru gave him food at his *langar* and had made a prayer on his behalf. These incidents were enough for him to have confrontation with Guru Ji, according to the preconceived scheme. This has been described in the book *Tuzke Jehangiri* (autobiography of

Jehangir) as follow :

"In the town of Goindwal on the bank of River Beas, there lived a Hindu named Arjan. He claimed to be a prophet and a saint. He had made a large number of simple-minded Hindus and low class Musalmans as his disciples. For a long time, it was in my mind to close down this shop of falsehood, or else to join Arjan Dev in the Muslim fraternity. In those days, Khusro passed by way of Goindwal. This simple-minded person served him and put him up at his abode. When I (Jehangir) heard of this event, I was confirmed in my mind of the falsehood and heresy of Arjan Dev, I gave orders to summon him into my presence. I also ordered him to make over his residence, his family members and children to *Murtazahan* (Sheikh Bukhari who was the obedient assistant of Sheikh Ahmed Sarhindi Mujadded Alfasani). All his property was confiscated. I ordered that he be tortured to death under the rule of *'yasa'*.

When Chandu sent his priest to arrange for the engagement of his daughter, he confirmed matrimonial proposal with Guru Hargobind Sahib. At the time of the betrothal ceremony held at Delhi, Chandu also invited some prominent Sikhs. There he spoke words of great pride. He said, O priest, you have not acted with full consideration. *My daughter is related to a very high class aristocratic family. She was the brick of a (palatial) rooms, you have filed that in the drain of dirty water.*

***ਕਨਿਆ ਈਟ ਚੁਬਾਰੇ ਕੀ ਮਮ***
***ਮੋਰੀ ਸਮ ਕੁਲ ਮਹਿ ਦੀ ਸੋਇ॥***

The devout Sikhs could not tolerate this slander of Guru Maharaj. They sent a letter to Guru Maharaj :

***Chandu, the villain considers himself a high palace.***
***And places Guru's house as drain.***
***He has used slanderous language for Guru's institution.***
***Therefore this marriage should not be selemonised.***

***ਆਪ ਚੁਬਾਰਾ ਬਨਿਓ ਪਾਪੀ।***
***ਗੁਰ ਕਾ ਘਰ ਇਨ ਮੋਰੀ ਥਾਪੀ।***
***ਨਿੰਦੀ ਯਾ ਬਿਧਿ ਉਨ ਗੁਰਗਾਦੀ।***
***ਕੀਏ ਨ ਚਾਹੀਏ ਇਨ ਕੇ ਸ਼ਾਦੀ।*** ***ਪੰਥ ਪ੍ਰਕਾਸ਼***

*They sent a letter through one of Guru's followers. It was read out to Bhai Buddha Ji, Bhai Gurdas Ji and other Sikhs, who were invited for the purpose. It was decided not to accept the engagement. They would prefer relationship with someone who was not haughty.*

***ਬਾਬੇ ਬੁੱਢੇ ਅਰ ਗੁਰਦਾਸ।***
***ਇਤਿਆਦਿਕ ਸਿੱਖ ਥੇ ਜੋ ਪਾਸ।***
***ਚਿੱਠੀ ਸਭ ਕੋ ਗੁਰੂ ਸੁਣਾਈ।***
***ਸਭ ਨੇ ਕਿਹੋ, ਨ ਲੇਹੁ ਸਗਾਈ।*** ***ਪੰਥ ਪ੍ਰਕਾਸ਼***

According to Suraj Prakash (book).

***We will not accept daughter of a non-believer, the one who has no love and consideration for the institution of Guru.***

***ਸਾਕਤ ਸੁਤਾ ਨ ਲੇਹਿੰਗੇ, ਨਹਿ ਸ਼ਰਧਾ ਗੁਰ ਭੌਨ।***

The *shagan* was returned. Chandu, in pride said, we are known as high class family of the royal *Khatris*. They are *sarins*; being inferior to us, they dare to return (reject) our engagement. Muhammad Latif writes, Chandu sent rupees one lakh, if they would accept the engagement. Guru Maharaj replied, even if they give the kingdom as a dowry, we cannot go against the verdict of the fraternity (Sikhs).

Chandu turned hostile. Prithi Chand had already been thinking very ill about Guru Arjan Dev because he (Prithi) had not

been given Guru-gaddi. On the other hand, the fanatical religious lunatics (extremists) both *Hindu* and *Muslim*, absolutely disliked the Gurus sunlight. All these got an opportunity to malign Guru Ji after the revolt of Khusro. A very powerful lobby always surrounded Jehangir, their objective being to harm Guru Maharaj. Guru's establishment which in the light of Guru Granth Sahib preached perfect unity between the Hindus & Muslims as the Guru was presented by devotees as having been born out of the Glory of Allah. Guru's high class knowledge – which shattered the bonds of *Sharah* (Muslim Gospel) and rejected its code of conduct – preached that man had not come to this world to be bound in the chains of religious sectarianism; his real purpose was to realise the God within, which could be achieved by accepting Gurbani (words of the Guru) and by making spiritual earnings. As the Guru ordains :

***This body, in whose heart is the light of the True One, is wholly meant to practise virtue.***
***Within it are hid the mysterious jewels. Some rare slave, through the Guru, mines them out.***
***When the mortal realises the All-pervading soul, then, does he see the One Lord contained everywhere and the only One, interwoven like warp and woof.***
***He sees the One Lord, he believes in the One Lord, and with his ears, he hears the tidings of the Lord alone.***
***Praise thou the Lord's Name, O slave nanak. This is thy service of the Truest of the true.***

***ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ।।***
***ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।।***
***ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ।।***
***ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ।।***
***ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ।।***
***ਅੰਗ – 309***

Guru Maharaj's teachings broke the black chains of superstitions and false ideas and unwanted ceremonies and practices, which the fanatics had wound round man. These teachings brought out the light of truth, gave the right direction to life and tell us that Waheguru (God) is steeped inside man and we can realise Him with the grace of the Guru. As is the Guru's commandment :

***Within the body-village, is the castle of the mind.***
***Within the city of the Tenth Gate, is the abode of the True Lord.***
***Ever stable and immaculate is this place. The Lord Himself has created it.***
***Within the fortress are balconies and bazars. The Lord Himself takes care of the goods.***
***The admantine doors of the Tenth Gate are knowingly closed and shut. Through the Guru's word, they are wide-opened.***
***Within the fortress, is the cave of Tenth Gate, the Lord's Home place.***
***By His order, the Lord of will has established nine apertures to the body-house.***
***The Incomputable and Infinite Lord abides in the Tenth Gate.***
***The Unseable God of Himself reveals His ownself.***

***ਕਾਇਆ ਨਗਰੁ ਨਗਰ ਗੜ ਅੰਦਰਿ।।***
***ਸਾਚਾ ਵਾਸਾ ਪੁਰਿ ਗਗਨੰਦਰਿ।।***
***ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ।।***
***ਅੰਦਰਿ ਕੋਟ ਛਜੇ ਹਟਨਾਲੇ।।***
***ਆਪੇ ਲੇਵੈ ਵਸਤੁ ਸਮਾਲੇ।।***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ।।***
***ਭੀਤਰਿ ਕੋਟ ਗੁਫਾ ਘਰ ਜਾਈ।।***
***ਨਉ ਘਰ ਥਾਪੇ ਹੁਕਮਿ ਰਜਾਈ।।***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ।।***
***ਅੰਗ – 1033***

Guru Maharaj was not in favour of going to the jungles and practising very sever penances, thus reducing the body to a very weak state. He ordained that by means of a healthy body and by keeping it disease-free and by following the rules of

*Moderate food and moderate sleep.*

***ਅਲਪ ਅਹਾਰ ਸੁਲਪ ਸੀ ਨਿੰਦ੍ਰਾ..............।।***

***ਪਾਤਸ਼ਾਹੀ 10***

we can search for God, who is immersed in every atom inside our ownself.

*Enshrine within thy mind the Lord's lotus feet and with thy tongue repeat the Lord's Name.*
*Contemplate over that Lord', O Nanak, and nurture this body of thine.*

***ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ।।***
***ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ।।***

***ਅੰਗ – 554***

Guru Maharaj's teaching was common for all humanity. He inspired us to be fearless by doing the jap of the Fearless (God); and he popularised this dictum :

*Nanak, God's Name is ever exalting and may all prosper by Thy Grace.*

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।***

*Bear not enmity to anyone.*
*In every heart the Lord is contained.*

***ਵਵਾ ਵੈਰੁ ਨ ਕਰੀਐ ਕਾਹੂ।।***
***ਘਟ ਘਟ ਅੰਤਰਿ ਬ੍ਰਹਮ ਸਮਾਹੂ।।*** ***ਅੰਗ – 259***

Guru Maharaj termed this outward universe as the visible shape of God. Also he fixed the complete *Avaita* philosophy of Non-duality in the heart of man, who was engrossed in ritualism.

*Now I see the Lord, hear of the Lord and narrate but the One Lord.*
*The Supreme Soul is the Lord, I know no other.*

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ।।***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।।***

***ਅੰਗ – 846***

He termed as meaningless, the rituals of each community for the attainment of God. He ordained that so long as there is no liquidation of moral deformities and so long as you do not cut the web of desires that enmesh you, till that time you can't achieve Waheguru. That is impossible. The deep path that the Guru showed us to keep company with the saints who have realised the Truth and who have the capacity to reach us to God, without binding us with any meshes. If we give careful consideration to the following commandment, the fundamental idea of the Gurus philosophy becomes very clear :

*The man reads holy texts and studies the Vedas. He practises inner-washing and breath control.*
*But he escapes not from the company of the five evil passions and is all the more tied to haughty disposition.*
*My dear, by these methods, the Lord is met not, and I have performed many such rituals.*
*I have dropped down weary at the Lord's door and pray for the grant of discerning intellect. Pause.*
*Man may remain mum, make his hands the leaf-plate and wander naked in the forest.*
*He may visit river banks, shrines and the whole earth, but duality leaves him not.*
*With his mind's desire he may go and abide at a place of pilgrimage and place his head under the saw but his soul's purity departs not thus, even though he may make lakhs of efforts.*
*He may be a man of bounty and give gifts of many sorts, like gold, women, horses and elephants.*
*He may offer corn, clothes and lands in abundance, but he arrives not at the Lord's*

*door.*

*He may remain attached, in love, to worship, adoration, prostrate salutation and six rites.*

*He takes pride, nay, excessive pride and falls into entanglements. By these means, he can meet not God.*

*The knowledge of the Yoga modes of union with the Lord and of the eighty four sitting postures of the men of miracles; He grows weary practising these as well.*

*He may attain long life, but without obtaining association with God, he is born again and again.*

*He may enjoy royal sports, indulge in the Kingly ostentations, and issue unchangeable orders;*

*He may have beauteous couches perfumed with the sandal aloewood scent. Such things lead him to the door of terrible hell.*

*Singing of God's praise in the saints' society is the highest of all the deeds.*

*Says Nanak, he alone obtains it, who is predestined to receive it.*

*Thy slave, O Lord, is inebriated with this love of Thine.*

*The Destroyer of the anguish of the moek has become merciful unto me and this soul of mine is imbued with the Lord God's praise. Pause.*

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥***
***ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥***
***ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥***
***ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥***
***ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥***
***ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥***
***ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥***
***ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥***
***ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥***
***ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥***
***ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥***
***ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥***
***ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥***
***ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥***
***ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥***
***ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥***
***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥***
***ਤੇਰੋ ਸੇਵਕੁ ਇਹ ਰੰਗਿ ਮਾਤਾ॥***
***ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ***
***ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥***

***ਅੰਗ - 641-42***

The Guru directed us to bathe in the inner pool of nectar, instead of going to take dip in the places of pilgrimage. Explaining the reality of wearing the sacred thread, he ordained that so long as mercy lives in one's heart, till contentment does not appear to take complete control of the mind, till one learns the habit of leading the life of truth, till one is able to establish complete restraint on all the sense organs, till then the sacred thread (*janeue*) has no capacity to expel the internal moral defects. Only the sacred thread worn with the word of the Guru and taking a dip in the pool of (God's) Name has the power to remove the filth of the inner mind. Guru Ji ordained that the biggest disease of all humanity is one's consciousness that he is separate from Waheguru. This is called *haume* (I-ness). This disease of *haume* can't be shattered, till one's consciousness to the sphere of *Nam*. The cure for the liquidation of *Haume* has been placed by God within our body itself.

*The nine treasures and the Nectar are Lord's Name.*

*Within the human body itself is its seat.*

*There in deep meditation and melody of celestial music there.*

*The wonder and marvel of it can not be narrated.*

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***

***ਸੁੰਨ ਸਮਾਧਿ ਅਨਹਤ ਤਹ ਨਾਦ।।***
***ਕਹਨੁ ਨ ਜਾਈ ਅਚਰਜ ਬਿਸਮਾਦ।। ਅੰਗ - 293***

***The medicine of God's Name is in every heart, O brother.***
***Except the Perfect Guru, no one knows the method to prepare it.***
***When the Perfect Guru administers the medicine after giving the directions, then, man sickens not again, O Nanak.***

***ਹਰਿ ਅਉਖਧੁ ਸਭ ਘਟ ਹੈ ਭਾਈ।।***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ।।***
***ਗੁਰਿ ਪੂਰੈ ਸੰਜਮੁ ਕਰਿ ਦੀਆ।।***
***ਨਾਨਕ ਤਉ ਫਿਰਿ ਦੂਖ ਨ ਥੀਆ।। ਅੰਗ - 259***

Thus this ideal of the Path of Light was understood by people who were caught in the mesh of superstitions and false customs. They were coming into the protection of the Guru, like the honey bees that come in swarms attracted by the fragrance of the flowers. All the so-called *Muslim* priests and preachers, also the *Pandits* who taught old time rituals, as also the governing circles were much disturbed by the awakening that was coming as a result of the teachings of the Guru. Guru was the sun that put to flight all darkness and those dark circles sought to cover that sun. The people were being made conscious of their own rights and the desirability to lead a life of self-respect. Today these are called human rights.

This consciousness of their rights by the people was widening day by day. The rulers were worried that if this organisation of awakened people rose to give battle to injustice and might is right, it would become very difficult to deal with them. In a way, it was a natural fight going on between truthful men and between the group, that stood for rule by force, for superstitions and false ideas, that was the real reason for the rulers opposition to guru's organisation. The Guru's writ of Light bestowed so much superiority on the faithful persons that their consciousness had coalesced with the divine as equal. Its significance was as under :

***He, who in his heart loves Lord's ordinance, is said to be the man having Salvation while alive.***
***As is joy, so is sorrow for him.***
***In that state, there is everlasting happiness and no separation from God.***
***As is gold, so is dust for him.***
***As is nectar, so is sour poison for him.***
***To him as is honour, so is dishonour.***
***As is the pauper, so is the king.***
